7-OCT-PAGE-1.qxd 10/6/2022 10:26 PM Page 1

ਸ਼ੁੱਕਰਵਾਰ, 7 ਅਕਤੂਬਰ, 2022
21 ਅੱਸੂ { ਨਾਨਕਸ਼ਾਹੀ 554, ਬਿਕਰਮੀ 2079 }
ਜਿਲਦ/VOL. : 71
ਅੰਕ/NO. : 127

# ਨਵਾਂ ਜ਼ਮਾਨਾ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

DAILY NAWAN ZAMANA • FRIDAY, 7 OCTOBER, 2022    ਜਲੰਧਰ    nawan zamana TV

ਕੀਮਤ/PRICE : 5.00 ਰੁਪਏ    Regd. No : Pb/JL-123/2021-23, (R.N.I.)-00068/57    E-mail : nawanzamana@gmail.com    www.nawanzamana.in    ਸਫ਼ੇ : 12

## ਰੁਪਈਆ ਹੋਰ ਡਿਗਿਆ

**ਮੁੰਬਈ :** ਕੱਚੇ ਤੇਲ ਦੀਆਂ ਕੀਮਤਾਂ 'ਚ ਭਾਰੀ ਉਤਰਾਅ-ਚੜ੍ਹਾਅ ਦਰਮਿਆਨ ਵੀਰਵਾਰ ਰੁਪੱਈਆ ਅਮਰੀਕੀ ਡਾਲਰ ਦੇ ਮੁਕਾਬਲੇ 32 ਪੈਸੇ ਡਿੱਗ ਕੇ 81.94 ਦੇ ਹੁਣ ਤੱਕ ਦੇ ਸਭ ਤੋਂ ਹੇਠਲੇ ਪੱਧਰ 'ਤੇ ਆ ਗਿਆ।

## ਹਵਾਈ ਅੱਡੇ 'ਤੇ 80 ਕਰੋੜ ਦੀ ਹੈਰੋਇਨ ਸਣੇ ਗ੍ਰਿਫ਼ਤਾਰ

**ਮੁੰਬਈ :** ਡੀ ਆਰ ਆਈ ਨੇ ਮੁੰਬਈ ਹਵਾਈ ਅੱਡੇ ਤੋਂ 80 ਕਰੋੜ ਰੁਪਏ ਦੀ ਕੀਮਤ ਦੀ 16 ਕਿਲੋ ਹੈਰੋਇਨ ਜ਼ਬਤ ਕੀਤੀ ਹੈ। ਖੁਫੀਆ ਸੂਚਨਾਵਾਂ ਦੇ ਆਧਾਰ 'ਤੇ ਬੁੱਧਵਾਰ ਕੇਰਲਾ ਦੇ ਯਾਤਰੀ ਨੂੰ ਰੋਕ ਕੇ ਉਸ ਦੇ ਸਾਮਾਨ ਦੀ ਤਲਾਸ਼ੀ ਲਈ ਗਈ ਤਾਂ ਪਾਬੰਦੀਸ਼ੁਦਾ ਪਦਾਰਥ ਬਰਾਮਦ ਹੋਇਆ। ਹੈਰੋਇਨ ਟਰਾਲੀ ਬੈਗ 'ਚ ਲੁਕਾ ਕੇ ਰੱਖੀ ਗਈ ਸੀ।

## 5 ਵਿਦਿਆਰਥੀਆਂ ਸਣੇ 9 ਦੀ ਹਾਦਸੇ 'ਚ ਮੌਤ

**ਪਲੱਕੜ :** ਕੇਰਲਾ ਦੇ ਪਲੱਕੜ ਜ਼ਿਲ੍ਹੇ ਦੇ ਵਡਕਾਂਚੇਰੀ ਵਿਖੇ ਨਿੱਜੀ ਟੂਰਿਸਟ ਬੱਸ ਅਤੇ ਕੇਰਲਾ ਰਾਜ ਸੜਕ ਆਵਾਜਾਈ ਨਿਗਮ ਦੀ ਬੱਸ ਦੀ ਟੱਕਰ 'ਚ ਪੰਜ ਵਿਦਿਆਰਥੀਆਂ ਤੇ ਇਕ ਅਧਿਆਪਕ ਸਮੇਤ 9 ਵਿਅਕਤੀਆਂ ਦੀ ਮੌਤ ਹੋ ਗਈ। ਹਾਦਸਾ ਬੁੱਧਵਾਰ ਰਾਤ ਕਰੀਬ 11.30 ਵਜੇ ਹੋਇਆ, ਜਦੋਂ ਤੇਜ਼ ਰਫਤਾਰ ਨਿੱਜੀ ਬੱਸ ਕਿਸੇ ਵਾਹਨ ਨੂੰ ਓਵਰਟੇਕ ਕਰਨ ਦੀ ਕੋਸ਼ਿਸ਼ ਦੌਰਾਨ ਨਿਗਮ ਦੀ ਬੱਸ ਨਾਲ ਟਕਰਾ ਗਈ।

## ਵਿਆਹ ਅੱਜ




**ਸੰਗਰੂਰ :** ਹਲਕਾ ਸੰਗਰੂਰ ਤੋਂ ਆਮ ਆਦਮੀ ਪਾਰਟੀ ਦੀ ਵਿਧਾਇਕ ਨਰਿੰਦਰ ਕੌਰ ਭਰਾਜ ਦਾ 7 ਅਕਤੂਬਰ ਨੂੰ ਮਨਦੀਪ ਸਿੰਘ ਲੱਖੇਵਾਲ ਨਾਲ ਵਿਆਹ ਹੋ ਰਿਹਾ ਹੈ। ਵਿਆਹ 'ਚ ਸਿਰਫ ਪਰਵਾਰਕ ਮੈਂਬਰ ਅਤੇ ਮੁੱਖ ਮੰਤਰੀ ਭਗਵੰਤ ਮਾਨ ਸ਼ਾਮਲ ਹੋਣਗੇ। ਲੱਖੇਵਾਲ ਪਾਰਟੀ ਦਾ ਜ਼ਿਲ੍ਹਾ ਪ੍ਰੈੱਸ ਇੰਚਾਰਜ ਹੈ। ਦੋਵੇਂ ਬਲਾਕ ਭਵਾਨੀਗੜ੍ਹ ਨਾਲ ਸੰਬੰਧਤ ਹਨ।

## ਜੈਸ਼ੰਕਰ ਨੇ ਨਿਊਜ਼ੀਲੈਂਡ ਕੋਲ ਵੀਜ਼ਿਆਂ ਦਾ ਮੁੱਦਾ ਉਠਾਇਆ

**ਆਕਲੈਂਡ :** ਵਿਦੇਸ਼ ਮੰਤਰੀ ਐੱਸ ਜੈਸ਼ੰਕਰ ਨੇ ਵੀਰਵਾਰ ਇਥੇ ਨਿਊ ਜ਼ੀਲੈਂਡ ਦੀ ਵਿਦੇਸ਼ ਮੰਤਰੀ ਨਨਯਾ ਮਾਹੂਤਾ ਨਾਲ ਗੱਲਬਾਤ ਵਿਚ ਕੋਵਿਡ-19 ਨਾਲ ਨਜਿੱਠਣ ਲਈ ਨਿਊ ਜ਼ੀਲੈਂਡ ਵੱਲੋਂ ਚੁੱਕੇ ਗਏ ਕਦਮਾਂ ਨਾਲ ਭਾਰਤੀ ਵਿਦਿਆਰਥੀਆਂ ਦੇ ਪ੍ਰਭਾਵਤ ਹੋਣ ਦਾ ਮੁੱਦਾ ਵੀ ਉਠਾਇਆ। ਉਨ੍ਹਾ ਨਿਊ ਜ਼ੀਲੈਂਡ 'ਚ ਪੜ੍ਹਾਈ ਕਰਨ ਦੇ ਚਾਹਵਾਨ ਭਾਰਤੀ ਵਿਦਿਆਰਥੀਆਂ ਲਈ ਵੀਜ਼ਾ ਜਾਰੀ ਕਰਨ ਦੀ ਪ੍ਰਕਿਰਿਆ 'ਚ ਤੇਜ਼ੀ ਲਿਆਉਣ ਦੀ ਅਪੀਲ ਕੀਤੀ। ਨਿਊ ਜ਼ੀਲੈਂਡ ਵਿਚ ਪੜ੍ਹਾਈ ਲਈ ਆਉਣ ਵਾਲੇ ਵਿਦੇਸ਼ੀ ਵਿਦਿਆਰਥੀਆਂ ਦੀ ਗਿਣਤੀ ਦੇ ਮਾਮਲੇ ਵਿਚ ਭਾਰਤ ਦੂਜੇ ਨੰਬਰ 'ਤੇ ਹੈ।

# ਅਮਰੀਕਾ ਤੋਂ ਥਾਈਲੈਂਡ ਤੱਕ ਖ਼ੂਨ ਦੇ ਛਿੱਟੇ

## ਕੈਲੀਫੋਰਨੀਆ 'ਚ ਅਗਵਾ ਚਾਰ ਪੰਜਾਬੀ ਜੀਆਂ ਨੂੰ ਬਚਾਅ ਨਹੀਂ ਸਕੀ ਪੁਲਸ

**ਸਾਨਫਰਾਂਸਿਸਕੋ :** ਅਮਰੀਕਾ ਦੇ ਕੈਲੀਫੋਰਨੀਆ ਵਿਚ ਅਗਵਾ ਕੀਤੇ ਗਏ ਚਾਰ ਪੰਜਾਬੀ ਜੀਅ ਜਿਉਂਦੇ ਨਹੀਂ ਮਿਲੇ, ਸਗੋਂ ਇਕ ਬਾਗ ਵਿੱਚੋਂ ਉਨ੍ਹਾਂ ਦੀਆਂ ਲਾਸ਼ਾਂ ਮਿਲੀਆਂ।

ਹੁਸ਼ਿਆਰਪੁਰ ਜ਼ਿਲ੍ਹੇ ਦੇ ਹਰਸੀ ਪਿੰਡ ਦੇ ਰਹਿਣ ਵਾਲੇ ਇਸ ਪਰਵਾਰ ਨੂੰ ਸੋਮਵਾਰ ਅਗਵਾ ਕਰ ਲਿਆ ਗਿਆ ਸੀ। ਮਰਸਡ ਕਾਊਂਟੀ ਦੇ ਸ਼ੈਰਿਫ ਵਰਨ ਵਾਰਨੇਕੇ ਨੇ ਦੱਸਿਆ ਕਿ ਅੱਠ ਮਹੀਨਿਆਂ ਦੀ ਅਰੂਹੀ ਢੇਰੀ, ਉਸ ਦੀ ਮਾਂ ਜਸਲੀਨ ਕੌਰ (27), ਪਿਤਾ ਜਸਦੀਪ ਸਿੰਘ (36) ਅਤੇ ਜਸਦੀਪ ਦੇ ਭਰਾ ਅਮਨਦੀਪ ਸਿੰਘ (39) ਦੀਆਂ ਲਾਸ਼ਾਂ ਇੰਡੀਆਨਾ ਰੋਡ ਅਤੇ ਹਚਿਨਸਨ ਰੋਡ ਨੇੜੇ ਬਾਗ ਵਿੱਚੋਂ ਮਿਲੀਆਂ ਹਨ। ਬਾਗ ਦੇ ਕੋਲ ਖੇਤਾਂ 'ਚ ਕੰਮ ਕਰ ਰਹੇ ਮਜ਼ਦੂਰ ਨੇ ਲਾਸ਼ਾਂ ਦੇਖੀਆਂ ਅਤੇ ਤੁਰੰਤ ਅਧਿਕਾਰੀਆਂ ਨੂੰ ਸੂਚਤ ਕੀਤਾ। ਸ਼ੈਰਿਫ ਨੇ ਮਾਮਲੇ ਦੇ ਸ਼ੱਕੀ ਜੀਸਸ ਮੈਨੂਅਲ ਸਲਗਾਡੋ ਬਾਰੇ ਕਿਹਾ—ਇਸ ਆਦਮੀ ਨੂੰ ਨਰਕ 'ਚ ਜਗ੍ਹਾ ਮਿਲੇਗੀ।

ਘਟਨਾ ਦੀ ਵੀਡੀਓ ਸਾਹਮਣੇ ਆਈ ਹੈ, ਜਿਸ 'ਚ ਪਹਿਲਾਂ ਜਸਦੀਪ ਅਤੇ ਅਮਨਦੀਪ ਘਰ ਵਿਚੋਂ ਬਾਹਰ ਨਿਕਲਦੇ ਨਜ਼ਰ ਆ ਰਹੇ ਹਨ ਅਤੇ ਉਨ੍ਹਾਂ ਦੇ ਹੱਥ ਬੰਨ੍ਹੇ ਹੋਏ ਹਨ। ਇਸ ਤੋਂ ਬਾਅਦ ਅਗਵਾਕਾਰ ਜਸਲੀਨ ਅਤੇ ਅੱਠ ਮਹੀਨੇ ਦੀ ਬੱਚੀ ਨੂੰ ਬਾਹਰ ਕੱਢਦਾ ਨਜ਼ਰ ਆ ਰਿਹਾ ਹੈ। ਸਲਗਾਡੋ ਨੂੰ ਮੰਗਲਵਾਰ ਦੁਪਹਿਰ ਨੂੰ ਹਿਰਾਸਤ 'ਚ ਲਿਆ ਗਿਆ। ਉਸ ਨੇ ਖੁਦਕੁਸ਼ੀ ਕਰਨ ਦੀ ਕੋਸ਼ਿਸ਼ ਕੀਤੀ ਸੀ ਅਤੇ ਹਸਪਤਾਲ 'ਚ ਦਾਖਲ ਹੈ।

ਚੌਹਾਂ ਜੀਆਂ ਨੂੰ ਗੋਲੀਆਂ ਮਾਰ ਕੇ ਮਾਰਨ ਦੀ ਘਟਨਾ ਨੇ ਉਨ੍ਹਾਂ ਦੇ ਪੰਜਾਬ ਵਿਚਲੇ ਰਿਸ਼ਤੇਦਾਰਾਂ ਨੂੰ ਹਿਲਾ ਕੇ ਰੱਖ ਦਿੱਤਾ ਹੈ। ਉਨ੍ਹਾਂ ਦੇ ਘਰ ਹਮਦਰਦੀ ਪ੍ਰਗਟਾਉਣ ਪੁੱਜੇ ਲੋਕਾਂ ਨੇ ਕਿਹਾ ਕਿ ਉਹ ਸੋਚ ਵੀ ਨਹੀਂ ਸਕਦੇ ਕਿ ਅਮਰੀਕਾ ਵਰਗੇ ਦੇਸ਼ ਵਿਚ ਇੰਜ ਹੋ ਸਕਦਾ ਹੈ।

ਜਲੰਧਰ ਦੇ ਪਿੰਡ ਜੰਡੀਰ ਦੀ ਜਸਲੀਨ ਦੀ ਭਰਜਾਈ ਅਮਨਦੀਪ ਕੌਰ ਨੇ ਕਿਹਾ ਕਿ ਉਹ ਇਹ ਘਾਟਾ ਜ਼ਰ ਨਹੀਂ ਸਕਦੇ। ਜਸਲੀਨ ਦੀ ਮਾਂ ਗੁਰਮੀਤ ਕੌਰ ਤੇ ਕਿਸਾਨ ਪਿਤਾ ਗੁਰਨਾਮ ਸਿੰਘ ਦੀ ਹਾਲਤ ਦੇਖੀ ਨਹੀਂ ਜਾ ਰਹੀ ਸੀ। ਗੁਰਨਾਮ ਸਿੰਘ ਨੇ ਬੁੱਧਵਾਰ ਦੱਸਿਆ ਸੀ ਕਿ ਜਸਲੀਨ ਦਾ ਵਿਆਹ ਜਨਵਰੀ 2019 ਵਿਚ ਜਸਦੀਪ ਨਾਲ ਕੀਤਾ ਸੀ ਤੇ ਉਹ ਅਕਤੂਬਰ 2020 ਵਿਚ ਅਮਰੀਕਾ ਚਲੇ ਗਈ। ਉਸ ਨੇ ਜਨਵਰੀ 2023 ਵਿਚ ਪੰਜਾਬ ਆਉਣ ਦੀ ਗੱਲ ਕਹੀ ਸੀ। ਉਹ ਆਪਣੀ ਦੋਹਤੀ ਦੇ ਪਹਿਲੀ ਵਾਰ ਪਿੰਡ




● ਬਾਕੀ ਸਫ਼ਾ 2 'ਤੇ

## ਬਰਖਾਸਤ ਪੁਲਸ ਅਫਸਰ ਨੇ ਗੋਲੀਆਂ ਵਰ੍ਹਾ ਕੇ 22 ਬਾਲਾਂ ਸਣੇ 34 ਲੋਕ ਮਾਰ'ਤੇ



**ਬੈਂਕਾਕ :** ਸਾਬਕਾ ਪੁਲਸ ਅਫਸਰ ਨੇ ਥਾਈਲੈਂਡ ਦੇ ਉੱਤਰ-ਪੂਰਬੀ ਸੂਬੇ ਵਿਚ ਡੇ-ਕੇਅਰ ਸੈਂਟਰ ਵਿਚ ਗੋਲੀਆਂ ਚਲਾ ਕੇ 22 ਬੱਚਿਆਂ ਸਣੇ 34 ਲੋਕਾਂ ਨੂੰ ਮਾਰ ਦਿੱਤਾ। ਫਿਰ ਆਪਣੀ ਪਤਨੀ ਤੇ ਬੱਚੇ ਨੂੰ ਮਾਰ ਕੇ ਖੁਦਕੁਸ਼ੀ ਕਰ ਲਈ। ਪੁਲਸ ਮੁਤਾਬਕ ਮ੍ਰਿਤਕਾਂ ਵਿਚ ਦੋ ਸਾਲ ਤੱਕ ਦੇ ਬੱਚੇ ਵੀ ਸਨ। ਬੰਦੂਕਧਾਰੀ ਨੇ ਨੋਂਗਬੁਆ ਲੰਫੂ ਕਸਬੇ ਵਿਚ ਸਥਿਤ ਸੈਂਟਰ 'ਚ ਬਾਅਦ ਦੁਪਹਿਰ ਗੋਲੀਆਂ ਚਲਾਈਆਂ। ਸਾਬਕਾ ਪੁਲਸ ਅਫਸਰ ਕਾਰਪੋਰਲ ਪਾਨਯਾ ਖਮਰਬ (34) ਬੰਦੂਕਾਂ ਤੇ ਚਾਕੂਆਂ ਨਾਲ ਲੈਸ ਸੀ। ਡਰੱਗ ਸੰਬੰਧੀ ਮਾਮਲੇ ਵਿਚ ਉਸ ਨੂੰ ਪੁਲਸ ਵਿੱਚੋਂ ਹਟਾ ਦਿੱਤਾ ਗਿਆ ਸੀ। ਉਹ ਲੰਚ ਟਾਈਮ ਵੇਲੇ ਸੈਂਟਰ ਵਿਚ ਪੁੱਜਾ। ਉਦੋਂ ਉਥੇ ਕਰੀਬ 30 ਬੱਚੇ ਸਨ। ਪਹਿਲਾਂ ਉਸ ਨੇ ਸਟਾਫ ਦੇ ਚਾਰ-ਪੰਜ ਮੈਂਬਰਾਂ ਨੂੰ ਮਾਰਿਆ। ਇਨ੍ਹਾਂ ਵਿਚ ਅੱਠ ਮਹੀਨਿਆਂ ਦੀ ਗਰਭਵਤੀ ਟੀਚਰ ਵੀ ਸੀ। ਫਿਰ ਇਕ ਕਮਰੇ ਵਿਚ ਵੜਿਆ, ਜਿਥੇ ਬੱਚੇ ਸੌਂ ਰਹੇ ਸਨ। ਗੋਲੀਆਂ ਚੱਲਣ ਵੇਲੇ ਨੇੜੇ ਹੀ ਕੰਮ ਕਰ ਰਹੇ ਅਧਿਕਾਰੀ ਜਿਡਾਪਾ ਬੂਨਸੋਮ ਨੇ ਸੋਚਿਆ ਕਿ ਪਟਾਕੇ ਚੱਲ ਰਹੇ ਹਨ। ਬਾਅਦ ਵਿਚ ਗੋਲੀਬਾਰੀ ਦਾ ਪਤਾ ਲੱਗਿਆ।

ਵੁੱਠੂਚਾਈ ਬਾਓਥਾਂਗ ਨਾਂਅ ਦੇ ਇਕ ਵਿਅਕਤੀ ਨੇ ਘਟਨਾ ਦੀ ਵੀਡੀਓ ਸ਼ੇਅਰ ਕਰਦਿਆਂ ਕਿਹਾ ਕਿ ਉਸ ਦਾ ਭਤੀਜਾ ਵੀ ਸੈਂਟਰ ਵਿਚ

● ਬਾਕੀ ਸਫ਼ਾ 2 'ਤੇ

## ਇੰਡੀਆਨਾ 'ਚ ਭਾਰਤੀ ਮੂਲ ਦਾ ਵਿਦਿਆਰਥੀ ਮਰਿਆ ਮਿਲਿਆ



**ਵਾਸ਼ਿੰਗਟਨ :** ਅਮਰੀਕਾ ਦੇ ਇੰਡੀਆਨਾ ਸੂਬੇ ਦੀ ਯੂਨੀਵਰਸਿਟੀ ਕੈਂਪਸ ਦੇ ਹੋਸਟਲ ਵਿਚ ਭਾਰਤੀ ਮੂਲ ਦੇ 20 ਸਾਲਾ ਵਿਦਿਆਰਥੀ ਦੀ ਮੌਤ ਹੋ ਗਈ ਅਤੇ ਉਸ ਦੇ ਨਾਲ ਰਹਿਣ ਵਾਲੇ ਕੋਰੀਆਈ ਵਿਦਿਆਰਥੀ ਨੂੰ ਹਿਰਾਸਤ ਵਿਚ ਲੈ ਲਿਆ ਗਿਆ ਸੀ। ਪੁਲਸ ਨੇ ਦੱਸਿਆ ਕਿ ਇੰਡੀਆਨਾ ਪੋਲਿਸ ਨਿਵਾਸੀ ਵਰੁਣ ਮਨੀਸ਼ ਛੇੜਾ ਪਰਡਿਊ ਯੂਨੀਵਰਸਿਟੀ ਕੈਂਪਸ ਦੇ ਪੱਛਮੀ ਸਿਰੇ 'ਤੇ ਸਥਿਤ ਮੈਕਚੀਅਨ ਹਾਲ 'ਚ ਮਰਿਆ ਮਿਲਿਆ। ਸਾਈਬਰ ਸੁਰੱਖਿਆ ਦੀ ਪੜ੍ਹਾਈ ਕਰ ਰਹੇ ਸਿਓਲ ਦੇ ਰਹਿਣ ਵਾਲੇ ਕੋਰੀਆਈ ਵਿਦਿਆਰਥੀ ਜੀ ਮਿਨ ਜਿੰਮੀ ਸਾ ਨੇ ਮੰਗਲਵਾਰ ਦੇਰ ਰਾਤ 12.45 ਵਜੇ 911 ਸੇਵਾ 'ਤੇ ਕਾਲ ਕੀਤੀ ਅਤੇ ਪੁਲਸ ਨੂੰ ਵਰੁਣ ਦੀ ਮੌਤ ਦੀ ਸੂਚਨਾ ਦਿੱਤੀ। ਵਰੁਣ ਪਰਡਿਊ ਯੂਨੀਵਰਸਿਟੀ 'ਚ ਡਾਟਾ ਸਾਇੰਸ ਦੀ ਪੜ੍ਹਾਈ ਕਰ ਰਿਹਾ ਸੀ। ਮੁਢਲੀ ਪੋਸਟ-ਮਾਰਟਮ ਰਿਪੋਰਟ ਅਨੁਸਾਰ ਵਰੁਣ ਦੀ ਮੌਤ ਕਈ ਘਾਤਕ ਸੱਟਾਂ ਕਾਰਨ ਹੋਈ ਹੈ ਅਤੇ ਸ਼ੱਕ ਹੈ ਕਿ ਉਸ ਦੀ ਹੱਤਿਆ ਕੀਤੀ ਗਈ ਹੈ।

## ਮੇਅਰ ਸਣੇ 18 ਲੋਕਾਂ ਦੀ ਹੱਤਿਆ

**ਮੈਕਸੀਕੋ :** ਬੰਦੂਕਧਾਰੀਆਂ ਨੇ ਗੋਲੀਆਂ ਚਲਾ ਕੇ ਮੇਅਰ ਸਮੇਤ 18 ਲੋਕਾਂ ਨੂੰ ਮਾਰ ਦਿੱਤਾ। ਇਹ ਘਟਨਾ ਦੱਖਣ-ਪੱਛਮ ਮੈਕਸੀਕੋ ਦੇ ਗੁਅਰੇਰੋ ਸ਼ਹਿਰ ਵਿਚ ਵਾਪਰੀ। ਮਰਨ ਵਾਲਿਆਂ ਵਿਚ 12 ਸਾਲਾ ਬੱਚਾ ਵੀ ਸ਼ਾਮਲ ਹੈ। ਸੂਬੇ ਦੇ ਗਵਰਨਰ ਇਵੈਲਿਨ ਸੈਲਗਾਡੋ ਪੀਨੇਡਾ ਨੇ ਸੈਨ ਮਿਗੁਅਲ ਟੋਟੋਲਾਪਨ ਦੇ ਮੇਅਰ ਕੋਨਰਾਡੋ ਮੈਨਡੋਜ਼ਾ ਅਲਮੇਡ਼ਾ ਦੀ ਮੌਤ 'ਤੇ ਅਫਸੋਸ ਪ੍ਰਗਟ ਕੀਤਾ ਹੈ। ਗੋਲੀਬਾਰੀ ਸੰਗਠਤ ਅਪਰਾਧ ਦਾ ਹਿੱਸਾ ਮੰਨੀ ਜਾ ਰਹੀ ਹੈ।

## ਇਕ ਕਰੋੜ ਦੇ ਬਲੈਂਕ ਚੈੱਕ ਲੈ ਕੇ ਕੈਸ਼ ਕਰਾਉਣ ਦੇ ਦੋਸ਼ 'ਚ ਏ ਆਈ ਜੀ ਗ੍ਰਿਫ਼ਤਾਰ



**ਚੰਡੀਗੜ੍ਹ, (ਗੁਰਜੀਤ ਬਿੱਲਾ)** -ਵਿਜੀਲੈਂਸ ਬਿਊਰੋ ਪੰਜਾਬ ਨੇ ਵੀਰਵਾਰ ਅਸਿਸਟੈਂਟ ਇੰਸਪੈਕਟਰ ਜਨਰਲ ਆਫ ਪੁਲਸ ਅਸ਼ੀਸ਼ ਕਪੂਰ, ਜੋ ਕਿ ਹੁਣ ਕਮਾਂਡੈਂਟ ਚੌਥੀ ਆਈ ਆਰ ਬੀ ਪਠਾਨਕੋਟ ਦੇ ਅਹੁਦੇ 'ਤੇ ਤਾਇਨਾਤ ਹੈ, ਨੂੰ ਵੱਖ-ਵੱਖ ਚੈੱਕਾਂ ਰਾਹੀਂ ਇੱਕ ਕਰੋੜ ਰੁਪਏ ਦੀ ਰਿਸ਼ਵਤ ਲੈਣ ਦੇ ਦੋਸ਼ ਹੇਠ ਗ੍ਰਿਫਤਾਰ ਕਰ ਲਿਆ। ਇਸ ਮੁਕੱਦਮੇ ਵਿੱਚ ਡੀ ਐੱਸ ਪੀ ਇੰਟੈਲੀਜੈਂਸ ਪਵਨ ਕੁਮਾਰ ਅਤੇ ਏ ਐੱਸ ਆਈ ਹਰਜਿੰਦਰ ਸਿੰਘ ਨੂੰ ਵੀ ਮੁਲਜ਼ਮ ਵਜੋਂ ਨਾਮਜ਼ਦ ਕੀਤਾ ਗਿਆ ਹੈ। ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਵਿਜੀਲੈਂਸ ਬਿਊਰੋ ਨੇ ਉਪਰੋਕਤ ਤਿੰਨੇ ਮੁਲਜ਼ਮਾਂ ਖਿਲਾਫ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਦੀ ਧਾਰਾ 7, 7-ਏ ਅਤੇ ਆਈ ਪੀ ਸੀ ਦੀ ਧਾਰਾ 420, 120-ਬੀ ਤਹਿਤ ਕੇਸ ਦਰਜ ਕੀਤਾ ਹੈ ਤੇ ਇਸ ਮਾਮਲੇ ਦੀ ਅਗਲੇਰੀ ਜਾਂਚ ਜਾਰੀ ਹੈ।

ਬੁਲਾਰੇ ਨੇ ਦੱਸਿਆ ਕਿ ਸਾਲ 2016 ਵਿੱਚ ਕੇਂਦਰੀ ਜੇਲ੍ਹ ਅੰਮ੍ਰਿਤਸਰ ਵਿਖੇ ਬਤੌਰ ਸੁਪਰਡੈਂਟ ਤਾਇਨਾਤੀ ਦੌਰਾਨ ਅਸ਼ੀਸ਼ ਕਪੂਰ ਦੀ ਜਾਣ-ਪਛਾਣ ਸੈਕਟਰ 30, ਕੁਰੂਕਸ਼ੇਤਰ (ਹਰਿਆਣਾ) ਦੀ ਪੂਨਮ ਰਾਜਨ ਨਾਮਕ ਔਰਤ ਨਾਲ ਹੋ ਗਈ ਸੀ, ਜੋ ਕਿ ਕਿਸੇ ਕੇਸ ਵਿੱਚ ਜੇਲ੍ਹ ਵਿੱਚ

● ਬਾਕੀ ਸਫ਼ਾ 2 'ਤੇ

## ਸੋਨੀਆ ਗਾਂਧੀ ਵੀ ਭਾਰਤ ਜੋੜੋ ਯਾਤਰਾ 'ਚ ਸ਼ਾਮਲ





ਮਾਂਡਿਆ (ਕਰਨਾਟਕ)-ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨੇ ਵੀਰਵਾਰ 'ਭਾਰਤ ਜੋੜੋ ਯਾਤਰਾ' ਵਿਚ ਸ਼ਾਮਲ ਹੋ ਕੇ ਰਾਹੁਲ ਗਾਂਧੀ ਅਤੇ ਹੋਰ 'ਭਾਰਤ ਯਾਤਰੀਆਂ' ਨਾਲ ਪਦ ਯਾਤਰਾ ਕੀਤੀ। ਸੋਨੀਆ ਨੇ ਮਾਂਡਿਆ ਜ਼ਿਲ੍ਹੇ 'ਚ ਕਰੀਬ ਕਿਲੋਮੀਟਰ ਤੱਕ ਪਦ ਯਾਤਰਾ ਕੀਤੀ। ਇਸ 'ਤੇ ਟਿੱਪਣੀ ਕਰਦਿਆਂ ਕਰਨਾਟਕ ਦੇ ਭਾਜਪਾ ਮੁੱਖ ਮੰਤਰੀ ਬਸਵਰਾਜ ਬੋਮਈ ਨੇ ਕਿਹਾ—ਆਈ ਸੀ, ਅੱਧਾ ਕਿਲੋਮੀਟਰ ਤੁਰੀ ਤੇ ਚਲੇ ਗਈ।

## ਕੈਦੀ ਫ਼ਰਾਰ ਹੋਣ 'ਤੇ ਪਟਿਆਲਾ ਜੇਲ੍ਹ ਦੇ ਕਈ ਅਧਿਕਾਰੀ ਮੁਅੱਤਲ

**ਚੰਡੀਗੜ੍ਹ, (ਗੁਰਜੀਤ ਬਿੱਲਾ)**-ਕੈਦੀ ਦੇ ਫਰਾਰ ਹੋਣ ਸਬੰਧੀ ਮਾਮਲੇ ਵਿਚ ਜੇਲ੍ਹ ਵਿਭਾਗ ਨੇ ਵੀਰਵਾਰ ਨੂੰ ਡਿਪਟੀ ਸੁਪਰਡੈਂਟ ਸੁਰੱਖਿਆ ਪਟਿਆਲਾ ਜੇਲ੍ਹ, ਵਾਰੰਟ ਅਫਸਰ ਪਟਿਆਲਾ ਅਤੇ ਦੋ ਵਾਰਡਰਾਂ ਨੂੰ ਮੁਅੱਤਲ ਕਰ ਦਿੱਤਾ ਗਿਆ ਹੈ। ਜਾਰੀ ਹੁਕਮਾਂ ਅਨੁਸਾਰ ਜੇਲ੍ਹ ਸੁਰੱਖਿਆ ਲਈ ਤਾਇਨਾਤ ਡੀ. ਐਸ. ਪੀ. (ਸੁਰੱਖਿਆ) ਵਰੁਣ ਸ਼ਰਮਾ, ਪਟਿਆਲਾ ਜੇਲ੍ਹ ਦੇ ਅਸਿਸਟੈਂਟ ਸੁਪਰਡੈਂਟ- ਕਮ- ਵਾਰੰਟ ਅਫਸਰ ਹਰਬੰਸ ਸਿੰਘ, ਜੇਲ੍ਹ ਵਾਰਡਰ ਸਤਪਾਲ ਸਿੰਘ ਬੈਲਟ ਨੰਬਰ 707 ਅਤੇ ਮਨਦੀਪ ਸਿੰਘ ਬੈਲਟ ਨੰਬਰ 562 ਨੂੰ ਮੁਅੱਤਲ ਕਰ ਦਿੱਤਾ ਗਿਆ ਹੈ।

ਇਸ ਤੋਂ ਇਲਾਵਾ ਜੇਲ੍ਹ ਸੁਪਰਡੈਂਟ ਪਟਿਆਲਾ ਮਨਜੀਤ ਸਿੰਘ ਟਿਵਾਣਾ ਅਤੇ ਅਸਿਸਟੈਂਟ ਜੇਲ੍ਹ ਸੁਪਰਡੈਂਟ ਪਟਿਆਲਾ ਜਗਜੀਤ ਸਿੰਘ ਨੂੰ ਕਾਰਨ ਦੱਸੋ ਨੋਟਿਸ ਜਾਰੀ ਕੀਤਾ ਗਿਆ ਹੈ। ਦੱਸਣਯੋਗ ਹੈ ਕਿ ਪਟਿਆਲਾ ਜੇਲ੍ਹ ਦੇ ਘੱਗਾ ਬਲਾਕ ਦੇ ਦੇਦਨਾ ਪਿੰਡ ਦਾ ਰਹਿਣ ਵਾਲਾ ਅਮਰੀਕ ਸਿੰਘ ਪਟਿਆਲਾ ਜੇਲ੍ਹ ਵਿਚ ਸਜਾ ਕੱਟ ਰਿਹਾ ਸੀ, ਜਿਥੋਂ ਉਹ ਇਲਾਜ ਦੇ ਬਹਾਨੇ ਰਜਿੰਦਰ ਹਸਪਤਾਲ ਵਿਚ ਦਾਖਲ ਹੋਇਆ ਸੀ ਤੇ ਜੇਲ੍ਹ ਸਟਾਫ ਦੀ ਲਾਪ੍ਰਵਾਹੀ ਕਾਰਨ ਉਕਤ ਕੈਦੀ ਹਸਪਤਾਲ ਵਿਚੋਂ ਭੱਜਣ ਵਿੱਚ ਕਾਮਯਾਬ ਹੋਇਆ ਸੀ।

## ਮੁਕੇਸ਼ ਅੰਬਾਨੀ ਨੂੰ ਧਮਕਾਉਣ ਵਾਲਾ ਬਿਹਾਰ ਤੋਂ ਨੱਪਿਆ

**ਮੁੰਬਈ :** ਉਦਯੋਗਪਤੀ ਮੁਕੇਸ਼ ਅੰਬਾਨੀ ਅਤੇ ਉਨ੍ਹਾ ਦੇ ਪਰਵਾਰ ਨੂੰ ਜਾਨੋਂ ਮਾਰਨ ਦੀ ਧਮਕੀ ਦੇਣ ਵਾਲੇ ਬਿਹਾਰ ਦੇ ਵਿਅਕਤੀ ਨੂੰ ਮੁੰਬਈ ਪੁਲਸ ਨੇ ਹਿਰਾਸਤ 'ਚ ਲਿਆ ਹੈ। ਪੁਲਸ ਦੀ ਟੀਮ ਨੇ ਬੁੱਧਵਾਰ ਅੱਧੀ ਰਾਤ ਨੂੰ ਦਰਭੰਗਾ ਜ਼ਿਲ੍ਹੇ ਤੋਂ ਮਸ਼ਕੂਕ ਨੂੰ ਫੜ ਕੇ ਮੁੰਬਈ ਲਿਆਂਦਾ। ਧਮਕੀ ਬੀਤੇ ਦਿਨ ਫੋਨ ਰਾਹੀਂ ਦਿੱਤੀ ਗਈ ਸੀ।

### 7 ਹੋਰ ਪਰਬਤਾਰੋਹੀਆਂ ਦੀਆਂ ਲਾਸ਼ਾਂ ਬਰਾਮਦ

**ਪੌੜੀ :** ਉੱਤਰਾਖੰਡ ਦੇ ਉੱਤਰਕਾਸ਼ੀ 'ਚ ਦਰੋਪਦੀ ਕਾ ਡੰਡਾ ਚੋਟੀ ਤੋਂ ਬਰਫ ਦੇ ਤੋਦੇ ਡਿੱਗਣ ਕਰਕੇ ਵਾਪਰੇ ਹਾਦਸੇ 'ਚ ਵੀਰਵਾਰ 7 ਹੋਰ ਲਾਸ਼ਾਂ ਬਰਾਮਦ ਹੋਈਆਂ। ਇਹ ਸਿਖਿਆਰਥੀ ਪਰਬਤਾਰੋਹੀ ਨਹਿਰੂ ਇੰਸਟੀਚਿਊਟ ਆਫ ਮਾਊਨਟੇਨਰਿੰਗ ਦੀ 41 ਮੈਂਬਰੀ ਟੀਮ ਦਾ ਹਿੱਸਾ ਸਨ, ਜੋ ਪਰਤਦਿਆਂ ਤੋਦਿਆਂ ਦੀ ਜ਼ਦ 'ਚ ਆ ਗਈ ਸੀ। ਇੰਸਟੀਚਿਊਟ ਨੇ ਕਿਹਾ ਕਿ ਹਾਦਸੇ 'ਚ ਮਰਨ ਵਾਲੇ ਪਰਬਤਾਰੋਹੀਆਂ ਦੀ ਗਿਣਤੀ 16 ਹੋ ਗਈ ਹੈ।

## ਰਾਸ਼ਟਰਪਤੀ ਲਈ ਚਮਚਾਗਿਰੀ ਸ਼ਬਦ ਵਰਤਣ ਵਾਲੇ ਡਾ. ਉਦਿਤ ਰਾਜ ਸਟੈਂਡ 'ਤੇ ਕਾਇਮ



**ਨਵੀਂ ਦਿੱਲੀ :** ਕਾਂਗਰਸ ਆਗੂ ਡਾ. ਉਦਿਤ ਰਾਜ ਦੀ ਰਾਸ਼ਟਰਪਤੀ ਦਰੋਪਦੀ ਮੁਰਮੂ ਬਾਰੇ ਟਿੱਪਣੀ ਨੇ ਕਲੇਸ਼ ਪਾ ਦਿੱਤਾ ਹੈ। ਰਾਜ ਨੇ ਰਾਸ਼ਟਰਪਤੀ ਲਈ ਚਮਚਾਗਿਰੀ ਸ਼ਬਦ ਦੀ ਵਰਤੋਂ ਕੀਤੀ ਸੀ ਤੇ ਭਾਜਪਾ ਨੇ ਕਿਹਾ ਹੈ ਕਿ ਇਸ ਤੋਂ ਪਤਾ ਲੱਗਦਾ ਹੈ ਕਿ ਕਾਂਗਰਸ ਕਿਸ ਤਰ੍ਹਾਂ ਆਦਿਵਾਸੀਆਂ ਦੇ ਵਿਰੋਧ ਵਿਚ ਖੜ੍ਹੀ ਹੈ।

ਡਾ. ਰਾਜ ਨੇ ਟਵੀਟ ਕੀਤਾ ਸੀ—ਦਰੋਪਦੀ ਮੁਰਮੂ ਜੀ ਵਰਗਾ ਰਾਸ਼ਟਰਪਤੀ ਕਿਸੇ ਦੇਸ਼ ਨੂੰ ਨਾ ਮਿਲੇ। ਚਮਚਾਗਿਰੀ ਦੀ ਵੀ ਹੱਦ ਹੈ। ਕਹਿੰਦੀ ਹੈ 70 ਫੀਸਦੀ ਲੋਕ ਗੁਜਰਾਤ ਦਾ ਨਮਕ ਖਾਂਦੇ ਹਨ। ਖੁਦ ਨਮਕ ਖਾ ਕੇ ਜ਼ਿੰਦਗੀ ਜੀਵੇ ਤਾਂ ਪਤਾ ਲੱਗੇਗਾ।

ਕੌਮੀ ਮਹਿਲਾ ਕਮਿਸ਼ਨ ਨੇ ਡਾ. ਰਾਜ ਨੂੰ ਨੋਟਿਸ ਜਾਰੀ ਕਰ ਦਿੱਤਾ ਹੈ। ਇਸ ਦੀ ਚੇਅਰਪਰਸਨ ਰੇਖਾ ਸ਼ਰਮਾ ਨੇ ਟਵੀਟ ਕੀਤਾ—ਦੇਸ਼ ਦੇ ਸਰਬਉੱਚ ਸ਼ਕਤੀ ਤੇ ਆਪਣੀ ਸਖਤ ਮਿਹਨਤ ਨਾਲ ਇਸ ਮੁਕਾਮ ਤੱਕ ਪੁੱਜੀ ਮਹਿਲਾ ਖਿਲਾਫ ਬੇਹੱਦ ਇਤਰਾਜ਼ਯੋਗ ਬਿਆਨ। ਉਦਿਤ ਰਾਜ ਨੂੰ ਇਸ ਲਈ ਮੁਆਫੀ ਮੰਗਣੀ ਚਾਹੀਦੀ ਹੈ।

ਮਾਮਲਾ ਗਰਮਾਉਣ 'ਤੇ ਡਾ. ਰਾਜ ਨੇ ਇਕ ਹੋਰ ਟਵੀਟ ਕਰ ਦਿੱਤਾ—ਦਰੋਪਦੀ ਮੁਰਮੂ ਜੀ ਤੋਂ ਕੋਈ ਦੂਬੇ, ਤਿਵਾੜੀ, ਅਗਰਵਾਲ, ਗੋਇਲ, ਰਾਜਪੂਤ ਮੇਰੇ ਵਰਗਾ ਸਵਾਲ ਕਰਦਾ ਤਾਂ ਅਹੁਦੇ ਦੀ ਸ਼ਾਨ ਡਿੱਗਦੀ। ਅਸੀਂ ਦਲਿਤ-ਆਦਿਵਾਸੀ ਆਲੋਚਨਾ ਕਰਾਂਗੇ ਅਤੇ ਇਨ੍ਹਾਂ ਲਈ ਲੜਾਂਗੇ ਵੀ। ਸਾਡੇ ਨੁਮਾਇੰਦੇ ਬਣ ਕੇ ਜਾਂਦੇ ਹਨ ਤੇ ਫਿਰ ਗੂੰਗੇ-ਬੋਲੇ ਬਣ ਜਾਂਦੇ ਹਨ। ਦਰੋਪਦੀ ਮੁਰਮੂ ਜੀ ਦਾ ਰਾਸ਼ਟਰਪਤੀ ਦੇ ਤੌਰ 'ਤੇ ਪੂਰਾ ਸਨਮਾਨ ਹੈ। ਉਹ ਦਲਿਤਾਂ-ਆਦਿਵਾਸੀਆਂ ਦੀ ਪ੍ਰਤੀਨਿਧ ਵੀ ਹਨ ਤੇ ਇਨ੍ਹਾਂ ਨੂੰ ਅਧਿਕਾਰ ਹੈ ਆਪਣੇ ਹਿੱਸੇ ਦਾ ਸਵਾਲ ਕਰਨਾ। ਇਸ ਨੂੰ ਰਾਸ਼ਟਰਪਤੀ ਦੇ ਅਹੁਦੇ ਨਾਲ ਨਾ ਜੋੜਿਆ ਜਾਵੇ।

ਜਦੋਂ ਦਰੋਪਦੀ ਮੁਰਮੂ ਨੂੰ ਐੱਨ ਡੀ ਏ ਨੇ ਰਾਸ਼ਟਰਪਤੀ ਦਾ ਉਮੀਦਵਾਰ ਬਣਾਇਆ ਸੀ, ਡਾ. ਰਾਜ ਨੇ ਉਦੋਂ ਕਿਹਾ ਸੀ—ਜਾਤ ਦੇਖ ਕੇ ਖੁਸ਼ ਨਾ ਹੋਇਓ। ਕੋਵਿੰਦ ਜੀ ਰਾਸ਼ਟਰਪਤੀ ਬਣੇ ਤਾਂ ਦਲਿਤ ਖੁਸ਼ ਹੋਏ ਅਤੇ ਭਲਾ ਇਕ ਚਪੜਾਸੀ ਦਾ ਨਹੀਂ ਕਰ ਸਕੇ।

ਰਾਸ਼ਟਰਪਤੀ ਮੁਰਮੂ ਨੇ ਚਾਰ ਅਕਤੂਬਰ ਨੂੰ ਗੁਜਰਾਤ ਦੇ ਗਾਂਧੀਨਗਰ ਵਿਚ ਇਕ ਪ੍ਰੋਗਰਾਮ 'ਚ ਕਿਹਾ ਸੀ ਕਿ ਦੇਸ਼ ਦੇ 76 ਫੀਸਦੀ ਨਮਕ ਦਾ ਉਤਪਾਦਨ ਗੁਜਰਾਤ ਕਰਦਾ ਹੈ ਅਤੇ ਇਹ ਕਿਹਾ ਜਾ ਸਕਦਾ ਹੈ ਕਿ ਰਾਜ ਵੱਲੋਂ ਉਤਪਾਦਤ ਨਮਕ ਸਾਰੇ ਭਾਰਤੀਆਂ ਵੱਲੋਂ ਖਾਇਆ ਜਾਂਦਾ ਹੈ। ਉਨ੍ਹਾ ਇਸ ਦੌਰਾਨ ਗੁਜਰਾਤ ਮਾਡਲ ਦੀ ਤਾਰੀਫ ਕੀਤੀ ਤੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਗੁਜਰਾਤ ਦੀ ਪ੍ਰਗਤੀਸ਼ੀਲ ਤੇ ਸਮਾਵੇਸ਼ ਸੰਸਕ੍ਰਿਤੀ ਦੇ ਆਦਰਸ਼ ਪ੍ਰਤੀਨਿਧ ਹਨ।

## ਦੀਵਾਲੀ ਵਿਸ਼ੇਸ਼ ਸਪਲੀਮੈਂਟ



ਸੰਜੀਵ ਅਰੋੜਾ
ਜਗਰਾਓਂ
98145-56990



ਨਿਰਮਲ ਕੁਮਾਰ
ਫਿਲੌਰ
98147-04346



ਰਮੇਸ਼ ਕਟਾਰੀਆ
ਰਾਜਪੁਰਾ
99880-13675



ਰਮਨ ਚੱਢਾ
ਚੋਹਲਾ ਸਾਹਿਬ
98722-26721

ਦੀਵਾਲੀ ਦੇ ਸ਼ੁੱਭ ਦਿਹਾੜੇ ਨੂੰ ਸਮਰਪਿਤ ਵਿਸ਼ੇਸ਼ ਸਪਲੀਮੈਂਟ ਪ੍ਰਕਾਸ਼ਤ ਕੀਤੇ ਜਾ ਰਹੇ ਹਨ। ਇਸ ਸੰਬੰਧੀ ਇਸ਼ਤਿਹਾਰ ਤੇ ਹੋਰ ਛਪਣਯੋਗ ਸਮੱਗਰੀ ਦੇਣ ਲਈ ਸਾਡੇ ਇਨ੍ਹਾਂ ਪੱਤਰਕਾਰਾਂ ਨਾਲ ਸੰਪਰਕ ਕੀਤਾ ਜਾਵੇ।

-ਜਨਰਲ ਮੈਨੇਜਰ

## ਵੰਦੇ ਭਾਰਤ ਐਕਸਪ੍ਰੈੱਸ ਮੱਝਾਂ ਨਾਲ ਟਕਰਾਈ



**ਅਹਿਮਦਾਬਾਦ :** ਗਾਂਧੀਨਗਰ -ਮੁੰਬਈ ਵੰਦੇ ਭਾਰਤ ਐੱਕਸਪ੍ਰੈੱਸ ਵੀਰਵਾਰ ਸਵੇਰੇ ਸਵਾ ਗਿਆਰਾਂ ਵਜੇ ਗੁਜਰਾਤ ਦੇ ਵਟਵਾ ਸਟੇਸ਼ਨ ਨੇੜੇ ਮੱਝਾਂ ਨਾਲ ਭਿੜ ਗਈ। ਚਾਰ ਮੱਝਾਂ ਮਾਰੀਆਂ ਗਈਆਂ। ਵਟਵਾ ਨੇੜੇ ਮੋੜ ਹੈ ਤੇ ਲੱਗਭੱਗ 100 ਕਿੱਲੋਮੀਟਰ ਦੀ ਸਪੀਡ ਨਾਲ ਚੱਲ ਰਹੀ ਗੱਡੀ ਦੇ ਡਰਾਈਵਰ ਨੂੰ ਮੱਝਾਂ ਨਜ਼ਰ ਨਹੀਂ ਆਈਆਂ। ਸਿੱਟੇ ਵਜੋਂ ਇੰਜਣ ਦਾ ਫਾਈਬਰ ਦਾ ਅਗਲਾ ਹਿੱਸਾ ਨੁਕਸਾਨਿਆ ਗਿਆ। ਰੇਲਵੇ ਦੇ ਬੁਲਾਰੇ ਨੇ ਦੱਸਿਆ ਕਿ ਇੰਜਣ ਦਾ ਨੁਕਸਾਨ ਨਹੀਂ ਹੋਇਆ ਤੇ ਨੁਕਸਾਨਿਆ ਹਿੱਸਾ ਲਾਹ ਕੇ ਗੱਡੀ ਵਕਤ ਸਿਰ ਮੰਜ਼ਲ 'ਤੇ ਪੁੱਜ ਗਈ। ਰੇਲਵੇ ਲੋਕਾਂ ਨੂੰ ਸਮਝਾ ਰਿਹਾ ਹੈ ਕਿ ਪਟੜੀਆਂ ਨੇੜੇ ਪਸ਼ੂਆਂ ਨੂੰ ਨਾ ਲਿਆਉਣ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ 30 ਸਤੰਬਰ ਨੂੰ ਇਸ ਗੱਡੀ ਨੂੰ ਗਾਂਧੀਨਗਰ ਸਟੇਸ਼ਨ 'ਤੇ ਹਰੀ ਝੰਡੀ ਦਿਖਾਈ ਸੀ ਤੇ ਕਾਲੂਪੁਰ ਸਟੇਸ਼ਨ ਤੱਕ ਸਫਰ ਵੀ ਕੀਤਾ ਸੀ। ਇਹ ਗੱਡੀ ਕਵਚ ਤਕਨੀਕ ਨਾਲ ਲੈਸ ਹੈ, ਜਿਹੜੀ ਦੋ ਗੱਡੀਆਂ ਨੂੰ ਟਕਰਾਉਣ ਤੋਂ ਬਚਾਉਂਦੀ ਹੈ।

## ਦੇਸ਼ 'ਚ ਦੁੱਧ ਦੀਆਂ ਵਧਦੀਆਂ ਕੀਮਤਾਂ ਨੂੰ ਲੈ ਕੇ ਰਾਘਵ ਚੱਢਾ ਦਾ ਕੇਂਦਰ ਸਰਕਾਰ 'ਤੇ ਹਮਲਾ



**ਚੰਡੀਗੜ੍ਹ, (ਗੁਰਜੀਤ ਬਿੱਲਾ)**-ਆਮ ਆਦਮੀ ਪਾਰਟੀ ਦੇ ਸੀਨੀਅਰ ਨੇਤਾ ਅਤੇ ਰਾਜ ਸਭਾ ਮੈਂਬਰ ਰਾਘਵ ਚੱਢਾ ਨੇ ਭਾਜਪਾ ਦੀ ਅਗਵਾਈ ਵਾਲੀ ਐੱਨ ਡੀ ਏ ਸਰਕਾਰ 'ਤੇ ਦੁੱਧ ਦੀਆਂ ਵਧਦੀਆਂ ਕੀਮਤਾਂ ਨਾਲ ਨਜਿੱਠਣ ਵਿੱਚ ਅਸਫਲ ਰਹਿਣ ਲਈ ਤਿੱਖਾ ਹਮਲਾ ਕੀਤਾ ਹੈ। ਉਨ੍ਹਾ ਕਿਹਾ ਕਿ ਦੁੱਧ ਦੀਆਂ ਵਧਦੀਆਂ ਕੀਮਤਾਂ ਦਾ ਸਿੱਧਾ ਸੰਬੰਧ ਚਾਰੇ ਦੀ ਕਮੀ ਨਾਲ ਹੈ। ਟਵੀਟਾਂ ਦੀ ਇੱਕ ਲੜੀ ਵਿੱਚ ਉਨ੍ਹਾ ਭਵਿੱਖਬਾਣੀ ਕੀਤੀ ਕਿ ਦੁੱਧ ਦੀਆਂ ਕੀਮਤਾਂ

● ਬਾਕੀ ਸਫ਼ਾ 2 'ਤੇ

## ਸਾਹਿਤ ਦਾ ਨੋਬੇਲ ਫਰਾਂਸ ਦੀ ਐਨੀ ਨੂੰ



**ਸਟਾਕਹੋਮ :** ਇਸ ਸਾਲ ਸਾਹਿਤ ਦਾ ਨੋਬੇਲ ਪੁਰਸਕਾਰ ਫਰਾਂਸ ਦੀ ਲੇਖਕਾ ਐਨੀ ਐਰਨੈਕਸ ਨੂੰ ਦੇਣ ਦਾ ਐਲਾਨ ਕੀਤਾ ਗਿਆ ਹੈ। ਨੋਬੇਲ ਦੀ ਵੈੱਬਸਾਈਟ ਮੁਤਾਬਕ ਐਨੀ ਬਹੁਤ ਹੀ ਆਸਾਨ ਭਾਸ਼ਾ 'ਚ

● ਬਾਕੀ ਸਫ਼ਾ 2 'ਤੇ

ਤਾਜ਼ੀਆਂ ਖ਼ਬਰਾਂ ਲਈ
ਨਵਾਂ ਜ਼ਮਾਨਾ ਟੀ ਵੀ
https://www.youtube.com/c/nawanzamanatv
ਨੂੰ ਸਬਸਕਰਾਈਬ ਕਰੋ
ਸਾਡੇ ਵਿਸ਼ੇਸ਼ ਪ੍ਰੋਗਰਾਮ
ਹਰ ਬੁੱਧਵਾਰ ਤੇ ਸ਼ਨੀਵਾਰ
ਕਾਨੂੰਨੀ ਜਾਣਕਾਰੀ
ਐਡਵੋਕੇਟ ਗੁਰਮੀਤ ਸਿੰਘ ਸ਼ੁਗਲੀ ਰਾਹੀਂ
ਮੇਲਾ ਗ਼ਦਰੀ ਬਾਬਿਆਂ ਦਾ
ਅਕਤੂਬਰ ਦੇ ਹਰ ਐਤਵਾਰ ਮੁਲਾਕਾਤ
ਇਸ ਵਾਰ ਦੇ ਮਹਿਮਾਨ
ਕੇਸਰ ਸਿੰਘ
ਨਾਲ ਪੁਸਤਕ ਮੇਲੇ ਬਾਰੇ ਚਰਚਾ

## ਅੱਜ-ਨਾਮਾ

ਅਫਸਰ ਪੁਲਸ ਦਾ ਇੱਕ ਸੀ ਬਹੁਤ ਵੱਡਾ,
ਫੜਿਆ ਪੁਲਸ ਨੇ ਆਪ ਫਿਰ ਅੱਜ ਬੇਲੀ।
ਬਹਾਨੇ ਜਾਂਚ ਦੇ ਸੱਦ ਕੇ ਪਕੜ ਲਿਆ ਈ,
ਜੀਹਨੇ ਕੀਤਾ ਨਹੀਂ ਕਦੇ ਕੁਝ ਚੱਜ ਬੇਲੀ।
ਰਿਸ਼ਵਤ ਖਾਣ ਲਈ ਪੱਟਦਾ ਰਿਹਾ ਧੂੜਾਂ,
ਦੌਲਤਾਂ ਜੋੜ ਵੀ ਸਕਿਆ ਨਾ ਰੱਜ ਬੇਲੀ।
ਪੁੱਠੇ ਕੰਮ ਵੀ ਕਰਦਾ ਸੀ ਬਹੁਤ ਸੁਣਿਆ,
ਕੀਤਾ ਪਾਪ ਫਿਰ ਹੋਇਆ ਨਾ ਕੱਜ ਬੇਲੀ।
ਜਿਹੜੇ ਪੁਲਸੀਏ ਸਲੂਟ ਰਹੇ ਮਾਰਦੇ ਸੀ,
ਉਸ ਨੂੰ ਵੇਖ ਚਟਕਾਰੇ ਕਈ ਲੈਣਗੇ ਈ।
ਲੈ-ਲੈ ਰਿਸ਼ਵਤਾਂ ਜਿਹੜੇ ਸਨ ਨੋਟ ਜੋੜੇ,
ਕੱਢ-ਕੱਢ ਦੇਣੇ ਵਕੀਲਾਂ ਨੂੰ ਪੈਣਗੇ ਈ।

-ਤੀਸ ਮਾਰ ਖਾਂ

## ਮਜ਼ਦੂਰ ਜਥੇਬੰਦੀਆਂ ਨਾਲ ਮੀਟਿੰਗ 'ਚ ਵਿੱਤ ਮੰਤਰੀ ਦਾ ਹਾਂ-ਪੱਖੀ ਹੁੰਗਾਰਾ

### ਰਹਿੰਦੀਆਂ ਮੰਗਾਂ ਦੇ ਹੱਲ ਲਈ ਮੁੱਖ ਮੰਤਰੀ ਨੇ ਛੇਤੀ ਮੀਟਿੰਗ ਨਾ ਕੀਤੀ ਤਾਂ ਫੂਕੇ ਜਾਣਗੇ ਪੁਤਲੇ



**ਸ਼ਾਹਕੋਟ (ਗਿਆਨ ਸੈਦਪੁਰੀ)**- ਵਿੱਤ ਮੰਤਰੀ ਹਰਪਾਲ ਸਿੰਘ ਨੇ ਪੇਂਡੂ ਅਤੇ ਖੇਤ ਮਜ਼ਦੂਰ ਜਥੇਬੰਦੀਆਂ ਦੇ ਸਾਂਝੇ ਮੋਰਚੇ ਦੇ ਆਗੂਆਂ ਨਾਲ ਪੰਜਾਬ ਸਰਕਾਰ ਤਰਫੋਂ ਵੀਰਵਾਰ ਚੰਡੀਗੜ੍ਹ 'ਚ ਮੀਟਿੰਗ ਕਰਕੇ ਮਜ਼ਦੂਰਾਂ ਦੀਆਂ ਭਖਦੀਆਂ ਕੁਝ ਮੰਗਾਂ ਉੱਪਰ ਸਹਿਮਤੀ ਬਣਾਉਂਦਿਆਂ ਇਹਨਾਂ ਦੇ ਹੱਲ ਲਈ ਹਾਂ-ਪੱਖੀ ਹੁੰਗਾਰਾ ਭਰਦਿਆਂ ਅਧਿਕਾਰੀਆਂ ਨੂੰ ਸਮਾਂਬੱਧ ਕਾਰਵਾਈ ਦੀਆਂ ਹਦਾਇਤਾਂ ਕੀਤੀਆਂ। ਉਹਨਾ ਰਹਿੰਦੀਆਂ ਮੰਗਾਂ ਦੇ ਹੱਲ ਲਈ ਜਲਦੀ ਹੀ ਮੁੱਖ ਮੰਤਰੀ ਨਾਲ ਮੀਟਿੰਗ ਕਰਵਾਉਣ ਦਾ ਭਰੋਸਾ ਦਿੱਤਾ।

ਮੀਟਿੰਗ ਵਿੱਚ ਪੇਂਡੂ ਅਤੇ ਖੇਤ ਮਜ਼ਦੂਰ ਜਥੇਬੰਦੀਆਂ ਦੇ ਸਾਂਝੇ ਮੋਰਚੇ ਵਿੱਚ ਸ਼ਾਮਲ ਜਥੇਬੰਦੀਆਂ ਦਿਹਾਤੀ ਮਜ਼ਦੂਰ ਸਭਾ ਦੇ ਜਨਰਲ ਸਕੱਤਰ ਗੁਰਨਾਮ ਸਿੰਘ ਦਾਊਦ, ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਤਰਸੇਮ ਪੀਟਰ, ਭਾਰਤੀ ਖੇਤ ਮਜ਼ਦੂਰ ਯੂਨੀਅਨ ਦੇ ਜਨਰਲ ਸਕੱਤਰ ਗੁਲਜ਼ਾਰ ਗੋਰੀਆ, ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਪ੍ਰਧਾਨ ਜੋਰਾ ਸਿੰਘ ਨਸਰਾਲੀ, ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਦੇ ਜਨਰਲ ਸਕੱਤਰ ਲਖਵੀਰ ਲੌਂਗੋਵਾਲ, ਮਜ਼ਦੂਰ ਮੁਕਤੀ ਮੋਰਚਾ ਦੇ ਭਗਵੰਤ ਸਿੰਘ ਸਮਾਓ ਅਤੇ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਪ੍ਰਧਾਨ ਮੁਕੇਸ਼ ਮਲੌਦ ਤੋਂ ਇਲਾਵਾ ਬਿੱਕਰ ਸਿੰਘ ਹਥੋਆ, ਦੇਵੀ ਕੁਮਾਰੀ ਸਰਹਾਲੀ ਕਲਾਂ, ਕਸ਼ਮੀਰ ਸਿੰਘ ਘੁੱਗਸ਼ੋਰ, ਲਛਮਣ ਸਿੰਘ ਸੇਵੇਵਾਲਾ, ਪ੍ਰਗਟ ਸਿੰਘ ਕਾਲਾਝਾੜ ਅਤੇ ਸਰਕਾਰ ਵੱਲੋਂ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਸ਼ਾਮਲ ਹੋਏ।

ਆਗੂਆਂ ਨੇ ਦੱਸਿਆ ਕਿ ਮੀਟਿੰਗ ਵਿੱਚ ਸਰਕਾਰ ਵੱਲੋਂ ਕੈਬਨਿਟ ਮੰਤਰੀ ਚੀਮਾ ਨੇ ਪੰਚਾਇਤੀ ਜ਼ਮੀਨਾਂ ਦੀਆਂ ਡੰਮੀ ਬੋਲੀਆਂ ਰੱਦ ਕਰਨ ਤੇ ਸੰਗਰੂਰ ਦੇ ਪਿੰਡ ਹੇੜੀਕੇ ਦੇ ਪੰਚਾਇਤੀ ਜ਼ਮੀਨ ਅਤੇ ਰਿਹਾਇਸ਼ੀ ਅਲਾਟ ਪਲਾਟਾਂ ਦੇ ਕਬਜ਼ੇ ਤੇ ਲੋੜਵੰਦਾਂ ਨੂੰ ਪਲਾਟ ਅਲਾਟ ਸੰਬੰਧੀ ਇੱਕ ਮਹੀਨੇ ਦੇ ਅੰਦਰ-ਅੰਦਰ ਕਾਰਵਾਈ ਕਰਕੇ ਰਿਪੋਰਟ ਦੇਣ ਦੀ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ। ਮਗਨਰੇਗਾ ਮਜ਼ਦੂਰਾਂ ਦੇ 14 ਕਰੋੜ ਤੋਂ ਵੱਧ ਰਕਮ ਦੇ ਖੜੇ ਬਕਾਏ ਤੁਰੰਤ ਜਾਰੀ ਕਰਨ, ਸਮਾਜਕ ਜਬਰ ਦੇ ਸ਼ਿਕਾਰ ਲੋਕਾਂ ਨੂੰ ਬਣਦੀ ਮੁਆਵਜ਼ਾ ਰਾਸ਼ੀ ਜਾਰੀ ਕਰਨ ਦੀਆਂ ਹਦਾਇਤਾਂ ਵੀ ਦਿੱਤੀਆਂ ਗਈਆਂ। ਐੱਸ ਸੀ/ ਐੱਸ ਟੀ ਐਕਟ ਤਹਿਤ ਦਰਜ ਕੇਸਾਂ ਵਿੱਚ ਬਣਦੀ ਅਗਲੀ ਕਾਰਵਾਈ ਕਰਨ ਅਤੇ ਸੰਘਰਸ਼ਾਂ ਦੌਰਾਨ ਦਰਜ ਕੇਸ ਰੱਦ ਕਰਨ ਦੇ ਮਸਲੇ ਦੇ ਨਿਪਟਾਰੇ ਲਈ

● ਬਾਕੀ ਸਫ਼ਾ 2 'ਤੇ

# 'ਆਪ' ਦਾ ਬਲਾਕ ਇੰਚਾਰਜ ਤੇ ਸਾਥੀ ਨਬਾਲਗ ਲੜਕੀ ਨਾਲ ਛੇੜਛਾੜ ਦੇ ਮਾਮਲੇ 'ਚ ਗ੍ਰਿਫ਼ਤਾਰ



**ਮਜੀਠਾ (ਸੋਇਮ ਆਨੰਦ)**-ਸਥਾਨਕ ਪੁਲਸ ਵੱਲੋਂ ਸੱਤਾਧਾਰੀ ਆਮ ਆਦਮੀ ਪਾਰਟੀ ਦੇ ਮਜੀਠਾ ਬਲਾਕ ਇੰਚਾਰਜ ਪ੍ਰਿਤਪਾਲ ਸਿੰਘ ਬੱਲ ਅਤੇ ਉਸ ਦੇ ਨਜ਼ਦੀਕੀ ਸਾਥੀ ਰਾਜਬੀਰ ਸਿੰਘ ਰੋੜੀ ਨੂੰ ਛੇੜਛਾੜ ਦੇ ਮਾਮਲੇ ਵਿੱਚ ਗ੍ਰਿਫਤਾਰ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਇੱਕ ਨਾਬਾਲਗ ਪੀੜਤਾ ਨੇ ਥਾਣਾ ਮਜੀਠਾ ਵਿਖੇ ਦਿੱਤੇ ਲਿਖਤੀ ਬਿਆਨਾਂ ਵਿੱਚ ਕਿਹਾ ਹੈ ਕਿ ਉਸ ਦੀ ਉਮਰ 15 ਸਾਲ ਹੈ ਅਤੇ ਅੱਠਵੀਂ ਪਾਸ ਹੈ। ਉਹ ਦੋ ਭੈਣ ਭਰਾ ਹਨ। ਉਸ ਨੇ ਦੱਸਿਆ ਕਿ ਉਸ ਦੀ ਮਾਤਾ ਦੇ ਧਰਮਿੰਦਰਪਾਲ ਸਿੰਘ ਉਰਫ ਬਿੱਲਾ ਜਿਹੜਾ ਕਿ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਤਰਨ ਤਾਰਨ ਵਿਖੇ ਅਧਿਆਪਕ ਹੈ, ਨਾਲ ਸਬੰਧ ਬਣ ਗਏ ਜਿਸ ਬਾਰੇ ਉਸ ਦੇ ਪਿਤਾ ਨੂੰ ਪਤਾ ਲੱਗਣ 'ਤੇ ਉਸ ਦੇ ਪਿਤਾ ਅਤੇ ਮਾਤਾ ਦਰਮਿਆਨ ਝਗੜਾ ਰਹਿਣ ਲੱਗ ਪਿਆ, ਜਿਸ 'ਤੇ ਉਸ ਦੀ ਮਾਤਾ ਉਸ ਨੂੰ ਨਾਲ ਲੈ ਕੇ ਧਰਮਿੰਦਰਪਾਲ ਸਿੰਘ ਉਰਫ ਬਿੱਲਾ ਦੇ ਘਰ ਮਜੀਠਾ ਆ ਕੇ ਇਕੱਠੇ ਰਹਿਣ ਲੱਗ ਪਏ। ਇਸ ਤੋਂ ਬਾਅਦ ਧਰਮਿੰਦਰਪਾਲ ਸਿੰਘ ਉਸ 'ਤੇ ਮਾੜੀ ਨਜਰ ਰੱਖਣ ਲੱਗ ਪਿਆ ਅਤੇ ਉਸ ਨਾਲ ਅਸ਼ਲੀਲ ਹਰਕਤਾਂ ਕਰਨ ਲੱਗ ਪਿਆ ਜਦ ਕਿ ਉਸ ਦੀ ਮਾਤਾ ਵੀ ਉਸ ਨੂੰ ਡਰਾਉਣ ਧਮਕਾਉਣ ਲੱਗ ਪਈ। ਉਸ ਨੇ ਅੱਗੇ ਦੱਸਿਆ ਕਿ ਧਰਮਿੰਦਰਪਾਲ ਦੇ ਘਰ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਬਲਾਕ ਪ੍ਰਧਾਨ ਪ੍ਰਿਤਪਾਲ ਸਿੰਘ ਬੱਲ ਵਾਸੀ ਮਜੀਠਾ ਅਤੇ ਰਾਜਵੀਰ ਸਿੰਘ ਰਾਜੂ ਵਾਸੀ ਆਬਾਦੀ ਰੋੜੀ ਦਾ ਕਾਫੀ ਆਉਣ ਜਾਣ ਹੋਣ ਕਰਕੇ ਉਨ੍ਹਾਂ ਨੂੰ ਆਪਣੀ ਸਾਰੀ ਹੱਡ ਬੀਤੀ ਦੱਸੀ ਪਰ ਇਸ ਦੇ ਉਲਟ ਉਸ ਨੂੰ ਮਾਰਿਆ ਕੁੱਟਿਆ ਅਤੇ ਡਰਾਇਆ ਧਮਕਾਇਆ ਜਿਸ 'ਤੇ ਉਸ ਨੇ ਡਰਦੀ ਮਾਰੀ ਨੇ ਕਿਸੇ ਨਾਲ ਗੱਲ ਨਹੀਂ ਕੀਤੀ। ਉਸ ਨੇ ਦੱਸਿਆ ਕਿ ਕੁਝ ਦਿਨ ਪਹਿਲਾਂ ਧਰਮਿੰਦਰਪਾਲ ਸਿੰਘ ਉਰਫ ਬਿੱਲਾ ਨੇ ਉਸ ਦੀ ਮਾਂ ਦੇ ਸਾਹਮਣੇ ਉਸ ਨਾਲ ਛੇੜਛਾੜ ਕਰਨੀ ਸ਼ੁਰੂ ਕਰ ਦਿੱਤੀ ਅਤੇ ਉਸ ਦੇ ਕੱਪੜੇ ਪਾੜ ਦਿੱਤੇ। ਉਸ ਨੇ ਦੋਸ਼ ਲਗਾਇਆ ਕਿ ਧਰਮਿੰਦਰਪਾਲ ਸਿੰਘ ਉਰਫ ਬਿੱਲਾ ਨੇ ਉਸ ਦੀ ਮਾਤਾ ਅਤੇ ਆਮ ਆਦਮੀ ਪਾਰਟੀ ਦੇ ਆਦਮੀ ਪ੍ਰਿਤਪਾਲ ਸਿੰਘ ਬੱਲ ਅਤੇ ਰਾਜਵੀਰ ਸਿੰਘ ਦੀ ਸ਼ਹਿ 'ਤੇ ਉਸ ਨਾਲ ਛੇੜਛਾੜ ਅਤੇ ਅਸ਼ਲੀਲ ਹਰਕਤਾਂ ਕੀਤੀਆਂ ਹਨ। ਥਾਣਾ ਮਜੀਠਾ ਦੇ ਐਸ.ਐਚ.ਓ ਮਨਮੀਤਪਾਲ ਸਿੰਘ ਨੇ ਕਿਹਾ ਕਿ ਉਕਤ ਨਾਬਾਲਗ ਲੜਕੀ ਦੇ ਬਿਆਨਾਂ ਦੇ ਆਧਾਰ 'ਤੇ ਸੱਤਾਧਾਰੀ ਆਮ ਆਦਮੀ ਪ੍ਰਿਤਪਾਲ ਸਿੰਘ ਬੱਲ ਅਤੇ ਉਸਦੇ ਨਜਦੀਕੀ ਸਾਥੀ ਰਾਜਵੀਰ ਸਿੰਘ ਉਰਫ ਰੋੜੀ, ਲੜਕੀ ਦੀ ਮਾਤਾ ਦਲਜੀਤ ਕੌਰ ਅਤੇ ਧਰਮਿੰਦਪਾਲ ਸਿੰਘ ਉਰਫ ਬਿੱਲਾ ਦੇ ਖਿਲਾਫ ਮਾਮਲਾ ਦਰਜ ਕਰ ਕੇ ਪ੍ਰਿਤਪਾਲ ਸਿੰਘ ਬੱਲ ਅਤੇ ਰਾਜਵੀਰ ਸਿੰਘ ਉਰਫ ਰਾਜੂ ਨੂੰ ਗ੍ਰਿਫਤਾਰ ਕਰ ਲਿਆ ਹੈ ਅਤੇ ਬਾਕੀ ਦੋਵਾਂ ਦੀ ਭਾਲ ਵਿੱਚ ਛਾਪੇਮਾਰੀ ਜਾਰੀ ਹੈ।

# ਫਾਇਨਾਂਸ ਕੰਪਨੀ ਦਾ ਕਰਿੰਦਾ ਹੀ ਨਿਕਲਿਆ 1 ਲੱਖ 60 ਹਜ਼ਾਰ ਰੁਪਏ ਦੀ ਲੁੱਟ ਦਾ ਮਾਸਟਰ ਮਾਈਂਡ

**ਬਠਿੰਡਾ (ਪਰਵਿੰਦਰ ਜੀਤ ਸਿੰਘ)** ਬੀਤੀ ਪਰਸੋਂ ਸ਼ਾਮ ਨੂੰ ਸਬ ਡਵੀਜ਼ਨ ਤਲਵੰਡੀ ਸਾਬੋ ਦੇ ਪਿੰਡ ਲੇਲੇਵਾਲਾ ਕੋਲ ਫਾਇਨਾਂਸ ਕੰਪਨੀ ਦੇ ਕਾਰਿੰਦੇ ਦੀਆਂ ਅੱਖਾਂ ਵਿੱਚ ਮਿਰਚਾਂ ਪਾ ਕੇ 1 ਲੱਖ 60 ਹਜ਼ਾਰ ਰੁਪਏ ਦੀ ਲੁੱਟ ਦੀ ਗੁੱਥੀ ਸੁਲਝਾਉਂਦਿਆਂ ਤਲਵੰਡੀ ਸਾਬੋ ਪੁਲਸ ਨੇ ਦਾਅਵਾ ਕੀਤਾ ਕਿ ਫਾਇਨਾਂਸ ਕੰਪਨੀ ਦਾ ਕਰਿੰਦਾ ਹੀ ਲੁੱਟ ਦਾ ਮਾਸਟਰਮਾਈਂਡ ਨਿਕਲਿਆ ਤੇ ਉਸਨੇ ਆਪਣੇ ਇੱਕ ਰਿਸ਼ਤੇਦਾਰ ਨਾਲ ਮਿਲ ਕੇ ਉਕਤ ਫ਼ਰਜ਼ੀ ਲੁੱਟ ਦੀ ਘਟਨਾ ਨੂੰ ਅੰਜਾਮ ਦਿੱਤਾ ਸੀ।

ਡੀ.ਐੱਸ.ਪੀ ਤਲਵੰਡੀ ਸਾਬੋ ਬੂਟਾ ਸਿੰਘ ਗਿੱਲ ਨੇ ਦੱਸਿਆ ਕਿ ਭਾਰਤ ਫਾਇਨਾਂਸ ਕੰਪਨੀ ਦੇ ਕਰਿੰਦੇ ਰਵੀ ਸਿੰਘ ਨੇ ਬੀਤੀ ਪਰਸੋਂ ਪੁਲਸ ਨੂੰ ਦਿੱਤੀ ਸੂਚਨਾ ਵਿੱਚ ਜਾਣਕਾਰੀ ਦਿੱਤੀ ਸੀ ਕਿ ਮੋਟਰਸਾਈਕਲ ਸਵਾਰ ਦੋ ਵਿਅਕਤੀ ਉਸਦੀਆਂ ਅੱਖਾਂ ਵਿੱਚ ਮਿਰਚਾਂ ਪਾ ਕੇ 1 ਲੱਖ 60 ਹਜ਼ਾਰ ਰੁਪਏ ਦੀ ਰਾਸ਼ੀ ਲੁੱਟ ਕੇ ਲੈ ਗਏ ਹਨ, ਜਿਸ 'ਤੇ ਪੁਲਸ ਨੇ ਰਵੀ ਸਿੰਘ ਦੇ ਬਿਆਨਾਂ ਤੇ ਅਣਪਛਾਤਿਆਂ ਖ਼ਿਲਾਫ਼ ਮਾਮਲਾ ਦਰਜ ਕਰਕੇ ਜਾਂਚ ਆਰੰਭ ਦਿੱਤੀ ਸੀ।

ਉਨ੍ਹਾਂ ਅਨੁਸਾਰ ਥਾਣਾ ਤਲਵੰਡੀ ਸਾਬੋ ਮੁਖੀ ਗੁਰਵਿੰਦਰ ਸਿੰਘ ਤੇ ਜਾਂਚ ਅਧਿਕਾਰੀ ਗੁਰਤੇਜ ਸਿੰਘ ਨੂੰ ਮੁੱਦਈ 'ਤੇ ਸ਼ੱਕ ਹੋਇਆ ਅਤੇ ਅਸੀਂ ਸਾਰਾ ਮਾਮਲਾ ਜ਼ਿਲ੍ਹਾ ਪੁਲਸ ਮੁਖੀ ਦੇ ਧਿਆਨ ਵਿੱਚ ਲਿਆਉਣ ਉਪਰੰਤ ਉਨ੍ਹਾਂ ਦੇ ਨਿਰਦੇਸ਼ਾਂ 'ਤੇ ਜਾਂਚ ਆਰੰਭ ਦਿੱਤੀ। ਇਸੇ ਦਰਮਿਆਨ ਫਾਇਨਾਂਸ ਕੰਪਨੀ ਦੇ ਮੈਨੇਜਰ ਪ੍ਰਿਤਪਾਲ ਸਿੰਘ ਨੇ ਵੀ ਮੁੱਦਈ 'ਤੇ ਸ਼ੱਕ ਪ੍ਰਗਟਾਇਆ ਅਤੇ ਪੁਲਸ ਵੱਲੋਂ ਡੂੰਘਾਈ ਨਾਲ ਕੀਤੀ ਪੁੱਛਗਿੱਛ ਦੌਰਾਨ ਕਰਿੰਦਾ ਰਵੀ ਸਿੰਘ ਆਖਿਰ ਮੰਨ ਗਿਆ ਕਿ ਉਸ ਨੇ ਆਪਣੇ ਰਿਸ਼ਤੇਦਾਰ ਨਾਲ ਮਿਲ ਕੇ ਉਕਤ ਘਟਨਾ ਨੂੰ ਅੰਜਾਮ ਦਿੱਤਾ ਹੈ। ਲੁੱਟ ਦੇ ਪੈਸੇ ਉਸਦੇ ਰਿਸ਼ਤੇਦਾਰ ਕੋਲ ਹਨ ਤੇ ਗੱਲ ਠੰਢੀ ਪੈ ਜਾਣ ਉਪਰੰਤ ਉਨ੍ਹਾਂ ਨੇ ਪੈਸੇ ਅੱਧੇ-ਅੱਧੇ ਵੰਡ ਲੈਣੇ ਸਨ।

ਡੀ.ਐੱਸ.ਪੀ ਨੇ ਦੱਸਿਆ ਕਿ ਭਾਰਤ ਫਾਇਨਾਂਸ ਕੰਪਨੀ ਦੇ ਮੈਨੇਜਰ ਪ੍ਰਿਤਪਾਲ ਸਿੰਘ ਦੇ ਬਿਆਨਾਂ 'ਤੇ ਮਾਮਲੇ 'ਚ ਵਾਧਾ ਕਰਦਿਆਂ ਪੁਲਿਸ ਨੇ ਰਵੀ ਸਿੰਘ ਪੁੱਤਰ ਅੰਗਰੇਜ਼ ਸਿੰਘ ਵਾਸੀ ਦਾਦੂ (ਹਰਿਆਣਾ) ਤੇ ਉਸਦੇ ਰਿਸ਼ਤੇਦਾਰ ਗੁਰਪ੍ਰੀਤ ਸਿੰਘ ਪੁੱਤਰ ਬੋਘਾ ਸਿੰਘ ਵਾਸੀ ਪਿੰਡ ਸੰਦੋਹਾ ਖਿਲਾਫ਼ ਕਾਰਵਾਈ ਕਰਦਿਆਂ ਦੋਵਾਂ ਕਥਿਤ ਦੋਸ਼ੀਆਂ ਨੂੰ ਕਾਬੂ ਕਰਕੇ 1 ਲੱਖ 32 ਹਜ਼ਾਰ ਦੀ ਰਾਸ਼ੀ ਬਰਾਮਦ ਕਰ ਲਈ ਹੈ।

ਉਨ੍ਹਾਂ ਦੱਸਿਆ ਕਿ ਉਕਤਾਨ ਦਾ ਰਿਮਾਂਡ ਹਾਸਲ ਕੀਤਾ ਗਿਆ ਹੈ, ਜਿੱਥੇ ਹੋਰ ਪੁੱਛਗਿੱਛ ਕਰਾਂਗੇ, ਉੱਥੇ ਬਾਕੀ ਰਾਸ਼ੀ ਦਾ ਵੀ ਪਤਾ ਲਾਇਆ ਜਾਵੇਗਾ। ਪ੍ਰੈੱਸ ਕਾਨਫਰੰਸ ਵਿੱਚ ਥਾਣਾ ਤਲਵੰਡੀ ਸਾਬੋ ਮੁਖੀ ਗੁਰਵਿੰਦਰ ਸਿੰਘ ਤੇ ਜਾਂਚ ਅਧਿਕਾਰੀ ਗੁਰਤੇਜ ਸਿੰਘ ਵੀ ਮੌਜੂਦ ਸਨ।

# ਪੰਜਾਬ ਸਰਕਾਰ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀਆਂ ਮਹਿੰਗਾਈ ਭੱਤੇ ਦੀਆਂ ਬਕਾਇਆ ਕਿਸ਼ਤਾਂ ਜਾਰੀ ਕਰੇ : ਪ੍ਰੇਮ ਚਾਵਲਾ

**ਕੋਟਕਪੂਰਾ, (ਰਛਪਾਲ ਭੁੱਲਰ )**-ਪੰਜਾਬ ਸਰਕਾਰ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦਾ ਇੱਕ ਬਿਆਨ ਸਾਰੇ ਅਖ਼ਬਾਰਾਂ ਵਿੱਚ ਛਪਿਆ ਹੈ, ਜਿਸ ਵਿਚ ਦਾਅਵਾ ਕੀਤਾ ਗਿਆ ਹੈ ਕਿ ਚਾਲੂ ਵਿੱਤੀ ਸਾਲ ਦੀ ਪਹਿਲੀ ਛਿਮਾਹੀ ਵਿੱਚ ਪੰਜਾਬ ਸਰਕਾਰ ਨੇ ਜੀ.ਐਸ.ਟੀ. ਦੀ ਉਗਰਾਹੀ ਤੋਂ 10604 ਕਰੋੜ ਰੁਪਏ ਵਸੂਲੇ ਹਨ, ਜੋ ਪਿਛਲੇ ਸਾਲ ਦੀ ਪਹਿਲੀ ਛਿਮਾਹੀ ਤੋਂ ਕਰੀਬ 23 ਫ਼ੀਸਦੀ ਜ਼ਿਆਦਾ ਹਨ ਅਤੇ ਤਿਉਹਾਰਾਂ ਦੇ ਦਿਨਾਂ ਵਿੱਚ ਇਸ ਵਿੱਚ ਹੋਰ ਵਾਧਾ ਹੋਣਾ ਯਕੀਨੀ ਹੈ। ਇਸ ਤੋਂ ਇਲਾਵਾ 1954 ਕਰੋੜ ਰੁਪਏ ਹੋਰ ਸੋਮਿਆਂ ਤੋਂ ਵੀ ਸਰਕਾਰ ਦੇ ਖਜ਼ਾਨੇ ਵਿੱਚ ਆਏ ਹਨ।

ਪੰਜਾਬ ਦੇ ਵਿੱਤ ਮੰਤਰੀ ਦੇ ਇਸ ਤਾਜ਼ਾ ਬਿਆਨ 'ਤੇ ਟਿੱਪਣੀ ਕਰਦੇ ਗੌਰਮਿੰਟ ਸਕੂਲ ਟੀਚਰਜ ਯੂਨੀਅਨ ਪੰਜਾਬ ਦੇ ਸੂਬਾ ਸਲਾਹਕਾਰ ਪ੍ਰੇਮ ਚਾਵਲਾ ਤੇ ਜ਼ਿਲ੍ਹਾ ਪ੍ਰਧਾਨ ਸ਼ਿੰਦਰਪਾਲ ਸਿੰਘ ਢਿੱਲੋਂ, ਪੰਜਾਬ ਪੈਨਸ਼ਨਰਜ ਯੂਨੀਅਨ ਏਟਕ ਦੇ ਆਗੂ ਅਸ਼ੋਕ ਕੌਸ਼ਲ, ਕੁਲਵੰਤ ਸਿੰਘ ਚਾਨੀ, ਸੋਮ ਨਾਥ ਅਰੋੜਾ, ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਜ਼ਿਲ੍ਹਾ ਫ਼ਰੀਦਕੋਟ ਦੇ ਪ੍ਰਧਾਨ ਨਛੱਤਰ ਸਿੰਘ ਭਾਣਾ ਤੇ ਜਨਰਲ ਸਕੱਤਰ ਹਰਵਿੰਦਰ ਸ਼ਰਮਾ ਅਤੇ ਦੀ ਕਲਾਸ ਫੋਰ ਗੌਰਮਿੰਟ ਇੰਪਲਾਈਜ਼ ਯੂਨੀਅਨ ਜ਼ਿਲਾ ਫਰੀਦਕੋਟ ਦੇ ਜਨਰਲ ਸਕੱਤਰ ਇਕਬਾਲ ਸਿੰਘ ਰਣ ਸਿੰਘ ਵਾਲਾ ਨੇ ਪੰਜਾਬ ਸਰਕਾਰ ਨੂੰ ਸਵਾਲ ਕੀਤਾ ਹੈ ਕਿ ਜਦੋਂ ਸਰਕਾਰ ਦੀ ਆਮਦਨ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ ਤਾਂ ਫਿਰ ਉਹ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦਾ ਤਿੰਨ ਕਿਸ਼ਤਾਂ ਦਾ ਬਣਦਾ ਮਹਿੰਗਾਈ ਭੱਤਾ 38 ਫੀਸਦੀ ਤੇ ਪੰਜਾਬ ਦੇ ਛੇਵੇਂ ਤਨਖਾਹ ਕਮਿਸ਼ਨ ਦਾ ਬਕਾਇਆ ਕਿਉਂ ਨਹੀਂ ਦੇ ਰਹੀ?

ਇਸ ਤੋਂ ਇਲਾਵਾ ਨਿਗੂਣੇ ਮਾਣ ਭੱਤੇ 'ਤੇ ਕੰਮ ਕਰ ਰਹੀਆਂ ਆਸ਼ਾ ਵਰਕਰ, ਮਿੱਡ ਡੇਅ ਮੀਲ ਕੁੱਕ ਵਰਕਰ ਅਤੇ ਆਂਗਣਵਾੜੀ ਵਰਕਰਾਂ, ਹੈਲਪਰਾਂ ਤੇ ਆਉਟਸੋਰਸਿੰਗ ਅਧੀਨ ਵੱਖ-ਵੱਖ ਵਿਭਾਗਾਂ, ਬੋਰਡਾਂ ਅਤੇ ਯੂਨੀਵਰਸਿਟੀਆਂ ਵਿੱਚ ਕੰਮ ਕਰਦੇ ਮੁਲਾਜ਼ਮਾਂ ਨੂੰ ਪੰਜਾਬ ਸਰਕਾਰ ਦੇ ਸਰਕਾਰੀ ਮੁਲਾਜਮ ਮੰਨ ਕੇ ਘਟ ਤੋਂ ਘੱਟ ਉਜਰਤ ਕਾਨੂੰਨ ਦੇ ਘੇਰੇ ਵਿੱਚ ਕਿਉਂ ਨਹੀਂ ਲਿਆਂਦਾ ਜਾ ਰਿਹਾ?

ਆਗੂਆਂ ਨੇ ਭਗਵੰਤ ਸਿੰਘ ਮਾਨ ਸਰਕਾਰ ਤੋਂ ਮੰਗ ਕੀਤੀ ਕਿ ਪੰਜਾਬ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਪੰਜਾਬ ਦੇ ਸਮੂਹ ਮੁਲਾਜ਼ਮਾਂ ਤੇ ਪੈਨਸ਼ਨਰਾਂ ਨਾਲ ਕੀਤੇ ਗਏ ਚੋਣ ਵਾਅਦੇ ਤੁਰੰਤ ਪੂਰੇ ਕੀਤੇ ਜਾਣ ਤੇ ਦੀਵਾਲੀ ਤੋਂ ਪਹਿਲਾਂ ਮੁਲਾਜ਼ਮਾਂ, ਪੈਨਸ਼ਨਰਾਂ, ਠੇਕਾ, ਆਊਟਸੋਰਸ ਮੁਲਾਜ਼ਮਾਂ ਤੇ ਬੇਰੁਜ਼ਗਾਰ ਨੌਜਵਾਨਾਂ ਦੇ ਮਸਲੇ ਅਤੇ ਪੁਰਾਣੀ ਪੈਨਸ਼ਨ ਸਕੀਮ ਬਹਾਲ ਕਰਨ ਸਬੰਧੀ ਕੀਤੇ ਗਏ ਚੋਣ ਵਾਅਦੇ ਤੁਰੰਤ ਪੂਰੇ ਕੀਤੇ ਜਾਣ।

ਇਸ ਮੌਕੇ ਰਾਜਿੰਦਰ ਸਿੰਘ ਸਰਾਂ ਸੇਵਾ ਮੁਕਤ ਤਹਿਸੀਲਦਾਰ, ਇਕਬਾਲ ਸਿੰਘ ਮੰਘੇੜਾ, ਤਰਸੇਮ ਨਰੂਲਾ, ਕੁਲਦੀਪ ਸਿੰਘ ਸਹਿਦੇਵ, ਹਾਕਮ ਸਿੰਘ, ਗੁਰਾ ਸਿੰਘ ਢਿੱਲਵਾਂ, ਗੁਰਚਰਨ ਸਿੰਘ ਮਾ, ਸੁਖਚੈਨ ਸਿੰਘ ਥਾਂਦੇਵਾਲਾ, ਮੇਜਰ ਸਿੰਘ, ਪ੍ਰਿੰਸੀਪਲ ਬਲਵੀਰ ਸਿੰਘ ਬਰਾੜ, ਰਮੇਸ਼ ਢੈਪਈ, ਰਛਪਾਲ ਸਿੰਘ ਭੁੱਲਰ, ਅਮਰਜੀਤ ਕੌਰ ਛਾਬੜਾ ਤੇ ਗੇਜ ਰਾਮ ਭੌਰਾ ਆਦਿ ਸ਼ਾਮਲ ਸਨ।

# ਝੁੱਗੀਆਂ-ਝੌਂਪੜੀਆਂ ਤੋਂ ਸਕੂਲ ਤੱਕ ਪੁੱਜੇ 70 ਦੇ ਕਰੀਬ ਬੱਚੇ



**ਬਰਨਾਲਾ, (ਰਜਿੰਦਰ ਬਰਾੜ/ਰਕੇਸ਼ ਨੀਟਾ)**-ਸਿੱਖਿਆ ਤੋਂ ਵਾਂਝੇ ਗ਼ਰੀਬ ਘਰਾਂ ਦੇ ਬੱਚਿਆਂ ਦੇ ਭਵਿੱਖ ਨੂੰ ਵਿੱਦਿਆ ਦੇ ਚਾਨਣ ਨਾਲ ਰੁਸ਼ਨਾਉਣ ਲਈ ਕੈਬਨਿਟ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਜ਼ਿਲ੍ਹਾ ਬਰਨਾਲਾ 'ਚ ਵਿਸ਼ੇਸ਼ ਮੁਹਿੰਮ ਵਿੱਢੀ ਗਈ ਹੈ, ਜਿਸ ਤਹਿਤ ਅਨਾਜ ਮੰਡੀ ਦੇ ਝੁੱਗੀਆਂ-ਝੌਂਪੜੀਆਂ ਵਾਲੇ ਪਰਵਾਰਾਂ ਦੇ ਬੱਚਿਆਂ ਨੂੰ ਸਰਕਾਰੀ ਹਾਈ ਸਕੂਲ ਜੁਮਲਾ ਮਾਲਕਨ ਵਿੱਚ ਦਾਖ਼ਲ ਕੀਤਾ ਗਿਆ ਹੈ।

ਕੈਬਨਿਟ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਵੱਲੋਂ ਸਰਕਾਰੀ ਹਾਈ ਸਕੂਲ ਜੁਮਲਾ ਮਾਲਕਨ ਵਿਖੇ ਪੁੱਜ ਕੇ 69 ਬੱਚਿਆਂ ਨੂੰ ਵਰਦੀਆਂ, ਬੂਟ, ਸਟੇਸ਼ਨਰੀ ਤੇ ਰਿਫ਼ਰੈਸ਼ਮੈਂਟ ਦੀ ਵੰਡ ਕੀਤੀ ਗਈ। ਇਸ ਮੌਕੇ ਮੀਤ ਹੇਅਰ ਨੇ ਕਿਹਾ ਕਿ ਉਨ੍ਹਾਂ ਦਾ ਸੁਪਨਾ ਹੈ ਕਿ ਕੋਈ ਵੀ ਬੱਚਾ ਪੜ੍ਹਾਈ ਤੋਂ ਵਾਂਝਾ ਨਾ ਰਹੇ, ਖਾਸ ਕਰਕੇ ਆਰਥਿਕ ਤੌਰ 'ਤੇ ਗ਼ਰੀਬ ਤੇ ਸਹੂਲਤਾਂ ਤੋਂ ਵਿਹੂਣੇ ਬੱਚਿਆਂ ਨੂੰ ਸਿੱਖਿਆ ਦੇਣੀ ਬੇਹੱਦ ਜ਼ਰੂਰੀ ਹੈ ਤਾਂ ਜੁ ਅਜਿਹੇ ਬੱਚੇ ਉਚੇ ਮੁਕਾਮ 'ਤੇ ਪੁੱਜ ਸਕਣ। ਉਨ੍ਹਾਂ ਦੱਸਿਆ ਕਿ ਅਨਾਜ ਮੰਡੀ ਬਰਨਾਲਾ ਖੇਤਰ ਦਾ ਘਰ-ਘਰ ਸਰਵੇਖਣ ਕਰਾ ਕੇ ਅਜਿਹੇ ਬੱਚੇ ਜੋ ਕਦੇ ਸਕੂਲਾਂ ਵਿੱਚ ਨਹੀਂ ਗਏ ਜਾਂ ਪੜ੍ਹਾਈ ਅੱਧ ਵਿਚਾਲੇ ਛੱਡ ਚੁੱਕੇ ਸਨ, ਦੀ ਪਛਾਣ ਕਰਕੇ ਉਨ੍ਹਾਂ ਦੇ ਮਾਪਿਆਂ ਨੂੰ ਪ੍ਰੇਰਤ ਕੀਤਾ ਗਿਆ ਤਾਂ ਜੁ ਉਹ ਬੱਚਿਆਂ ਨੂੰ ਸਕੂਲ ਭੇਜਣ। ਇਨ੍ਹਾਂ ਬੱਚਿਆਂ ਨੂੰ ਰੋਜ਼ਾਨਾ ਸਕੂਲ ਲਿਜਾਣ ਤੇ ਘਰ ਛੱਡਣ ਦਾ ਵੀ ਵਿਸ਼ੇਸ਼ ਪ੍ਰਬੰਧ ਕੀਤਾ ਗਿਆ ਹੈ। ਇਸ ਮੌਕੇ ਡਿਪਟੀ ਕਮਿਸ਼ਨਰ ਡਾ. ਹਰੀਸ਼ ਨਈਅਰ ਨੇ ਦੱਸਿਆ ਕਿ ਇਨ੍ਹਾਂ ਬੱਚਿਆਂ ਦਾ ਮਾਨਸਿਕ ਪੱਧਰ ਅਤੇ ਸਿੱਖਿਆ ਦਾ ਪੱਧਰ ਜਾਣਨ ਲਈ ਵਿਸ਼ੇਸ਼ ਤੌਰ 'ਤੇ ਅਧਿਆਪਕਾਂ ਨੂੰ ਜ਼ਿੰਮੇਵਾਰੀ ਸੌਂਪੀ ਗਈ ਹੈ, ਜਿਸ ਦੇ ਆਧਾਰ 'ਤੇ ਇਨਾਂ ਨੂੰ ਜਮਾਤਾਂ 'ਚ ਦਾਖ਼ਲ ਕੀਤਾ ਜਾਵੇਗਾ। ਇਸ ਮੌਕੇ ਵਿਦਿਆਰਥਣ ਸੇਜਲ ਨੇ ਦੱਸਿਆ ਕਿ ਉਸ ਨੂੰ ਚੌਥੀ ਜਮਾਤ ਵਿਚ ਸਕੂਲ ਛੱਡਣਾ ਪਿਆ ਤੇ ਉਹ ਹੁਣ ਇਕ ਸਾਲ ਤੋਂ ਘਰ ਸੀ। ਹੁਣ ਉਸ ਨੇ ਦੁਬਾਰਾ ਸਕੂਲ ਆਉਣ ਸ਼ੁਰੂ ਕੀਤਾ ਹੈ ਤੇ ਉਸ ਨੂੰ ਸਕੂਲ ਦਾ ਮਾਹੌਲ ਬਹੁਤ ਵਧੀਆ ਲੱਗਿਆ। ਨੋਡਲ ਅਫ਼ਸਰ ਤੇ ਉਪ ਜ਼ਿਲ੍ਹਾ ਸਿੱਖਿਆ ਅਫਸਰ ਵਸੰਧਰਾ ਕਪਿਲਾ ਨੇ ਦੱਸਿਆ ਕਿ 8 ਸਾਲ ਦੀ ਰੁਚੀ ਪਹਿਲੀ ਵਾਰ ਸਕੂਲ ਆਈ ਹੈ, ਜੋ ਬਹੁਤ ਹੁਸ਼ਿਆਰ ਬੱਚੀ ਹੈ। ਉਨ੍ਹਾਂ ਦੱਸਿਆ ਕਿ ਇਨ੍ਹਾਂ ਬੱਚਿਆਂ ਵਿਚੋਂ ਬਹੁਤੇ ਪਹਿਲੀ ਵਾਰ ਸਕੂਲ ਦਾਖ਼ਲ ਹੋਏ ਹਨ, ਜਦੋਂਕਿ ਕਈਆਂ ਨੇ ਸਕੂਲ ਦੁਬਾਰਾ ਸ਼ੁਰੂ ਕੀਤਾ ਹੈ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਪਰਮਵੀਰ ਸਿੰਘ, ਐਸਡੀਐਮ ਗੋਪਾਲ ਸਿੰਘ, ਸਹਾਇਕ ਕਮਿਸ਼ਨਰ (ਸ਼ਿਕਾਇਤਾਂ) ਸੁਖਪਾਲ ਸਿੰਘ, ਜ਼ਿਲ੍ਹਾ ਸਿੱਖਿਆ ਅਫ਼ਸਰ ਸਰਬਜੀਤ ਸਿੰਘ ਤੂਰ, ਡਿਪਟੀ ਡੀਈਓ (ਐਲੀਮੈਂਟਰੀ) ਵਸੁੰਧਰਾ ਕਪਿਲਾ, ਹੋਰ ਅਧਿਕਾਰੀ ਤੇ ਸਕੂਲ ਸਟਾਫ ਹਾਜ਼ਰ ਸੀ।

## ਬਾਲਾਜੀ ਟਰੱਸਟ ਵੱਲੋਂ 24ਵੀਂ ਸਾਲਾਸਰ ਧਾਮ ਦੀ ਯਾਤਰਾ ਲਈ ਕਾਫ਼ਲਾ ਰਵਾਨਾ

**ਸੰਗਰੂਰ (ਪ੍ਰਵੀਨ ਸਿੰਘ)** ਪ੍ਰਾਚੀਨ ਸ਼ਿਵ ਮੰਦਰ ਬਗੀਚੀ ਵਾਲਾ ਵਿਖੇ ਜ਼ਿਲ੍ਹਾ ਸੰਗਰੂਰ ਸ੍ਰੀ ਬਾਲਾ ਜੀ ਟਰੱਸਟ ਦੇ ਸਮੂਹ ਮੈਂਬਰਾਂ ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸ੍ਰੀ ਸਾਲਾਸਰ ਧਾਮ (ਰਾਜਸਥਾਨ) ਵਿਖੇ 24ਵੀਂ ਪੈਦਲ ਯਾਤਰਾ ਆਰੰਭ ਕਰਨ ਤੋਂ ਪਹਿਲਾਂ ਪੂਜਨ ਕਰਾਇਆ ਗਿਆ।

ਸ੍ਰੀ ਬਜਰੰਗ ਬਲੀ ਜੀ ਦਾ ਗੁਣਗਾਨ ਕਰਕੇ ਸ੍ਰੀ ਹਨੂਮਾਨ ਚਾਲੀਸਾ ਪੜ੍ਹਿਆ ਗਿਆ ਤੇ ਆਰਤੀ ਕੀਤੀ ਗਈ। ਇਸ ਉਪਰੰਤ ਬਾਲਾ ਜੀ ਟਰੱਸਟ ਦੇ ਮੈਂਬਰਾਂ/ਭਗਤਜਨਾਂ ਦਾ ਕਾਫ਼ਲਾ ਸ੍ਰੀ ਬਾਲਾ ਜੀ ਦੇ ਜੈਕਾਰੇ ਲਾਉਂਦਾ ਹੋਇਆ ਸ਼ਹਿਰ ਵਿੱਚ ਦੀ ਮਾਤਾ ਕਾਲੀ ਦੇਵੀ ਮੰਦਰ ਪਹੁੰਚਿਆ। ਉਸ ਉਪਰੰਤ ਸੁਨਾਮ ਰੋਡ ਤੇ ਐਸ.ਐਸ. ਮਿਲਕ ਪ੍ਰੋਡਕਟਸ ਵਿਖੇ ਸ੍ਰੀ ਸਾਲਾਸਰ ਧਾਮ ਲੰਗਰ ਕਮੇਟੀ ਦੇ ਪ੍ਰਧਾਨ ਸ੍ਰੀ ਜੋਗਿੰਦਰਪਾਲ ਕਾਕਾ ਬਾਗੜੀ, ਚੇਅਰਮੈਨ ਐਡਵੋਕੇਟ ਪਵਨ ਕੁਮਾਰ ਗੁਪਤਾ, ਲੰਗਰ ਕਮੇਟੀ ਇੰਚਾਰਜ ਬਲਦੇਵ ਕਿਸ਼ਨ ਗੁਪਤਾ, ਸ੍ਰੀ ਰਾਜਿੰਦਰ ਗੋਇਲ, ਜਨਰਲ ਸਕੱਤਰ ਰਾਕੇਸ਼ ਕੁਮਾਰ ਗੋਇਲ, ਸਟੇਟ ਸੋਸ਼ਲ ਵੈਲਫ਼ੇਅਰ ਐਸੋਸੀਏਸ਼ਨ ਦੇ ਪ੍ਰਧਾਨ ਸ੍ਰੀ ਰਾਜ ਕੁਮਾਰ ਅਰੋੜਾ, ਹਰੀਸ਼ ਗੁਪਤਾ, ਅਸ਼ਵਨੀ ਬਾਂਸਲ, ਕੋਸ਼ਲ ਕੁਮਾਰ ਗਰਗ, ਅਸ਼ਵਨੀ ਗਰਗ, ਚਰੰਜੀ ਲਾਲ, ਨਿਰੰਜਨ ਦਾਸ ਸਿੰਗਲਾ, ਰਕੇਸ਼ ਗੁਪਤਾ ਆਦਿ ਵੱਲੋਂ ਪੈਦਲ ਯਾਤਰਾ ਦਾ ਸਵਾਗਤ ਕੀਤਾ ਗਿਆ ਤੇ ਪੂਰੀ ਸ਼ਰਧਾ ਤੇ ਸਤਿਕਾਰ ਨਾਲ ਨਾਸ਼ਤਾ ਕਰਾਇਆ ਗਿਆ। ਜ਼ਿਲ੍ਹਾ ਸੰਗਰੂਰ ਸ੍ਰੀ ਬਾਲਾ ਜੀ ਟਰੱਸਟ ਦੇ 24ਵੇਂ ਪੈਦਲ ਯਾਤਰਾ ਮੌਕੇ ਕਾਫ਼ਲੇ ਵਿੱਚ ਐਡਵੋਕੇਟ ਯੋਗੇਸ਼ ਗੁਪਤਾ, ਐਡਵੋਕੇਟ ਪਵਨ ਗੁਪਤਾ, ਰਜੇਸ਼ ਮਿੱਤਲ, ਨਰੇਸ਼ ਗਰਗ, ਮਨੋਹਰ ਲਾਲ, ਜਸ਼ਨ ਗੁਪਤਾ, ਅਨਿਲ ਤੁਲੀ (ਮੈਨੇਜਰ), ਬਲਦੇਵ ਗੁਪਤਾ, ਪਿੰਕੀ ਲੋਟੇ, ਜਸਪਾਲ ਗਰਗ ਬਿੱਟੂ, ਨਰਿੰਦਰ ਸ਼ਰਮਾ ਆਦਿ ਵੀ ਮੌਕੇ 'ਤੇ ਹਾਜ਼ਰ ਸਨ। ਸ੍ਰੀ ਪ੍ਰਾਚੀਨ ਸ਼ਿਵ ਮੰਦਰ ਬਗੀਚੀਵਾਲਾ ਦੇ ਪ੍ਰਧਾਨ ਸ੍ਰੀ ਰਜਿੰਦਰ ਕੁਮਾਰ ਗੋਇਲ, ਜਨਰਲ ਸਕੱਤਰ ਜਸਪਾਲ ਗਰਗ ਬਿੱਟੂ, ਸਰਪ੍ਰਸਤ ਗਿਆਨ ਚੰਦ ਸਿੰਗਲਾ, ਖ਼ਜ਼ਾਨਚੀ ਐਨ.ਡੀ. ਸਿੰਗਲਾ ਵੱਲੋਂ ਸਮੂਹ ਪੈਦਲ ਯਾਤਰਾ 'ਤੇ ਜਾਣ ਵਾਲੀਆਂ ਸੰਗਤਾਂ ਤੇ ਹੋਰਨਾਂ ਨੂੰ ਫ਼ਲ ਭੇਟ ਕੀਤੇ।

## ਕੈਬਨਿਟ ਮੰਤਰੀ ਧਾਲੀਵਾਲ ਤੇ ਵਿਧਾਇਕਾ ਮਾਣੂੰਕੇ ਨੇ ਝੋਨੇ ਦੀ ਸਰਕਾਰੀ ਖ਼ਰੀਦ ਕਰਾਈ ਸ਼ੁਰੂ

**ਜਗਰਾਉਂ, (ਸੰਜੀਵ ਅਰੋੜਾ)**-ਪੰਜਾਬ ਦੇ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਤੇ ਹਲਕਾ ਵਿਧਾਇਕਾ ਬੀਬੀ ਸਰਵਜੀਤ ਕੌਰ ਮਾਣੂੰਕੇ ਨੇ ਏਸ਼ੀਆ ਦੀ ਦੂਜੀ ਸਭ ਤੋਂ ਵੱਡੀ ਅਨਾਜ ਮੰਡੀ 'ਚ ਝੋਨੇ ਦੀ ਸਰਕਾਰੀ ਖਰੀਦ ਸ਼ੁਰੂ ਕਰਵਾਈ। ਮੰਡੀ 'ਚ ਜ਼ਿੰਮੀਦਾਰ ਗੁਰਪ੍ਰੀਤ ਸਿੰਘ ਕਾਉਂਕੇ ਕਲਾਂ ਦੀ ਫ਼ਸਲ ਦੀ ਖਰੀਦ ਆੜ੍ਹਤੀਆ ਨਿੱਕਾ ਸਿੰਘ ਅਜੈਬ ਸਿੰਘ ਕੁਲਾਰ ਵੱਲੋਂ ਮਾਰਕਫੈਡ ਦੁਆਰਾ ਕੀਤੀ ਗਈ। ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਕਿਹਾ ਕਿ ਉਹ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਵੱਲੋਂ ਦਿੱਤੇ ਨਿਰਦੇਸ਼ਾਂ ਦੇ ਮੁਤਾਬਕ ਪੰਜਾਬ ਦੀਆਂ ਸਾਰੀਆਂ ਅਨਾਜ ਮੰਡੀਆਂ ਦਾ ਦੌਰਾ ਕਰਕੇ ਉੱਥੇ ਚੱਲ ਰਹੇ ਝੋਨੇ ਦੇ ਖਰੀਦ ਪ੍ਰਬੰਧਾਂ ਨੂੰ ਚੈੱਕ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਸਰਕਾਰ ਵੱਲੋਂ ਪੰਜਾਬ ਦੀਆਂ ਸਾਰੀਆਂ ਅਨਾਜ ਮੰਡੀਆਂ 'ਚ ਝੋਨੇ ਦੀ ਖਰੀਦ ਦੇ ਬਹੁਤ ਵਧੀਆ ਪ੍ਰਬੰਧ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿਸਾਨਾਂ ਦੇ ਖਰੀਦ ਕੀਤੇ ਗਏ ਝੋਨੇ ਦੀ ਅਦਾਇਗੀ ਕਿਸਾਨਾਂ ਦੇ ਬੈਂਕ ਖਾਤਿਆਂ ਵਿੱਚ 48 ਘੰਟਿਆਂ ਦੇ ਅੰਦਰ-ਅੰਦਰ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਮੰਡੀ ਵਿੱਚ ਝੋਨਾ ਲੈ ਕੇ ਆ ਰਹੇ ਕਿਸੇ ਵੀ ਕਿਸਾਨ ਨੂੰ ਕੋਈ ਮੁਸ਼ਕਲ ਨਹੀਂ ਆਉਣ ਦਿੱਤੀ ਜਾਵੇਗੀ। ਇਸ ਮੌਕੇ ਪ੍ਰੋ. ਸੁਖਵਿੰਦਰ ਸਿੰਘ, ਗੋਪੀ ਸ਼ਰਮਾ, ਆੜ੍ਹਤੀ ਐਸੋਸੀਏਸ਼ਨ ਦੇ ਪ੍ਰਧਾਨ ਘਨੱਈਆ ਲਾਲ ਬਾਂਕਾ, ਆੜ੍ਹਤੀ ਐਸੋਸੀਏਸ਼ਨ ਦੇ ਪ੍ਰਧਾਨ ਸਵਰਨਜੀਤ ਸਿੰਘ ਗਿੱਦੜਵਿੰਡੀ, ਰਾਜ ਕੁਮਾਰ ਭੱਲਾ, ਪਰਮਜੀਤ ਸਿੰਘ ਪੰਮਾ, ਪਹਿਲਾਦ ਸਿੰਗਲਾ, ਬਲਵਿੰਦਰ ਸਿੰਘ ਭੰਮੀਪੁਰਾ, ਧਰਮਿੰਦਰ ਭਾਰਦਵਾਜ, ਰਾਜੂ ਮਹਾਂ ਲਕਸ਼ਮੀ, ਗੁਰਵਿੰਦਰ ਸਿੰਘ ਰਾਮਗੜ੍ਹ ਤੇ ਰਾਜਪਾਲ ਰਾਜੂ ਆਦਿ ਹਾਜ਼ਰ ਸਨ।

**Capital Small Finance Bank Ltd.**
MIDAS Corporate Park, 3rd Floor, 37, G.T. Road, Jalandhar-144001, Punjab, India

**ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਊਰਟੀ ਇੰਟਰੈੱਸਟ ਐਕਟ, 2002 ਦੇ ਸੈਕਸ਼ਨ 13 (2) ਅਧੀਨ ਨੋਟਿਸ**

ਹੇਠਾਂ ਦਰਸਾਏ ਕਰਜ਼ਦਾਰਾਂ ਅਤੇ ਗਰੰਟਰਾਂ ਨੂੰ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਊਰਟੀ ਇੰਟਰੈੱਸਟ, 2002 ਦੇ ਸੈਕਸ਼ਨ 13 (2) ਅਧੀਨ ਮਿਤੀ 23.09.2022 ਨੂੰ ਨੋਟਿਸ ਭੇਜਿਆ ਗਿਆ ਸੀ, ਜੋ ਡਾਕ ਵਿਭਾਗ ਵੱਲੋਂ ਵਾਪਸ ਕਰ ਦਿੱਤਾ ਗਿਆ ਸੀ ਅਤੇ ਅਧਿਕਾਰਤ ਅਫਸਰ ਨੂੰ ਯਕੀਨ ਹੋ ਗਿਆ ਹੈ ਕਿ ਕਰਜ਼ਦਾਰ/ਗਰੰਟਰ ਨੋਟਿਸ ਦੀ ਤਾਮੀਲ ਤੋਂ ਕੰਨੀ ਕਤਰਾ ਰਹੇ ਹਨ। ਇਸ ਲਈ ਉਨ੍ਹਾਂ ਨੂੰ ਇਸ ਜਨਤਕ ਨੋਟਿਸ ਰਾਹੀਂ ਉਹੀ ਜਾਣਕਾਰੀ ਦਿੱਤੀ ਜਾ ਰਹੀ ਹੈ।

1. ਕਰਜ਼ਦਾਰ : ਮੈਸਰਜ਼ ਮਲਹੋਤਰਾ ਫੈਬਰਿਕਸ ਰਾਹੀਂ ਇਸ ਦੇ ਪ੍ਰੋਪਰਾਇਟਰ ਅਕਾਸ਼ ਮਲਹੋਤਰਾ ਪੁੱਤਰ ਕੇਵਲ ਕ੍ਰਿਸ਼ਨ ਮਲਹੋਤਰਾ ਵਾਸੀ ਮਕਾਨ ਨੰ. 34 ਆਰ ਮਾਡਲ ਟਾਊਨ, ਲੁਧਿਆਣਾ। ਜੋ ਕਿ ਪਿੰਡ ਮਹਿਰਬਾਨ ਰਾਹੋਂ ਰੋਡ ਲੁਧਿਆਣਾ ਵਿਖੇ ਸਥਿਤ ਹੈ। ਦੂਜਾ ਪਤਾ : ਸ੍ਰੀ ਅਕਾਸ਼ ਮਲਹੋਤਰਾ ਪੁੱਤਰ ਕੇਵਲ ਕ੍ਰਿਸ਼ਨ ਮਲਹੋਤਰਾ ਵਾਸੀ ਮਕਾਨ ਨੰ. 05 ਬਸੰਤ ਐਵਨਿਊ ਐਕਸਟੈਂਸ਼ਨ ਲੁਧਿਆਣਾ।
2. ਗਰੰਟਰ : ਸ੍ਰੀਮਤੀ ਸ਼ਾਮਲੀ ਮਲਹੋਤਰਾ ਪਤਨੀ ਅਕਾਸ਼ ਮਲਹੋਤਰਾ ਵਾਸੀ ਮਕਾਨ ਨੰ. 34 ਆਰ ਮਾਡਲ ਟਾਊਨ, ਲੁਧਿਆਣਾ। ਦੂਜਾ ਪਤਾ : ਸ੍ਰੀਮਤੀ ਸ਼ਾਮਲੀ ਮਲਹੋਤਰਾ ਪਤਨੀ ਅਕਾਸ਼ ਮਲਹੋਤਰਾ ਵਾਸੀ ਮਕਾਨ ਨੰ. 05 ਬਸੰਤ ਐਵਨਿਊ ਐਕਸਟੈਂਸ਼ਨ ਲੁਧਿਆਣਾ।
3. ਗਰੰਟਰ : ਕੇਵਲ ਕ੍ਰਿਸ਼ਨ ਮਲਹੋਤਰਾ ਪੁੱਤਰ ਚੁੰਨੀ ਲਾਲ ਮਲਹੋਤਰਾ ਵਾਸੀ ਮਕਾਨ ਨੰ. 34 ਆਰ ਮਾਡਲ ਟਾਊਨ, ਲੁਧਿਆਣਾ। (ਹੁਣ ਮ੍ਰਿਤਕ ਰਾਹੀਂ ਇਸ ਦੇ ਕਾਨੂੰਨੀ ਵਾਰਿਸ।) 1. ਸ੍ਰੀ ਅਕਾਸ਼ ਮਲਹੋਤਰਾ ਪੁੱਤਰ ਸ੍ਰੀ ਕੇਵਲ ਕ੍ਰਿਸ਼ਨ ਮਲਹੋਤਰਾ ਵਾਸੀ ਮਕਾਨ ਨੰ. 34 ਆਰ ਮਾਡਲ ਟਾਊਨ, ਲੁਧਿਆਣਾ। ਦੂਜਾ ਪਤਾ : ਸ੍ਰੀ ਅਕਾਸ਼ ਮਲਹੋਤਰਾ ਪੁੱਤਰ ਕੇਵਲ ਕ੍ਰਿਸ਼ਨ ਮਲਹੋਤਰਾ ਵਾਸੀ ਮਕਾਨ ਨੰ. 05 ਬਸੰਤ ਐਵਨਿਊ ਐਕਸਟੈਂਸ਼ਨ ਲੁਧਿਆਣਾ। 2. ਸ੍ਰੀਮਤੀ ਰੇਨੂ ਸਚਦੇਵਾ ਪਤਨੀ ਰਬਿੰਦਰ ਕੁਮਾਰ ਵਾਸੀ ਮਕਾਨ ਨੰ. 609/07, ਗਲੀ ਨੰ.5 ਨੇੜੇ ਸਿੰਘ ਸਭਾ ਗੁਰਦੁਆਰਾ ਸਾਹਿਬ ਸ਼ਾਮ ਨਗਰ ਲੁਧਿਆਣਾ। 3. ਸ੍ਰੀਮਤੀ ਸੰਦੀਪਕਾ ਮਲਹੋਤਰਾ ਪਤਨੀ ਸੁਭਾਸ਼ ਚੰਦਰ ਵਾਸੀ ਮਕਾਨ ਨੰ. 609/07, ਗਲੀ ਨੰ.5 ਨੇੜੇ ਸਿੰਘ ਸਾਹਿਬ ਗੁਰਦੁਆਰਾ ਸਾਹਿਬ ਸ਼ਾਮ ਨਗਰ ਲੁਧਿਆਣਾ। 4.ਸ੍ਰੀਮਤੀ ਸੰਜਨਾ ਖੋਸਲਾ ਪਤਨੀ ਅਨਿਲ ਖੋਸਲਾ ਮਕਾਨ ਨੰ. 701 ਦੁਗਰੀ ਢਾਂਡਰਾ ਰੋਡ ਨੇੜੇ ਸਾਈਂ ਬਾਬਾ ਮੰਦਰ ਬਸੰਤ ਐਵਨਿਊ, ਲੁਧਿਆਣਾ 5. ਸ੍ਰੀਮਤੀ ਅੰਜੂ ਬੋਹਰਾ ਪਤਨੀ ਵਿਜੇ ਕੁਮਾਰ ਬੋਹਰਾ ਵਾਸੀ 345 ਸ਼ਾਹਪੁਰ ਰੋਡ ਲੁਧਿਆਣਾ 6.ਸ੍ਰੀਮਤੀ ਮੰਜੂ ਪਤਨੀ ਸ੍ਰੀ ਗੁਲਸ਼ਨ ਵਾਸੀ ਮਕਾਨ ਨੰ. 05 ਗੁਰਮੀਤ ਨਗਰ ਮਿੱਠਾਪੁਰ ਰੋਡ ਜਲੰਧਰ।
4.ਗਰੰਟਰ : ਸ੍ਰੀਮਤੀ ਦਮਨ ਮਲਹੋਤਰਾ ਪਤਨੀ ਕੇਵਲ ਕ੍ਰਿਸ਼ਨ ਮਲਹੋਤਰਾ ਵਾਸੀ ਮਕਾਨ ਨੰ. 34 ਆਰ ਮਾਡਲ ਟਾਊਨ, ਲੁਧਿਆਣਾ। (ਹੁਣ ਮ੍ਰਿਤਕ ਰਾਹੀਂ ਇਸ ਦੇ ਕਾਨੂੰਨੀ ਵਾਰਿਸ।) 1. ਸ੍ਰੀ ਅਕਾਸ਼ ਮਲਹੋਤਰਾ ਪੁੱਤਰ ਸ੍ਰੀ ਕੇਵਲ ਕ੍ਰਿਸ਼ਨ ਮਲਹੋਤਰਾ ਵਾਸੀ ਮਕਾਨ ਨੰ. 34 ਆਰ ਮਾਡਲ ਟਾਊਨ, ਲੁਧਿਆਣਾ। ਦੂਜਾ ਪਤਾ : ਸ੍ਰੀ ਅਕਾਸ਼ ਮਲਹੋਤਰਾ ਪੁੱਤਰ ਕੇਵਲ ਕ੍ਰਿਸ਼ਨ ਮਲਹੋਤਰਾ ਵਾਸੀ ਮਕਾਨ ਨੰ. 05 ਬਸੰਤ ਐਵਨਿਊ ਐਕਸਟੈਂਸ਼ਨ ਲੁਧਿਆਣਾ। 2. ਸ੍ਰੀਮਤੀ ਰੇਨੂ ਸਚਦੇਵਾ ਪਤਨੀ ਰਵਿੰਦਰ ਕੁਮਾਰ ਵਾਸੀ ਮਕਾਨ ਨੰ. 609/07, ਗਲੀ ਨੰ.5 ਨੇੜੇ ਸਿੰਘ ਸਭਾ ਗੁਰਦੁਆਰਾ ਸਾਹਿਬ ਸ਼ਾਮ ਨਗਰ ਲੁਧਿਆਣਾ। 3. ਸ੍ਰੀਮਤੀ ਸੰਦੀਪਕਾ ਮਲਹੋਤਰਾ ਪਤਨੀ ਸੁਭਾਸ਼ ਚੰਦਰ ਵਾਸੀ ਮਕਾਨ ਨੰ. 609/07, ਗਲੀ ਨੰ.5 ਨੇੜੇ ਸਿੰਘ ਸਭਾ ਗੁਰਦੁਆਰਾ ਸਾਹਿਬ ਸ਼ਾਮ ਨਗਰ ਲੁਧਿਆਣਾ। 4. ਸ੍ਰੀਮਤੀ ਸੰਜਨਾ ਖੋਸਲਾ ਪਤਨੀ ਅਨਿਲ ਖੋਸਲਾ ਮਕਾਨ ਨੰ. 701 ਦੁਗਰੀ ਢਾਂਡਰਾ ਰੋਡ ਨੇੜੇ ਸਾਈਂ ਬਾਬਾ ਮੰਦਰ ਬਸੰਤ ਐਵਨਿਊ, ਲੁਧਿਆਣਾ 5. ਸ੍ਰੀਮਤੀ ਅੰਜੂ ਵੋਹਰਾ ਪਤਨੀ ਵਿਜੇ ਕੁਮਾਰ ਵੋਹਰਾ ਵਾਸੀ 345 ਸ਼ਾਹਪੁਰ ਰੋਡ ਲੁਧਿਆਣਾ 6.ਸ੍ਰੀਮਤੀ ਮੰਜੂ ਪਤਨੀ ਸ੍ਰੀ ਗੁਲਸ਼ਨ ਵਾਸੀ ਮਕਾਨ ਨੰ. 05 ਗੁਰਮੀਤ ਨਗਰ ਮਿੱਠਾਪੁਰ ਰੋਡ ਜਲੰਧਰ।
5. ਗਰੰਟਰ : ਸ੍ਰੀਮਤੀ ਰੇਨੂ ਸਚਦੇਵਾ ਪਤਨੀ ਰਵਿੰਦਰ ਕੁਮਾਰ ਵਾਸੀ ਮਕਾਨ ਨੰ. 609/07, ਗਲੀ ਨੰ.5 ਨੇੜੇ ਸਿੰਘ ਸਭਾ ਗੁਰਦੁਆਰਾ ਸਾਹਿਬ ਸ਼ਾਮ ਨਗਰ ਲੁਧਿਆਣਾ।
6. ਗਰੰਟਰ : ਸ੍ਰੀਮਤੀ ਸੰਦੀਪਕਾ ਮਲਹੋਤਰਾ ਪਤਨੀ ਸੁਭਾਸ਼ ਚੰਦਰ ਵਾਸੀ ਮਕਾਨ ਨੰ. 609/07, ਗਲੀ ਨੰ.5 ਨੇੜੇ ਸਿੰਘ ਸਭਾ ਗੁਰਦੁਆਰਾ ਸਾਹਿਬ ਸ਼ਾਮ ਨਗਰ ਲੁਧਿਆਣਾ।
7. ਗਰੰਟਰ : ਸ੍ਰੀਮਤੀ ਸੰਜਨਾ ਖੋਸਲਾ ਪਤਨੀ ਅਨਿਲ ਖੋਸਲਾ ਮਕਾਨ ਨੰ. 701 ਦੁਗਰੀ ਢਾਂਡਰਾ ਰੋਡ ਨੇੜੇ ਸਾਈਂ ਬਾਬਾ ਮੰਦਰ ਬਸੰਤ ਐਵਨਿਊ, ਲੁਧਿਆਣਾ
8. ਗਰੰਟਰ : ਸ੍ਰੀਮਤੀ ਅੰਜੂ ਵੋਹਰਾ ਪਤਨੀ ਵਿਜੇ ਕੁਮਾਰ ਵੋਹਰਾ ਵਾਸੀ 345 ਸ਼ਾਹਪੁਰ ਰੋਡ ਲੁਧਿਆਣਾ
9. ਗਰੰਟਰ : ਸ੍ਰੀਮਤੀ ਮੰਜੂ ਪਤਨੀ ਸ੍ਰੀ ਗੁਲਸ਼ਨ ਵਾਸੀ ਮਕਾਨ ਨੰ. 05 ਗੁਰਮੀਤ ਨਗਰ ਮਿੱਠਾਪੁਰ ਰੋਡ, ਜਲੰਧਰ।

| ਮਨਜ਼ੂਰ ਕੀਤੀ ਗਈ ਸਹੂਲਤ ਦੀ ਕਿਸਮ/ਕਰਜ਼ਾ ਨੰ. | ਮਨਜ਼ੂਰਸ਼ੁਦਾ ਕੁੱਲ ਰਾਸ਼ੀ | ਡਿਮਾਂਡ ਨੋਟਿਸ ਦੀ ਮਿਤੀ ਨੂੰ ਕੁੱਲ ਬਕਾਇਆ ਰਾਸ਼ੀ (1.09.2022 ਤੋਂ ਵਿਆਜ ਨੂੰ ਕੱਢ ਕੇ) |
|---|---|---|
| ODT LIMIT/ 090400000040 | Rs. 1,50,00,000 | Rs. 1,75,21,533 |
| WCTL /090612000003 | Rs. 50,00,000 | Rs. 44,96,806 |
| WCTL-ECLGS/090612000012 | Rs. 1,00,00,000 | Rs. 1,06,35,027 |
| WCTL-ECLGS/090612000042 | Rs. 50,00,000 | Rs. 53,17,195 |
| WCTL/090612000043 | Rs. 2,50,00,000 | Rs. 2,80,63,744 |
| PROJ/ 090624000004 | Rs. 21,00,000 | Rs. 22,96,362 |
| PROJ/ 090624000007 | Rs. 30,00,000 | Rs. 33,18,883 |

ਪ੍ਰਾਇਮਰੀ ਸਕਿਉਰਟੀ
ਸਟਾਕ ਦਾ ਗਿਰਵੀਂਨਾਮਾ ਅਤੇ ਉਧਾਰ ਖਾਤਾ ਕੋਲੈਟਰਲ ਸਕਿਉਰਟੀ

1. ਅਚੱਲ ਜਾਇਦਾਦ ਦਾ ਉਚਿੱਤ ਗਿਰਵੀਂਨਾਮਾ : ਜਾਇਦਾਦ ਦਾ ਸਾਰਾ ਅਨਿੱਖੜਵਾਂ ਹਿੱਸਾ, ਜਿਸ ਦੀ ਪੈਮਾਇਸ਼ (ਕੁੱਲ 1270 ਵਰਗ ਗਜ਼)

ਏ) ਅਕਾਸ਼ ਮਲਹੋਤਰਾ ਪੁੱਤਰ ਕੇਵਲ ਕ੍ਰਿਸ਼ਨ ਮਲਹੋਤਰਾ ਦੀ ਮਾਲਕੀ ਵਾਲੀ 952.50 ਵਰਗ ਗਜ਼ ਜਾਇਦਾਦ ਵਿਕਰੀ ਡੀਡ ਦਾ ਵਸੀਕਾ ਨੰ. 2626 ਮਿਤੀ 8.05.2017, ਵਿਕਰੀ ਡੀਡ ਦਾ ਵਸੀਕਾ ਨੰ. 2621 ਮਿਤੀ 8.05.2017, ਵਿਕਰੀ ਡੀਡ ਜਿਸ ਦਾ ਵਸੀਕਾ ਨੰ. 4305 ਮਿਤੀ 30.05.2017 ਅਤੇ ਤਬਦੀਲੀ ਡੀਡ ਜਿਸ ਦਾ ਵਸੀਕਾ ਨੰ. 2021-22/106/1/21683 ਮਿਤੀ 11.03.2022 ਹੈ।

ਬੀ) ਪਿੰਡ ਮਿਹਰਬਾਨ ਨੇੜੇ ਪੁਲਸ ਸਟੇਸ਼ਨ ਰੋਡ, ਰਾਹੋਂ ਰੋਡ ਜ਼ਿਲ੍ਹਾ ਲੁਧਿਆਣਾ ਵਿਖੇ ਸਥਿਤ ਸ਼ਿਆਮਲੀ ਮਲਹੋਤਰਾ ਪਤਨੀ ਅਕਾਸ਼ ਮਲਹੋਤਰਾ ਦੀ ਵਿਕਰੀ ਡੀਡ ਦਾ ਵਸੀਕਾ ਨੰ. 4304 ਮਿਤੀ 30.05.2017 ਦੀ 317.50 ਵਰਗ ਪੈਮਾਇਸ਼ ਵਾਲੀ ਜਾਇਦਾਦ ਦਾ ਅਨਿੱਖੜਵਾਂ ਹਿੱਸਾ।

2. ਅਚੱਲ ਜਾਇਦਾਦ ਦਾ ਗਿਰਵੀਨਾਮਾ ਪਿੰਡ ਮਿਹਰਬਾਨ ਨੇੜੇ ਪੁਲਸ ਸਟੇਸ਼ਨ ਰੋਡ, ਜ਼ਿਲ੍ਹਾ ਲੁਧਿਆਣਾ ਵਿਖੇ ਸਥਿਤ ਅਕਾਸ਼ ਮਲਹੋਤਰਾ ਪੁੱਤਰ ਕੇਵਲ ਕ੍ਰਿਸ਼ਨ ਮਲਹੋਤਰਾ ਵਿਕਰੀ ਡੀਡ ਦਾ ਵਸੀਕਾ ਨੰ. 2019-20/106/1/14940 ਮਿਤੀ 25.09.2019 ਦੀ 29 ਮਰਲੇ ਪੈਮਾਇਸ਼ ਵਾਲੀ ਜਾਇਦਾਦ ਦਾ ਅਨਿੱਖਵਾਂ ਹਿੱਸਾ।

ਸਕਿਉਰਟਾਈਜੇਸ਼ਨ ਅਤੇ ਰੀਕੰਸਟਰੱਕਸ਼ਨ ਆਫ ਫਾਇਨੈਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਊਰਟੀ ਇੰਟਰੈੱਸਟ ਐਕਟ 2002 ਦੇ ਸੈਕਸ਼ਨ 13 ਤਹਿਤ ਬੈਂਕ ਇਸ ਜਨਤਕ ਨੋਟਿਸ ਰਾਹੀਂ ਤੁਹਾਨੂੰ ਬੈਂਕ ਦੇ ਵਹੀ ਖਾਤਿਆਂ 'ਚ ਤੁਹਾਡੇ ਵਿਰੁੱਧ ਸਾਰੀਆਂ ਬਕਾਇਆ ਰਕਮਾਂ ਇਸ ਦੀ ਬਰਾਂਚ ਮਿਹਰਬਾਨ, ਲੁਧਿਆਣਾ 'ਚ, ਸਮੇਤ ਇਸ ਉਪਰ ਭਵਿੱਖੀ ਵਿਆਜ, ਸਮੇਂ-ਸਮੇਂ 'ਤੇ ਬੈਂਕ ਵੱਲੋਂ ਕੀਤੇ ਗਏ ਹੋਰ ਖਰਚਿਆਂ ਅਤੇ ਲਾਗਤਾਂ ਨਾਲ ਸਾਰੀਆਂ ਮੁਕੰਮਲ ਦੇਣਦਾਰੀਆਂ, ਇਸ ਨੋਟਿਸ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਜਮ੍ਹਾਂ ਕਰਵਾਉਣ ਦਾ ਸੱਦਾ ਦਿੰਦਾ ਹੈ, ਅਸਫਲ ਰਹਿਣ 'ਤੇ ਤੁਹਾਡੇ ਜੋਖਮ ਅਤੇ ਲਾਗਤਾਂ 'ਤੇ ਬੈਂਕ ਐਕਟ (ਸੁਪਰਾ) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦਰਸਾਏ ਸਾਰੇ ਜਾਂ ਕਿਸੇ ਇੱਕ ਢੰਗ ਨਾਲ ਸਕਿਉਰਡ ਕਰਜ਼ਾ ਵਸੂਲਣ ਲਈ ਕਾਰਵਾਈ ਕਰੇਗਾ: -(ਏ) ਸਕਿਉਰਡ ਐੱਸਟਸ ਦੀ ਵਸੂਲੀ ਲਈ ਵਿਕਰੀ (ਬੀ) ਸਕਿਉਰਡ ਐੱਸਟਸ ਦੇ ਪ੍ਰਬੰਧ ਨੂੰ ਆਪਣੇ ਹੱਥਾਂ ਵਿੱਚ ਲੈਣ ਸਮੇਤ ਸਕਿਉਰਡ ਐੱਸਟਸ ਦਾ ਕਬਜ਼ਾ ਲੈ ਕੇ ਤਬਦੀਲ ਕਰਨ ਦਾ ਅਧਿਕਾਰ ਸਮੇਤ ਸਕਿਉਰਡ ਐੱਸਟਸ ਦੀ ਵਸੂਲੀ ਲਈ ਵਿਕਰੀ ਰਾਹੀਂ ਤਬਦੀਲ ਕਰਨ ਦਾ ਅਧਿਕਾਰ (ਸੀ) ਸਕਿਉਰਡ ਐੱਸਟਸ ਦੇ ਪ੍ਰਬੰਧ ਲਈ ਕਿਸੇ ਵਿਅਕਤੀ ਦੀ ਨਿਯੁਕਤੀ (ਡੀ) ਕਿਸੇ ਸਮੇਂ ਵੀ ਲਿਖਤੀ ਨੋਟਿਸ ਰਾਹੀਂ, ਕਿਸੇ ਵਿਅਕਤੀ ਜਿਸ ਨੇ ਤੁਹਾਡੇ ਕੋਲੋਂ ਕੋਈ ਵੀ ਸਕਿਉਰਡ ਐੱਸਟਸ ਪ੍ਰਾਪਤ ਕੀਤਾ ਹੋਵੇ, ਬੈਂਕ ਨੂੰ ਅਦਾਇਗੀ ਲਈ ਸੱਦਣਾ।

ਅੱਗੇ ਕਿਰਪਾ ਕਰਕੇ ਧਿਆਨ ਦਿੱਤਾ ਜਾਵੇ ਕਿ ਜੇਕਰ ਕਰਜ਼ਦਾਰ/ਗਰੰਟਰ ਇਸ ਨੋਟਿਸ ਦੀ ਪ੍ਰਕਾਸ਼ਨਾ ਮਿਤੀ ਤੋਂ 60 ਦਿਨਾਂ ਦੇ ਅੰਦਰ ਸਾਰੀਆਂ ਮੁਕੰਮਲ ਦੇਣਦਾਰੀਆਂ ਅਦਾ ਕਰਨ 'ਚ ਅਸਫਲ ਰਹਿੰਦੇ ਹਨ ਅਤੇ ਬੈਂਕ (ਸੁਪਰਾ) ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ 4 ਅਧੀਨ ਕੋਈ ਕਾਰਵਾਈ ਕਰਦਾ ਹੈ ਤਾਂ ਕਰਜ਼ਦਾਰ/ਗਰੰਟਰਾਂ ਨੂੰ ਬੈਂਕ ਵੱਲੋਂ ਸਹਿਣ ਕੀਤੀਆਂ ਜਾਣ ਵਾਲੀਆਂ ਸਾਰੀਆਂ ਲਾਗਤਾਂ, ਚਾਰਜਿਜ, ਖਰਚੇ ਅਦਾ ਕਰਨੇ ਪੈਣਗੇ। ਜੇਕਰ ਸਕਿਉਰਡ ਐੱਸਟਸ ਦੀ ਵਿਕਰੀ ਦੀ ਕਾਰਵਾਈ ਨਾਲ ਬੈਂਕ ਦੇ ਸਾਰੇ ਬਕਾਏ ਮੁਕੰਮਲ ਤੌਰ 'ਤੇ ਵਸੂਲ ਨਹੀਂ ਹੁੰਦੇ ਤਾਂ ਬੈਂਕ ਬਕਾਇਆ ਰਕਮ ਤੁਹਾਡੇ ਅਤੇ ਗਰੰਟਰਾਂ ਅਤੇ ਹੋਰ ਜ਼ਿੰਮੇਵਾਰ ਵਿਅਕਤੀਆਂ ਕੋਲੋਂ ਨਿੱਜੀ ਤੌਰ 'ਤੇ ਵਸੂਲੀ ਕਰਨ ਲਈ ਕਾਰਵਾਈ ਕਰੇਗਾ। ਇਹ ਨੋਟਿਸ ਬੈਂਕ ਨੂੰ ਪ੍ਰਾਪਤ ਅਧਿਕਾਰਾਂ, ਉਪਲੱਬਧ ਹੱਲ ਅਤੇ ਕਾਨੂੰਨੀ ਰੀਕੋਰਸ ਅਨੁਸਾਰ ਬਿਨਾਂ ਕਿਸੇ ਪੱਖਪਾਤ ਦੇ ਹੈ।

# ਰਾਜ ਪੱਧਰੀ 'ਸਵੱਛ ਭਾਰਤ ਦਿਵਸ' ਮੌਕੇ ਗ੍ਰਾਮ ਪੰਚਾਇਤ ਉਟਾਲਾਂ ਦਾ ਸਨਮਾਨ

**ਸਮਰਾਲਾ, (ਸੁਰਜੀਤ ਸਿੰਘ)** ਜ਼ਿਲ੍ਹੇ ਦਾ ਸਭ ਤੋਂ ਸਾਫ਼ ਸੁਥਰਾ ਪਿੰਡ ਹੋਣ ਤੇ ਬਲਾਕ ਦੇ ਪਿੰਡ ਉਟਾਲਾਂ ਨੂੰ 'ਮੇਰਾ ਪਿੰਡ ਮੇਰੀ ਜ਼ਿੰਮੇਵਾਰੀ' ਮੁਹਿੰਮ ਤਹਿਤ ਇਕ ਲੱਖ ਰੁਪਏ ਦੀ ਇਨਾਮ ਰਾਸ਼ੀ, ਸਨਮਾਨ ਚਿੰਨ੍ਹ ਤੇ ਪ੍ਰਮਾਣ ਪੱਤਰ ਦੇ ਕੇ ਪੰਜਾਬ ਸਰਕਾਰ ਵੱਲੋਂ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ।

ਬੀਤੇ ਦਿਨੀਂ ਹੁਸ਼ਿਆਰਪੁਰ ਵਿਖੇ ਪੰਜਾਬ ਸਰਕਾਰ ਵੱਲੋਂ ਕਰਾਏ ਗਏ ਰਾਜ ਪੱਧਰੀ 'ਸਵੱਛ ਭਾਰਤ ਦਿਵਸ' ਮੌਕੇ ਜੈਸਿਸ ਕੈਬਰਿਜ਼ ਸਕੂਲ ਦੇ ਆਡੀਟੋਰੀਅਮ ਵਿਖੇ ਹੋਏ ਸਮਾਗਮ ਵਿੱਚ ਬ੍ਰਹਮ ਸ਼ੰਕਰ ਜਿੰਪਾ ਜਲ ਸਪਲਾਈ ਤੇ ਸੈਨੀਟੇਸ਼ਨ ਮੰਤਰੀ ਪੰਜਾਬ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਇਸ ਮੌਕੇ ਮੁੱਖ ਮਹਿਮਾਨ ਵੱਲੋਂ ਪਿੰਡ ਉਟਾਲਾਂ ਦੀ ਪੰਚਾਇਤ ਨੂੰ ਸਨਮਾਨਤ ਕੀਤਾ ਗਿਆ।



ਇਸ ਮੌਕੇ ਪਿੰਡ ਦੇ ਸਰਪੰਚ ਪ੍ਰੇਮਵੀਰ ਸੱਦੀ, ਲਖਬੀਰ ਸਿੰਘ ਬਲਾਲਾ ਵੀ.ਡੀ.ਓ, ਸਰਬਜੀਤ ਸਿੰਘ ਜੇ.ਈ, ਗੁਰਪ੍ਰੀਤ ਸਿੰਘ ਤੇ ਜਸਵੀਰ ਕੌਰ, ਚੰਨਵੀਰ ਸਿੰਘ ਪੰਚ, ਜਸਵਿੰਦਰ ਸਿੰਘ ਪੰਚ, ਰਣਧੀਰ ਸਿੰਘ ਧੀਰਾ, ਗੁਰਪ੍ਰੀਤ ਸਿੰਘ ਤੇ ਕੁਲਦੀਪ ਸਿੰਘ ਉਟਾਲਾਂ ਸਮਾਜ ਸੇਵੀ ਹਾਜ਼ਰ ਸਨ। ਇਸ ਸਮਾਗਮ ਵਿੱਚ ਡਾ. ਰਵਜੋਤ ਸਿੰਘ ਵਿਧਾਇਕ ਸ਼ਾਮ ਚੁਰਾਸੀ, ਕਰਮਬੀਰ ਸਿੰਘ ਘੁੰਮਣ ਵਿਧਾਇਕ ਦਸੂਹਾ, ਜਸਵੀਰ ਸਿੰਘ ਰਾਜਾ ਗਿੱਲ ਵਿਧਾਇਕ ਟਾਂਡਾ ਅਤੇ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਦੇ ਪ੍ਰਮੁੱਖ ਸਕੱਤਰ ਡੀ.ਕੇ. ਤਿਵਾੜੀ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

ਸਰਬਜੀਤ ਸਿੰਘ ਬਲਾਕ ਵਿਕਾਸ ਤੇ ਪੰਚਾਇਤ ਅਫ਼ਸਰ ਸਮਰਾਲਾ, ਹਰਜੀਤ ਸਿੰਘ ਪੰਚਾਇਤ ਅਫਸਰ, ਗੁਰਜੀਤਪਾਲ ਸਿੰਘ ਜੇ.ਈ. ਤੇ ਹਰਜੀਤ ਸਿੰਘ ਸਹਾਇਕ ਇੰਜਨੀਅਰ ਨੇ ਪਿੰਡ ਉਟਾਲਾਂ ਨੂੰ ਇਹ ਸਨਮਾਨ ਮਿਲਣ 'ਤੇ ਖੁਸ਼ੀ ਦਾ ਪ੍ਰਗਟਾਵਾ ਕੀਤਾ ਹੈ।

ਸਨਮਾਨ ਲੈਣ ਉਪਰੰਤ ਪਿੰਡ ਉਟਾਲਾਂ ਦੇ ਸਰਪੰਚ ਪ੍ਰੇਮਵੀਰ ਸੱਦੀ ਨੇ ਦੱਸਿਆ ਕਿ ਪਿੰਡ ਉਟਾਲਾਂ ਵਿੱਚ ਤਰਲ ਅਤੇ ਠੋਸ ਕੂੜੇ ਦੇ ਨਿਪਟਾਰੇ ਲਈ ਪਲਾਂਟ ਲਾਇਆ ਗਿਆ ਹੈ। ਘਰ ਘਰ ਤੋਂ ਕੂੜਾ ਇਕੱਤਰ ਕਰਕੇ ਖਾਦ ਬਣਾਉਣ ਦਾ ਕੰਮ ਕੀਤਾ ਜਾਂਦਾ ਹੈ। ਇਸ ਕੰਮ ਨੂੰ ਗ੍ਰਾਮ ਪੰਚਾਇਤ ਤੇ ਪਿੰਡ ਨਿਵਾਸੀਆਂ ਦਾ ਪੂਰਾ ਸਹਿਯੋਗ ਹੈ। ਪਿੰਡ ਦੇ ਹਰੇਕ ਘਰ ਵਿੱਚ ਪਖਾਨੇ ਬਣੇ ਹੋਣ ਕਾਰਨ ਪਿੰਡ ਨੂੰ ਖੁੱਲ੍ਹੇ 'ਚ ਸ਼ੋਚ ਮੁਕਤ ਦਾ ਦਰਜਾ ਵੀ ਹਾਸਲ ਹੈ। ਇਸ ਪ੍ਰਾਪਤੀ ਲਈ ਉਨ੍ਹਾਂ ਸਮੂਹ ਪਿੰਡ ਵਾਸੀਆਂ ਦਾ ਦਿਲੋਂ ਧੰਨਵਾਦ ਕੀਤਾ।

## ...ਸ.ਫ਼ਾ 1 ਦੇ ਬਾਕੀ

### ਅਮਰੀਕਾ ਤੋਂ ਥਾਈਲੈਂਡ...

ਆਉਣ ਬਾਰੇ ਕਾਫੀ ਉਤਸ਼ਾਹਤ ਸਨ।

ਮੁੱਖ ਮੰਤਰੀ ਭਗਵੰਤ ਮਾਨ ਨੇ ਪੰਜਾਬੀ ਪਰਵਾਰ ਦੇ ਹੋਏ ਕਤਲ ਦੀ ਜਾਂਚ ਲਈ ਅਮਰੀਕਾ ਦੀ ਫੈਡਰਲ ਸਰਕਾਰ ਨੂੰ ਪ੍ਰਭਾਵਿਤ ਕਰਨ ਲਈ ਵਿਦੇਸ਼ ਮੰਤਰੀ ਦੇ ਦਖਲ ਦੀ ਮੰਗ ਕੀਤੀ ਹੈ ਮੁੱਖ ਮੰਤਰੀ ਨੇ ਕਿਹਾ ਕਿ ਇਹ ਬਹੁਤ ਮੰਦਭਾਗਾ ਹੈ ਕਿ ਸੂਬੇ ਦੇ ਹੁਸ਼ਿਆਰਪੁਰ ਜ਼ਿਲ੍ਹੇ ਦੇ ਹਰਸ਼ੀ ਪਿੰਡ ਨਾਲ ਸੰਬੰਧਤ ਪੰਜਾਬੀ ਪਰਵਾਰ ਦਾ ਕੈਲੀਫੋਰਨੀਆ ਵਿੱਚ ਕਤਲ ਕਰ ਦਿੱਤਾ ਗਿਆ ਹੈ। ਇਹ ਬਹੁਤ ਹੀ ਨਿੰਦਣਯੋਗ ਘਟਨਾ ਹੈ, ਜਿਸ ਨੇ ਹਰ ਕਿਸੇ ਖਾਸ ਕਰਕੇ ਵਿਸ਼ਵ ਭਰ ਵਿੱਚ ਵਸਦੇ ਪੰਜਾਬੀਆਂ ਨੂੰ ਝੰਜੋੜ ਕੇ ਰੱਖ ਦਿੱਤਾ ਹੈ। ਇਸ ਵਹਿਸ਼ੀਆਨਾ ਕਤਨ ਨੇ ਅਮਰੀਕਾ ਵਰਗੇ ਉਨਤ ਦੇਸ਼ਾਂ ਵਿੱਚ ਵੀ ਪੰਜਾਬੀਆਂ ਦੀ ਸੁਰੱਖਿਆ 'ਤੇ ਸਵਾਲ ਖੜੇ ਕਰ ਦਿੱਤੇ ਹਨ। ਮੁੱਖ ਮੰਤਰੀ ਨੇ ਕਿਹਾ ਕਿ ਵਿਦੇਸ਼ਾਂ ਵਿਚ ਵਸਦੇ ਪੰਜਾਬੀਆਂ ਵਿਚ ਸੁਰੱਖਿਆ ਦੀ ਭਾਵਨਾ ਪੈਦਾ ਕਰਨਾ ਸਮੇਂ ਦੀ ਲੋੜ ਹੈ। ਉਨ੍ਹਾ ਕਿਹਾ ਕਿ ਭਾਰਤ ਸਰਕਾਰ ਨੂੰ ਅਮਰੀਕਾ ਵਿਚ ਰਹਿੰਦੇ ਪੰਜਾਬੀਆਂ ਦੀ ਸੁਰੱਖਿਆ ਦਾ ਮੁੱਦਾ ਅਮਰੀਕਾ ਸਰਕਾਰ ਕੋਲ ਉਠਾਉਣਾ ਚਾਹੀਦਾ ਹੈ। ਉਥੇ ਰਹਿੰਦੇ ਪੰਜਾਬੀਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਇਸ ਨੂੰ ਸਭ ਤੋਂ ਵੱਧ ਤਰਜੀਹ ਦਿੱਤੀ ਜਾਣੀ ਚਾਹੀਦੀ ਹੈ।

ਪੰਜਾਬ ਦੇ ਪ੍ਰਵਾਸੀ ਮਾਮਲਿਆਂ ਬਾਰੇ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਮਿਸਾਲੀ ਸਜ਼ਾ ਦੀ ਮੰਗ ਕੀਤੀ ਹੈ। ਧਾਲੀਵਾਲ ਨੇ ਇਸ ਘਿਨਾਉਣੀ ਘਟਨਾ 'ਤੇ ਡੂੰਘੇ ਦੁੱਖ ਦਾ ਇਜ਼ਹਾਰ ਕਰਦਿਆਂ ਪੀੜਤ ਪਰਵਾਰ ਦੇ ਰਿਸ਼ਤੇਦਾਰਾਂ ਨਾਲ ਹਮਦਰਦੀ ਪ੍ਰਗਟ ਕੀਤੀ ਹੈ।

ਉਨ੍ਹਾ ਸੂਬੇ ਦੇ ਗਵਰਨਰ ਅਤੇ ਮਰਸਿਡ ਕਾਊਂਟੀ ਦੇ ਮੇਅਰ ਤੋਂ ਮੰਗ ਕੀਤੀ ਹੈ ਕਿ ਕਾਤਲਾਂ ਨੂੰ ਜਲਦ ਤੋਂ ਜਲਦ ਕਾਬੂ ਕੀਤਾ ਜਾਵੇ। ਉਨ੍ਹਾਂ ਨਾਲ ਹੀ ਅਪੀਲ ਕੀਤੀ ਹੈ ਕਿ ਕਾਤਲਾਂ ਨੂੰ ਮਿਸਾਲੀ ਸਜ਼ਾ ਦਿੱਤੀ ਜਾਵੇ ਤਾਂ ਜੋ ਭਵਿੱਖ ਵਿਚ ਅਜਿਹੇ ਅਪਰਾਧਾਂ ਨੂੰ ਠੱਲ੍ਹ ਪਾਈ ਜਾ ਸਕੇ।

ਧਾਲੀਵਾਲ ਨੇ ਕਿਹਾ ਕਿ ਪੰਜਾਬ ਸਰਕਾਰ ਇਸ ਦੁੱਖ ਦੀ ਘੜੀ ਵਿਚ ਪੀੜਤ ਪਰਵਾਰ ਨਾਲ ਡਟ ਕੇ ਖੜੀ ਹੈ। ਉਨ੍ਹਾਂ ਨਾਲ ਹੀ ਭਰੋਸਾ ਦਿਵਾਇਆ ਕਿ ਕਾਤਲਾਂ ਨੂੰ ਸਖਤ ਤੋਂ ਸਖਤ ਨੂੰ ਸਜ਼ਾ ਦਿਵਾਉਣ ਲਈ ਪੰਜਾਬ ਸਰਕਾਰ ਵੱਲੋਂ ਹਰ ਪੱਧਰ 'ਤੇ ਇਸ ਮਾਮਲੇ ਨੂੰ ਪੂਰੇ ਜ਼ੋਰ-ਸ਼ੋਰ ਨਾਲ ਉਠਾਇਆ ਜਾਵੇਗਾ। ਬਹੁਜਨ ਸਮਾਜ ਪਾਰਟੀ ਦੇ ਸੂਬਾ ਪ੍ਰਧਾਨ ਜਸਵੀਰ ਸਿੰਘ ਗੜ੍ਹੀ ਨੇ ਕਿਹਾ ਕਿ ਰੋਜ਼ੀ-ਰੋਟੀ ਲਈ ਪੰਜਾਬ ਛੱਡ ਕੇ ਵਿਦੇਸ਼ ਗਏ ਪੰਜਾਬੀਆਂ ਦੇ ਹੋਏ ਕਤਲ ਦੀ ਖਬਰ ਨੇ ਪੰਜਾਬ ਨੂੰ ਝੰਜੋੜ ਕੇ ਰੱਖ ਦਿੱਤਾ ਹੈ। ਇਸ ਘਟਨਾ ਨੇ ਵਿਦੇਸ਼ ਰਹਿੰਦੇ ਪੰਜਾਬੀਆਂ ਦੀ ਸੁਰੱਖਿਆ ਨੂੰ ਲੈ ਕੇ ਸਵਾਲ ਖੜ੍ਹੇ ਕਰ ਦਿੱਤੇ ਹਨ। ਉਨ੍ਹਾਂ ਕੇਂਦਰ ਸਰਕਾਰ ਤੋਂ ਮੰਗ ਕੀਤੀ ਕਿ ਉਹ ਵਿਦੇਸ਼ਾਂ ਵਿੱਚ ਰਹਿੰਦੇ ਭਾਰਤੀਆਂ ਦੀ ਸੁਰੱਖਿਆ ਨੂੰ ਯਕੀਨੀ ਕਰਨ ਲਈ ਕਦਮ ਚੁੱਕੇ।

### ਮਜ਼ਦੂਰ ਜਥੇਬੰਦੀਆਂ ਨਾਲ..

ਮੀਟਿੰਗ ਵਿੱਚ ਹਾਜ਼ਰ ਏ ਡੀ ਜੀ ਪੀ ਲਾਅ ਐਂਡ ਆਰਡਰ ਅਰਪਿਤ ਸ਼ੁਕਲਾ ਵੱਲੋਂ 10 ਅਕਤੂਬਰ ਨੂੰ ਪੁਲਸ ਹੈੱਡਕੁਆਰਟਰ ਵਿਖੇ ਆਗੂਆਂ ਨਾਲ ਵੱਖਰੀ ਮੀਟਿੰਗ ਕਰਨ ਦਾ ਸਮਾਂ ਤੈਅ ਕੀਤਾ ਗਿਆ। ਕੱਟੇ ਨੀਲੇ ਕਾਰਡ ਮੁੜ ਬਣਾਉਣ, ਮਾਈਕਰੋ ਫਾਇਨਾਂਸ ਕੰਪਨੀਆਂ ਵੱਲੋਂ ਕਰਜ਼ਾ ਵਸੂਲੀ ਲਈ ਤੰਗ-ਪ੍ਰੇਸ਼ਾਨ ਕਰਨ ਵਾਲਿਆਂ ਵਿਰੁੱਧ ਸਖਤ ਕਾਰਵਾਈ ਕਰਨ ਅਤੇ ਭਵਿੱਖ ਵਿੱਚ ਸਰਕਾਰ ਵਲੋਂ ਸਸਤੇ ਕਰਜ਼ੇ ਦੇਣ, ਕੱਟੇ ਘਰੇਲੂ ਬਿਜਲੀ ਕੁਨੈਕਸ਼ਨ ਬਿਨਾਂ ਫੀਸ ਲਏ ਚਾਲੂ ਕਰਨ, ਬੇਜ਼ਮੀਨੇ ਮਜ਼ਦੂਰਾਂ ਨੂੰ ਸਹਿਕਾਰੀ ਸਭਾਵਾਂ ਦੇ ਬਿਨਾਂ ਸ਼ਰਤ ਮੈਂਬਰ ਬਣਾਉਣ, ਮੈਂਬਰਸ਼ਿਪ ਨਾ ਦੇਣ ਵਾਲੀਆਂ ਸੁਸਾਇਟੀਆਂ ਦੀ ਚੋਣ ਰੋਕਣ ਅਤੇ ਬੇਜ਼ਮੀਨੇ ਮਜ਼ਦੂਰਾਂ ਨੂੰ ਮੈਂਬਰ ਨਾ ਬਣਾਉਣ ਲਈ ਮਤੇ ਪਾਸ ਕਰਨ ਵਾਲੀਆਂ ਸੁਸਾਇਟੀਆਂ ਦੀਆਂ ਕਮੇਟੀਆਂ ਵਿਰੁੱਧ ਕਾਰਵਾਈ ਕਰਨ ਦੀ ਹਦਾਇਤ ਵੀ ਕੀਤੀ ਗਈ। ਇਸ ਮੌਕੇ ਫਿਲੌਰ ਵਿਖੇ ਰੇਲ ਹਾਦਸੇ ਵਿੱਚ ਜਾਨ ਗਵਾਉਣ ਵਾਲੇ ਸੰਗਰੂਰ ਸਾਂਝੇ ਮਜ਼ਦੂਰ ਮੋਰਚੇ ਦੇ ਸ਼ਹੀਦ ਹੋਏ ਮਜ਼ਦੂਰਾਂ ਦੇ ਵਾਰਸਾਂ ਨੂੰ ਇੱਕ-ਇੱਕ ਸਰਕਾਰੀ ਨੌਕਰੀ ਦੇਣ ਸੰਬੰਧੀ ਗੱਲ ਮੁੱਖ ਮੰਤਰੀ ਤੱਕ ਪਹੁੰਚਾਉਣ ਦਾ ਵਿੱਤ ਮੰਤਰੀ ਨੇ ਵਾਅਦਾ ਵੀ ਕੀਤਾ। ਮਜ਼ਦੂਰ ਮਸਲਿਆਂ ਪ੍ਰਤੀ ਸਰਕਾਰ ਦੀ ਵਿਤਕਰੇ ਭਰਪੂਰ ਕਾਰਜ ਸ਼ੈਲੀ ਬਾਰੇ ਵੀ ਆਗੂਆਂ ਵੱਲੋਂ ਵਿੱਤ ਮੰਤਰੀ ਕੋਲ ਸਖਤ ਰੋਸ ਦਾ ਪ੍ਰਗਟਾਵਾ ਕੀਤਾ ਗਿਆ।

ਮਜ਼ਦੂਰ ਆਗੂਆਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਦੀ ਹੁਣ ਤੱਕ ਦੀ ਕਾਰਜਸ਼ੈਲੀ ਨੇ ਸਾਬਤ ਕੀਤਾ ਹੈ ਕਿ ਕੇਂਦਰ ਸਰਕਾਰ ਵਾਂਗ ਹੀ ਇਹ ਸਰਕਾਰ ਵੀ ਬੇਜ਼ਮੀਨੇ ਦਲਿਤ ਮਜ਼ਦੂਰਾਂ ਨਾਲ ਜਾਤੀ ਵਿਤਕਰੇਬਾਜ਼ੀ ਕਰ ਰਹੀ ਹੈ, ਜਿਸ ਕਾਰਨ ਮਜ਼ਦੂਰਾਂ ਦੇ ਮਨਾਂ ਅੰਦਰ ਡਾਢਾ ਰੋਸ ਪਾਇਆ ਜਾ ਰਿਹਾ ਹੈ। ਇਸ ਮੌਕੇ ਸਾਂਝੇ ਮਜ਼ਦੂਰ ਮੋਰਚੇ ਨੇ ਸੰਘਰਸ਼ ਨੂੰ ਜਾਰੀ ਰੱਖਦਿਆਂ ਵਿਤਕਰੇਬਾਜ਼ੀ ਬੰਦ ਕਰਵਾਉਣ ਤੇ ਰਹਿੰਦੀਆਂ ਮੰਗਾਂ ਦੇ ਹੱਲ ਲਈ ਮੁੱਖ ਮੰਤਰੀ ਵੱਲੋਂ ਜੇਕਰ ਜਲਦੀ ਮੀਟਿੰਗ ਨਾ ਕੀਤੀ ਤਾਂ 10, 11 ਤੇ 12 ਅਕਤੂਬਰ ਨੂੰ ਪੰਜਾਬ ਭਰ ਦੇ ਪਿੰਡਾਂ ਵਿੱਚ ਮੁਜ਼ਾਹਰੇ ਕਰਕੇ ਮੁੱਖ ਮੰਤਰੀ ਦੇ ਪੁਤਲੇ ਫੂਕੇ ਜਾਣ ਅਤੇ 18 ਅਕਤੂਬਰ ਨੂੰ ਲਹਿਰਾਗਾਗਾ ਨੇੜਲੇ ਪਿੰਡ ਕਾਲਵਣਜਾਰਾ ਵਿਖੇ ਮੁੱਖ ਮੰਤਰੀ ਦੇ ਉਦਘਾਟਨੀ ਸਮਾਰੋਹ ਦਾ ਵਿਰੋਧ ਕਰਨ ਦਾ ਐਲਾਨ ਵੀ ਕੀਤਾ।

### ਇਕ ਕਰੋੜ ਦੇ ...

ਜੁਡੀਸ਼ੀਅਲ ਰਿਮਾਂਡ ਅਧੀਨ ਸੀ। ਜਦੋਂ ਪੂਨਮ ਰਾਜਨ ਆਪਣੀ ਮਾਂ ਪ੍ਰੇਮ ਲਤਾ, ਭਰਾ ਕੁਲਦੀਪ ਸਿੰਘ ਅਤੇ ਭਰਜਾਈ ਪ੍ਰੀਤੀ ਸਮੇਤ ਥਾਣਾ ਜ਼ੀਰਕਪੁਰ ਵਿਖੇ ਆਈ ਪੀ ਸੀ ਦੀ ਧਾਰਾ 420/120-ਬੀ ਤਹਿਤ ਦਰਜ ਐੱਫ ਆਈ ਆਰ ਨੰਬਰ 151/2018 ਵਿਚ ਪੁਲਸ ਰਿਮਾਂਡ 'ਤੇ ਸੀ ਤਾਂ ਉਦੋਂ ਅਸ਼ੀਸ਼ ਕਪੂਰ ਥਾਣਾ ਜ਼ੀਰਕਪੁਰ ਵਿਖੇ ਗਿਆ ਅਤੇ ਧੋਖੇ ਨਾਲ ਪੂਨਮ ਰਾਜਨ ਦੀ ਮਾਂ ਪ੍ਰੇਮ ਲਤਾ ਨੂੰ ਜ਼ਮਾਨਤ ਦਿਵਾਉਣ ਅਤੇ ਅਦਾਲਤ ਤੋਂ ਬਰੀ ਕਰਾਉਣ ਵਿਚ ਮਦਦ ਕਰਨ ਲਈ ਰਾਜ਼ੀ ਕਰ ਲਿਆ। ਇਸ ਤੋਂ ਬਾਅਦ ਅਸ਼ੀਸ਼ ਕਪੂਰ ਨੇ ਥਾਣਾ ਜ਼ੀਰਕਪੁਰ ਦੇ ਤੱਤਕਾਲੀ ਐੱਸ ਐੱਚ ਓ ਪਵਨ ਕੁਮਾਰ ਅਤੇ ਏ ਐੱਸ ਆਈ ਹਰਜਿੰਦਰ ਸਿੰਘ ਦੀ ਮਿਲੀਭੁਗਤ ਨਾਲ ਪੂਨਮ ਰਾਜਨ ਦੀ ਭਰਜਾਈ ਪ੍ਰੀਤੀ ਨੂੰ ਬੇਕਸੂਰ ਕਰਾਰ ਦਿਵਾ ਦਿੱਤਾ।

ਇਸ ਮਦਦ ਦੇ ਬਦਲੇ ਉਸ ਨੇ ਉਕਤ ਪ੍ਰੇਮ ਲਤਾ ਤੋਂ 1,00,00,000 ਰੁਪਏ ਦੀ ਰਕਮ ਦੇ ਵੱਖ-ਵੱਖ ਚੈੱਕਾਂ 'ਤੇ ਦਸਤਖਤ ਕਰਵਾ ਲਏ ਅਤੇ ਆਪਣੇ ਜਾਣਕਾਰਾਂ ਦੇ ਨਾਂਅ 'ਤੇ ਜਮ੍ਹਾਂ ਕਰਵਾ ਕੇ ਏ ਐੱਸ ਆਈ ਹਰਜਿੰਦਰ ਸਿੰਘ ਰਾਹੀਂ ਰੁਪਏ ਪ੍ਰਾਪਤ ਕਰ ਲਏ।

### ਸਾਹਿਤ ਦਾ ਨੋਬੇਲ...

ਗੰਭੀਰ ਮੁੱਦਿਆਂ 'ਤੇ ਗੱਲ ਕਰਦੀ ਹੈ। ਉਸ ਦੀ ਲੇਖਣੀ ਵਿਚ ਸਾਹਸ ਦੇ ਨਾਲ ਸੰਵੇਦਨਾ ਵੀ ਨਜ਼ਰ ਆਉਂਦੀ ਹੈ। ਉਸ ਨੇ ਹਰ ਵਰਗ ਨੂੰ ਆਪਣੀ ਲੇਖਣੀ ਵਿਚ ਸਮੇਟਿਆ। 82 ਸਾਲ ਦੀ ਐਨੀ ਨੇ ਕਰੀਬ 40 ਕਿਤਾਬਾਂ ਲਿਖੀਆਂ। ਇਨ੍ਹਾਂ ਵਿੱਚੋਂ 90 ਫੀਸਦੀ ਫਰੈਂਚ ਵਿਚ ਹਨ। ਕੁਝ ਦਾ ਅੰਗਰੇਜ਼ੀ ਅਨੁਵਾਦ ਹੋਇਆ। ਇਨ੍ਹਾਂ ਵਿਚ ਪੈਸ਼ਨ ਸਿੰਪਲ, ਲਾ ਪੈਲੇਸ, ਦੀ ਈਅਰਜ਼, ਏ ਫਰੋਜ਼ਨ ਵੂਮੈਨ, ਹੈਪਨਿੰਗਜ਼ ਅਤੇ ਡੂ ਵਟ ਔਰ ਦੀ ਐਲਸ ਸ਼ਾਮਲ ਹਨ।

### ਦੇਸ਼ 'ਚ ਦੁੱਧ ...

ਵਿੱਚ ਹੋਰ ਵਾਧਾ ਹੋਣ ਦੀ ਸੰਭਾਵਨਾ ਹੈ, ਕਿਉਂਕਿ ਕੇਂਦਰ ਨੂੰ ਦੋ ਸਾਲ ਤੋਂ ਚਾਰੇ ਦੀ ਕਮੀ ਬਾਰੇ ਜਾਣਕਾਰੀ ਹੋਣ ਦੇ ਬਾਵਜੂਦ ਉਹ ਇਸ ਸਮੱਸਿਆ ਨੂੰ ਹੱਲ ਕਰਨ ਵਿੱਚ ਅਸਮਰੱਥ ਹੈ। ਟਵਿੱਟਰ 'ਤੇ ਸਾਂਸਦ ਨੇ ਕਿਹਾ, 'ਦੁੱਧ ਦੀਆਂ ਕੀਮਤਾਂ ਫਿਰ ਤੋਂ ਵਧਣ ਲਈ ਤਿਆਰ ਹਨ? ਕਾਰਨ? 1. ਚਾਰੇ ਦੀਆਂ ਕੀਮਤਾਂ ਵਿੱਚ ਬੇਰੋਕ ਵਾਧਾ 2. ਲੰਪੀ ਸਕਿਨ ਵਾਇਰਸ ਫੈਲਣਾ। ਕੁਝ ਸਾਲਾਂ ਤੋਂ ਕਿਸਾਨਾਂ ਨੇ ਚਾਰੇ ਦੀ ਬਜਾਏ ਹੋਰ ਫਸਲਾਂ ਬੀਜਣ ਨੂੰ ਤਰਜੀਹ ਦਿੱਤੀ ਹੈ। ਚਾਰੇ ਦੀਆਂ ਕੀਮਤਾਂ ਹੁਣ ਅਗਸਤ ਵਿੱਚ 9 ਸਾਲ 'ਚ ਸਭ ਤੋਂ ਉੱਚੇ ਪੱਧਰ 'ਤੇ ਹਨ ਅਤੇ ਅਗਸਤ 'ਚ ਇਹ ਵਾਧਾ 25.54% ਤੱਕ ਪਹੁੰਚਿਆ। ਇਕੱਲੇ ਗੁਜਰਾਤ ਵਿੱਚ, ਜੋ ਦੁੱਧ ਦਾ ਸਭ ਤੋਂ ਵੱਡਾ ਉਤਪਾਦਕ ਹੈ, ਪਿਛਲੇ ਦੋ ਸਾਲਾਂ ਵਿੱਚ ਚਾਰੇ ਦੀਆਂ ਫਸਲਾਂ ਹੇਠ ਰਕਬਾ 1.36 ਲੱਖ ਹੈਕਟੇਅਰ ਘਟ ਗਿਆ ਹੈ।'

ਉਨ੍ਹਾ ਦੱਸਿਆ ਕਿ ਸਰਕਾਰ ਨੇ ਦੋ ਸਾਲ ਪਹਿਲਾਂ ਚਾਰੇ ਦੇ ਸੰਕਟ ਅਤੇ ਖੇਤੀਬਾੜੀ ਨਾਲ ਜੁੜੇ ਪਰਵਾਰਾਂ 'ਤੇ ਇਸ ਦਾ ਅਸਰ ਦੇਖਿਆ ਸੀ। ਇਸ ਲਈ ਕੇਂਦਰੀ ਮੱਛੀ ਪਾਲਣ, ਪਸ਼ੂ ਪਾਲਣ ਅਤੇ ਡੇਅਰੀ ਮੰਤਰਾਲੇ ਦੁਆਰਾ ਸਤੰਬਰ 2020 ਵਿੱਚ ਵਿਸ਼ੇਸ਼ ਤੌਰ 'ਤੇ ਚਾਰੇ ਲਈ 100 ਕਿਸਾਨ ਉਤਪਾਦਕ ਸੰਗਠਨ (ਐੱਫ ਪੀ ਓ) ਸਥਾਪਤ ਕਰਨ ਦਾ ਪ੍ਰਸਤਾਵ ਤਿਆਰ ਕੀਤਾ ਗਿਆ ਸੀ।

ਉਨ੍ਹਾ ਕਿਹਾ—ਪਰ ਸੰਕਟ ਦੇ ਵਧਣ ਦੇ ਬਾਵਜੂਦ ਅਜੇ ਤੱਕ ਇੱਕ ਵੀ ਐੱਫ ਪੀ ਓ ਰਜਿਸਟਰਡ ਨਹੀਂ ਹੋਇਆ। ਸਰਕਾਰ ਨੂੰ ਕਾਫੀ ਸਮੇਂ ਤੋਂ ਇਸ ਸੰਭਾਵੀ ਸੰਕਟ ਦੀ ਜਾਣਕਾਰੀ ਸੀ, ਪਰ ਫਿਰ ਵੀ ਕੇਂਦਰ ਦੀ ਭਾਜਪਾ ਸਰਕਾਰ ਵੱਲੋਂ ਕੋਈ ਠੋਸ ਕਦਮ ਨਹੀਂ ਚੁੱਕੇ ਗਏ। ਨਤੀਜਨ, ਸਿਰਫ ਇੱਕ ਸਾਲ ਵਿੱਚ ਚਾਰੇ ਦੀਆਂ ਕੀਮਤਾਂ ਅਤੇ ਮੰਗ ਦੋਵੇਂ ਤਿੰਨ ਗੁਣਾ ਵਧ ਗਏ। ਉਦਾਹਰਨ ਲਈ ਇਕੱਲੇ ਰਾਜਸਥਾਨ ਅਤੇ ਮੱਧ ਪ੍ਰਦੇਸ ਵਿੱਚ ਚਾਰੇ (ਤੂੜੀ) ਦੀਆਂ ਕੀਮਤਾਂ 400-600 ਪ੍ਰਤੀ ਕੁਇੰਟਲ ਤੋਂ ਰੁਪਏ ਤੋਂ ਵਧ ਕੇ 1100-1700 ਰੁਪਏ ਪ੍ਰਤੀ ਕੁਇੰਟਲ ਹੋ ਗਈਆਂ ਹਨ।

ਆਪ ਆਗੂ ਦੇ ਟਵੀਟ ਅਨੁਸਾਰ, 'ਲੰਪੀ ਵਾਇਰਸ ਫੈਲਣ ਦੇ ਬਾਵਜੂਦ ਅਤੇ ਚਾਰੇ ਦੀ ਕਮੀ ਅਤੇ ਕੀਮਤਾਂ 'ਚ ਬੇਰੋਕ ਵਾਧੇ ਦੇ ਬਾਵਜੂਦ ਸਰਕਾਰ ਨੇ ਇਨ੍ਹਾਂ ਮੁੱਦਿਆਂ ਦੇ ਹੱਲ ਲਈ ਕੁਝ ਵੀ ਨਹੀਂ ਕੀਤਾ। ਨਤੀਜਾ : ਕਿਸਾਨਾਂ ਅਤੇ ਔਸਤ ਭਾਰਤੀ ਪਰਵਾਰਾਂ ਦੀਆਂ ਵਧਦੀਆਂ ਮੁਸ਼ਕਲਾਂ।'

### ਬਰਖਾਸਤ ਪੁਲਸ ਅਫਸਰ...

ਸੀ। ਉਹ ਘਟਨਾ ਤੋਂ ਪਹਿਲਾਂ ਸੌਣ ਚਲੇ ਗਿਆ ਸੀ ਤੇ ਕੰਬਲ ਲੈ ਕੇ ਸੌਂ ਰਿਹਾ ਸੀ। ਡੂੰਘੀ ਨੀਂਦ ਕਾਰਨ ਉਸ ਦੀ ਅੱਖ ਨਹੀਂ ਖੁੱਲ੍ਹੀ ਤੇ ਹਮਲਾਵਰ ਨੇ ਵੀ ਉਸ ਨੂੰ ਮਰਿਆ ਸਮਝ ਲਿਆ। ਇਸ ਤਰ੍ਹਾਂ ਉਹ ਬਚ ਗਿਆ। ਥਾਈਲੈਂਡ ਦੇ ਸੈਂਟਰਲ ਇਨਵੈਸਟੀਗੇਸ਼ਨ ਬਿਊਰੋ (ਸੀ ਆਈ ਬੀ) ਦੇ ਅਫਸਰ ਮੇਜਰ ਜਨਰਲ ਜ਼ਿਰਾਪੋਬ ਪੁਰੀਡੇਟ ਮੁਤਾਬਕ ਖਮਰਬ ਕਾਫੀ ਪੜ੍ਹਿਆ-ਲਿਖਿਆ ਤੇ ਫਿੱਟ ਸੀ। ਪੁਲਸ ਵਿਚ ਅਫਸਰ ਬਣਿਆ, ਪਰ ਕੁਝ ਮਹੀਨਿਆਂ ਵਿਚ ਹੀ ਡਰੱਗ ਸਮੱਗਲਿੰਗ ਨਾਲ ਜੁੜ ਗਿਆ। ਡਰੱਗ ਟੈਸਟ 'ਚ ਫੇਲ੍ਹ ਹੋਣ ਤੋਂ ਬਾਅਦ ਉਸ ਨੂੰ ਬਰਖਾਸਤ ਕਰ ਦਿੱਤਾ ਗਿਆ ਸੀ। ਇਸ ਦੇ ਬਾਅਦ ਉਹ ਫੁਲਟਾਈਮ ਸਮੱਗਲਰ ਬਣ ਗਿਆ। ਇਕ ਵਾਰ ਉਸ ਨੂੰ ਗ੍ਰਿਫਤਾਰ ਵੀ ਕੀਤਾ ਗਿਆ ਸੀ ਤੇ ਉਹ ਕੇਸ ਕੋਰਟ ਵਿਚ ਚੱਲ ਰਿਹਾ ਸੀ। ਲੱਗਦਾ ਹੈ ਕਿ ਉਹ ਨੌਕਰੀ ਤੋਂ ਕੱਢੇ ਜਾਣ ਕਰਕੇ ਔਖਾ ਸੀ। 8 ਫਰਵਰੀ 2020 ਵਿਚ ਥਾਈਲੈਂਡ ਦੇ ਨਾਖੋ ਰਤਚਾਸਿਮਾ ਸ਼ਹਿਰ ਦੇ ਮਸ਼ਹੂਰ ਟਰਮੀਨਲ 21 ਸ਼ਾਪਿੰਗ ਮਾਲ ਵਿਚ ਇਕ ਸਾਬਕਾ ਫੌਜੀ ਨੇ ਜਾਇਦਾਦ ਦੇ ਸੌਦੇ ਤੋਂ ਖਿਝ ਕੇ 29 ਲੋਕਾਂ ਨੂੰ ਮਾਰ ਦਿੱਤਾ ਸੀ ਤੇ 57 ਨੂੰ ਜ਼ਖਮੀ ਕਰ ਦਿੱਤਾ ਸੀ। ਥਾਈਲੈਂਡ ਵਿਚ ਗੰਨ ਕਲਚਰ ਕੁਝ ਸਾਲਾਂ 'ਚ ਤੇਜ਼ੀ ਨਾਲ ਵਧਿਆ ਹੈ ਤੇ ਉਥੇ ਗੰਨ ਰੱਖਣ ਵਾਲਿਆਂ ਦੀ ਗਿਣਤੀ ਗੁਆਂਢੀ ਦੇਸ਼ਾਂ ਨਾਲੋਂ ਵੱਧ ਹੈ।

## ਈ ਰਿਕਸ਼ਿਆਂ 'ਚੋਂ ਬੈਟਰੀਆਂ ਚੋਰੀ

**ਸ੍ਰੀ ਮੁਕਤਸਰ ਸਾਹਿਬ, (ਸ਼ਮਿੰਦਰਪਾਲ, ਪੂਜਾ)**-ਈ ਰਿਕਸ਼ਿਆਂ ਵਿੱਚੋਂ ਬੈਟਰੀਆਂ ਚੋਰੀ ਕਰਨ ਦੇ ਦੋਸ਼ 'ਚ ਥਾਣਾ ਸਿਟੀ ਸ੍ਰੀ ਮੁਕਤਸਰ ਸਾਹਿਬ ਦੀ ਪੁਲਸ ਨੇ ਅਣਪਛਾਤੇ ਵਿਅਕਤੀ ਵਿਰੁੱਧ ਮਾਮਲਾ ਦਰਜ ਕੀਤਾ ਹੈ। ਇਸ ਸੰਬੰਧੀ ਪੁਲਸ ਨੂੰ ਦਿੱਤੀ ਸ਼ਿਕਾਇਤ ਵਿੱਚ ਸ਼ਿਵਾ ਸਿੰਘ ਵਾਸੀ ਸ੍ਰੀ ਮੁਕਤਸਰ ਸਾਹਿਬ ਨੇ ਦੱਸਿਆ ਕਿ ਉਹ ਤੇ ਉਸ ਦੇ ਤਾਏ ਦਾ ਲੜਕਾ ਈ ਰਿਕਸ਼ੇ ਕਿਰਾਏ 'ਤੇ ਲੈ ਕੇ ਚਲਾਉਂਦੇ ਹਨ। ਬੀਤੀ 2 ਅਕਤੂਬਰ ਰਾਤ ਨੂੰ ਉਨ੍ਹਾਂ ਰਿਕਸ਼ੇ ਆਪਣੇ ਘਰ ਦੇ ਕੋਲ ਬਣੀ ਧਰਮਸ਼ਾਲਾ ਵਿੱਚ ਲਗਾ ਦਿੱਤੇ, ਜਿਨ੍ਹਾਂ ਵਿੱਚੋਂ ਰਾਤ ਸਮੇਂ ਕੋਈ ਅਣਪਛਾਤਾ ਵਿਅਕਤੀ ਬੈਟਰੀਆਂ ਚੋਰੀ ਕਰਕੇ ਲੈ ਗਿਆ, ਜਿਸ ਦੀ ਕੁੱਲ ਕੀਮਤ 60 ਹਜ਼ਾਰ ਰੁਪਏ ਬਣਦੀ ਹੈ। ਪੁਲਸ ਨੇ ਅਣਪਛਾਤੇ ਵਿਅਕਤੀ ਵਿਰੁੱਧ ਮਾਮਲਾ ਦਰਜ ਕਰ ਲਿਆ ਹੈ।

## ਨੌਕਰਾਣੀ ਨੇ ਪਤੀ ਨਾਲ ਮਿਲ ਕੇ ਕੀਤੇ ਪੈਸੇ ਚੋਰੀ, ਮਾਮਲਾ ਦਰਜ

**ਸ੍ਰੀ ਮੁਕਤਸਰ ਸਾਹਿਬ, (ਸ਼ਮਿੰਦਰਪਾਲ, ਪੂਜਾ)**-ਘਰ ਵਿੱਚ ਸਾਫ ਸਫਾਈ ਕਰਨ ਲਈ ਰੱਖੀ ਔਰਤ ਨੇ ਪਤੀ ਨਾਲ ਮਿਲ ਕੇ 2 ਲੱਖ ਰੁਪਏ ਚੋਰੀ ਕਰ ਲਏ, ਜਿਨ੍ਹਾਂ ਵਿਰੁੱਧ ਥਾਣਾ ਸਦਰ ਸ੍ਰੀ ਮੁਕਤਸਰ ਸਾਹਿਬ ਦੀ ਪੁਲਸ ਨੇ ਮਾਮਲਾ ਦਰਜ ਕਰ ਲਿਆ ਹੈ। ਉਕਤ ਦੋਵੇਂ ਪਤੀ-ਪਤਨੀ ਦੀ ਗ੍ਰਿਫ਼ਤਾਰੀ ਹੋ ਚੁੱਕੀ ਹੈ। ਇਸ ਸੰਬੰਧੀ ਪੁਲਸ ਨੂੰ ਦਿੱਤੀ ਸ਼ਿਕਾਇਤ ਵਿੱਚ ਈਸ਼ਰ ਸਿੰਘ ਵਾਸੀ ਧਿਗਾਣਾ ਨੇ ਦੱਸਿਆ ਕਿ ਉਸ ਨੇ ਆਪਣੀ ਜ਼ਮੀਨ ਦੇ ਠੇਕੇ ਦੇ ਪੈਸੇ 2 ਲੱਖ 40 ਹਜ਼ਾਰ ਰੁਪਏ ਘਰ ਵਿੱਚ ਪੇਟੀ 'ਚ ਰੱਖੇ ਸਨ, ਜਿਨ੍ਹਾਂ ਵਿੱਚੋਂ 40 ਹਜ਼ਾਰ ਰੁਪਏ ਉਸ ਨੇ ਕਿਸੇ ਕੰਮ ਦੇ ਲਈ ਇਸਤੇਮਾਲ ਕਰ ਲਏ ਤੇ ਬਾਕੀ 2 ਲੱਖ ਰੁਪਏ ਫਿਰ ਪੇਟੀ ਵਿੱਚ ਰੱਖ ਦਿੱਤੇ। ਦੁਬਾਰਾ ਲੋੜ ਪੈਣ 'ਤੇ ਜਦ ਉਸ ਨੇ ਪੇਟੀ ਵਿੱਚੋਂ ਪੈਸੇ ਤਲਾਸ਼ੇ ਤਾਂ ਉਨ੍ਹਾਂ ਨੂੰ ਪੈਸੇ ਨਹੀਂ ਮਿਲੇ। ਕਾਫੀ ਪੜਤਾਲ ਕਰਨ 'ਤੇ ਪਤਾ ਲੱਗਾ ਕਿ ਉਨ੍ਹਾਂ ਦੇ ਘਰ ਵਿੱਚ ਸਾਫ ਸਫਾਈ ਲਈ ਰੱਖੀ ਜਸਵਿੰਦਰ ਕੌਰ ਤੇ ਉਸ ਦਾ ਪਤੀ ਗੁਰਸੇਵਕ ਸਿੰਘ ਉਕਤ ਪੈਸੇ ਚੋਰੀ ਕਰਕੇ ਲੈ ਗਏ ਹਨ, ਜਿਨ੍ਹਾਂ ਚੋਰੀ ਕੀਤੇ ਪੈਸਿਆਂ ਦਾ ਇਕ ਮੋਟਰਸਾਈਕਲ, 2 ਮੋਬਾਇਲ ਫੋਨ, 2 ਬੈੱਡ ਤੇ ਗੱਦੇ ਖਰੀਦ ਕਰ ਲਏ। ਪੁਲਸ ਨੇ ਜਸਵਿੰਦਰ ਕੌਰ ਤੇ ਗੁਰਸੇਵਕ ਸਿੰਘ ਵਾਸੀ ਧਿਗਾਣਾ ਵਿਰੁੱਧ ਮਾਮਲਾ ਦਰਜ ਕਰਕੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ।

**ਉੱਤਰ ਰੇਲਵੇ**

**ਈ-ਖਰੀਦ ਸਿਸਟਮ ਦੇ ਦੁਵਾਰਾ ਤੋਂ ਟੈਂਡਰਾਂ ਦੀ ਮੰਗ**

ਭਾਰਤ ਦੇ ਰਾਸ਼ਟਰਪਤੀ ਦੀ ਤਰਫ ਤੋਂ ਸੀਨੀਅਰ ਮੰਡਲ ਸਾਮਗਰੀ ਪ੍ਰਬੰਧਕ, ਉੱਤਰ ਰੇਲਵੇ, ਫਿਰੋਜ਼ਪੁਰ-152001, ਹੇਠਾ ਲਿਖੇ ਮਦਾਂ ਦੀ ਆਪੂਰਤੀ ਦੇ ਲਈ ਈ-ਖਰੀਦ ਪ੍ਰਣਾਲੀ ਦੇ ਦੁਵਾਰਾ ਤੋਂ ਈ-ਟੈਂਡਰ ਮੰਗ ਕਰਦਾ ਹੈ :-

| ਲੜੀ ਨੰਬਰ | ਟੈਂਡਰ ਨੰ: | ਸੰਖੇਪ ਵੇਰਵਾ | ਮਾਤਰਾ | ਅਨੁਮਾਨਿਤ ਮੂਲ | ਸਮਾਪਨ ਸਮਾਂ |
|---|---|---|---|---|---|
| 1. | 94225602 | 1000 ਕੇਵੀਏ ਆਊਟਡੋਰ ਟਾਇਪ 11 ਕੇਵੀਏ / 415 ਵੋਲਟ ਡੇਲਟਾ / ਸਟਾਰ ਕਨੇਕਟੇਡ ਕਾਪਰ ਘਾਵ ਵਿਤਰਣ ਟ੍ਰਾਂਸਫਾਰਮਰ ਦੀ ਆਪੂਰਤੀ ਆਈਐਸ 1180 ਊਰਜਾ ਦਖਸ਼ਤਾ ਸਤਰ 2 ਦੇ ਅਨੁਸਾਰ ਜਾਂ ਨਵੀਨਤਮ ਪੂਰੀ ਸਹਾਇਕ ਉਪਕਰਣ ਦੇ ਨਾਲ ਵਿਯਖਯਾਤਮਕ ਨੋਟ ਦੇ ਅਨੁਸਾਰ ਇਰੇਕਸ਼ਨ, ਪਰੀਖਸ਼ਣ ਅਤੇ ਕਮੀਸ਼ਨਿੰਗ ਸਹਿਤ। | 02 No. | 21,189,14.38/- | 25.10.2022 |

ਨੋਟ: 1. ਵਿਕਰੇਤਾ ਵੇਰਵੇ ਦੇ ਲਈ ਆਈਆਰਈਪੀਐਸ ਵੇਬਸਾਈਟ ਯਾਨੀ www.ireps.gov.in ਉਤੇ ਜਾ ਸਕਦੇ ਹਨ। 2. ਕਿਸੀ ਵੀ ਮੈਨੂੰਅਲ ਆਫਰ ਉਤੇ ਵਿਚਾਰ ਨਹੀਂ ਕੀਤਾ ਜਾਵੇਗਾ। ਟੈਂਡਰ ਨੋਟਿਸ ਨੰ: 1/2022/23 2634/2022

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by **Gurmit Singh Shugli** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: **Chand Fatehpuri**

ਸੰਪਾਦਕ : **ਚੰਦ ਫਤਿਹਪੁਰੀ** * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ **ਗੁਰਮੀਤ ਸਿੰਘ ਸ਼ੁਗਲੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।

**ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in**

# ਸਾਕਾ ਸ੍ਰੀ ਪੰਜਾ ਸਾਹਿਬ ਦੇ ਸ਼ਤਾਬਦੀ ਸਮਾਗਮ ਯਾਦਗਾਰੀ ਹੋਣਗੇ-ਐਡਵੋਕੇਟ ਧਾਮੀ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਔਕਾਫ਼ ਬੋਰਡ ਨੇ 'ਸ਼ਹੀਦੀ ਸਾਕਾ ਸ੍ਰੀ ਪੰਜਾ ਸਾਹਿਬ' ਦਾ 100 ਸਾਲਾ ਸ਼ਤਾਬਦੀ ਸਮਾਗਮ ਆਪਸੀ ਸਹਿਯੋਗ ਨਾਲ ਸਾਂਝੇ ਤੌਰ 'ਤੇ ਮਨਾਉਣ ਦਾ ਫੈਸਲਾ ਕੀਤਾ ਹੈ। ਸ਼੍ਰੋਮਣੀ ਕਮੇਟੀ ਵੱਲੋਂ ਸਾਕਾ ਸ੍ਰੀ ਪੰਜਾ ਸਾਹਿਬ ਦੀ ਸ਼ਤਾਬਦੀ 30 ਅਕਤੂਬਰ ਨੂੰ ਵੱਡੇ ਪੱਧਰ ਉੱਤੇ ਮਨਾਈ ਜਾ ਰਹੀ ਹੈ। ਇਸ ਇਤਿਹਾਸਕ ਸ਼ਤਾਬਦੀ ਸੰਬੰਧੀ ਅੱਜ ਲਾਹੌਰ ਵਿਖੇ ਸ਼੍ਰੋਮਣੀ ਕਮੇਟੀ ਦੇ ਪੰਜ ਮੈਂਬਰੀ ਵਫ਼ਦ, ਪਾਕਿਸਤਾਨ ਗੁਰਦੁਆਰਾ ਕਮੇਟੀ ਦੇ ਅਹੁਦੇਦਾਰਾਂ ਅਤੇ ਮੈਂਬਰਾਂ ਅਤੇ ਉੱਥੋਂ ਦੇ ਔਕਾਫ਼ ਬੋਰਡ ਦੇ ਅਧਿਕਾਰੀਆਂ ਦਰਮਿਆਨ ਬੈਠਕ ਹੋਈ। ਇਸ ਬੈਠਕ ਵਿੱਚ ਸਾਕਾ ਸ੍ਰੀ ਪੰਜਾ ਸਾਹਿਬ ਦੇ ਸ਼ਤਾਬਦੀ ਸਮਾਗਮਾਂ ਨੂੰ ਪੰਥਕ ਜਾਹੋ ਜਲਾਲ ਨਾਲ ਮਨਾਉਣ ਬਾਰੇ ਵਿਚਾਰ ਵਟਾਂਦਰੇ ਤੋਂ ਇਲਾਵਾ ਹੋਰ ਵੀ ਕਈ ਅੰਤਰਰਾਸ਼ਟਰੀ ਸਿੱਖ ਮਾਮਲੇ ਵਿਚਾਰੇ ਗਏ। ਸ਼੍ਰੋਮਣੀ ਕਮੇਟੀ ਦਾ ਪੰਜ ਮੈਂਬਰੀ ਵਫ਼ਦ ਸਾਕਾ ਸ੍ਰੀ ਪੰਜਾ ਸਾਹਿਬ ਦੀ ਸ਼ਤਾਬਦੀ ਸਮਾਗਮਾਂ ਬਾਰੇ ਪਾਕਿਸਤਾਨ ਗੁਰਦੁਆਰਾ ਕਮੇਟੀ ਅਤੇ ਔਕਾਫ਼ ਬੋਰਡ ਨਾਲ ਵਿਚਾਰ ਵਟਾਂਦਰਾ ਕਰਨ ਲਈ ਅੱਜ ਅਟਾਰੀ-ਵਾਹਗਾ ਸਰਹੱਦ ਰਾਹੀਂ ਪਾਕਿਸਤਾਨ ਪੁੱਜਾ ਸੀ। ਇਸ ਵਫ਼ਦ ਦੀ ਅਗਵਾਈ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕੀਤੀ ਅਤੇ ਉਨ੍ਹਾਂ ਨਾਲ ਜਨਰਲ ਸਕੱਤਰ ਜਥੇਦਾਰ ਕਰਨੈਲ ਸਿੰਘ ਪੰਜੋਲੀ, ਮੈਂਬਰ ਭਾਈ ਰਜਿੰਦਰ ਸਿੰਘ ਮਹਿਤਾ, ਧਰਮ ਪ੍ਰਚਾਰ ਕਮੇਟੀ ਸਕੱਤਰ ਸ. ਬਲਵਿੰਦਰ ਸਿੰਘ ਕਾਹਲਵਾਂ ਅਤੇ ਯਾਤਰਾ ਵਿਭਾਗ ਦੇ ਇੰਚਾਰਜ ਸ. ਰਜਿੰਦਰ ਸਿੰਘ ਰੂਬੀ ਵੀ ਗਏ ਹਨ। ਪਾਕਿਸਤਾਨ ਪੁੱਜਣ ਉੱਤੇ ਪਾਕਿਸਤਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਔਕਾਫ਼ ਬੋਰਡ ਦੇ ਨੁਮਾਇੰਦਿਆਂ ਅਤੇ ਅਧਿਕਾਰੀਆਂ ਵੱਲੋਂ ਇਸ ਵਫ਼ਦ ਦਾ ਫੁੱਲਾਂ ਦੇ ਹਾਰਾਂ ਅਤੇ ਗੁਲਦਸਤਿਆਂ ਨਾਲ ਭਰਵਾਂ ਸਵਾਗਤ ਕੀਤਾ ਗਿਆ। ਇਸ ਦੌਰਾਨ ਸ਼੍ਰੋਮਣੀ ਕਮੇਟੀ ਵਫਦ ਦੀ ਪਾਕਿਸਤਾਨ ਗੁਰਦੁਆਰਾ ਕਮੇਟੀ ਤੇ ਔਕਾਫ ਬੋਰਡ ਦੇ ਅਧਿਕਾਰੀਆਂ ਨਾਲ ਹੋਈ ਬੈਠਕ ਵਿੱਚ ਸ਼ਤਾਬਦੀ ਸਮਾਗਮ ਦੀ ਰੂਪ ਰੇਖਾ ਨੂੰ ਵਿਚਾਰਿਆ ਗਿਆ ਅਤੇ ਪ੍ਰਬੰਧਾਂ ਬਾਰੇ ਗੱਲਬਾਤ ਹੋਈ। ਪਾਕਿਸਤਾਨ ਤੋਂ ਇਕ ਦਿਨਾਂ ਫੇਰੀ ਮਗਰੋਂ ਵਾਪਸ ਪਰਤੇ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਦੱਸਿਆ ਕਿ ਲਾਹੌਰ ਵਿਖੇ ਬੈਠਕ ਦੌਰਾਨ ਸ਼੍ਰੋਮਣੀ ਕਮੇਟੀ ਦੀ ਇੱਛਾ ਅਨੁਸਾਰ ਗੁਰਦੁਆਰਾ ਸ੍ਰੀ ਪੰਜਾ ਸਾਹਿਬ ਵਿਖੇ ਮੁੱਖ ਸਮਾਗਮ 30 ਅਕਤੂਬਰ ਨੂੰ ਕਰਨ, ਸ੍ਰੀ ਪੰਜਾ ਸਾਹਿਬ ਦੇ ਰੇਲਵੇ ਸਟੇਸ਼ਨ ਜਿਥੇ ਸਾਕਾ ਵਾਪਰਿਆ ਸੀ, ਦੇ ਸਥਾਨ ਉਤੇ 1 ਘੰਟੇ ਦਾ ਕੀਰਤਨ ਸਮਾਗਮ ਕਰਕੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਨ ਸਮੇਤ ਰਾਗੀ, ਢਾਡੀ ਜਥਿਆਂ, ਪੰਥਕ ਸ਼ਖ਼ਸੀਅਤਾਂ ਦੀ ਸ਼ਮੂਲੀਅਤ ਅਤੇ ਅੰਮ੍ਰਿਤ ਸੰਚਾਰ ਬਾਰੇ ਸਹਿਮਤੀ ਬਣੀ ਹੈ। ਉਨ੍ਹਾਂ ਦੱਸਿਆ ਕਿ ਦਾ ਸਾਰੇ ਪ੍ਰੋਗਰਾਮ ਸਾਂਝੇ ਤੌਰ 'ਤੇ ਕੀਤੇ ਜਾਣਗੇ ਅਤੇ ਰੇਲਵੇ ਸ਼ਟੇਸ਼ਨ ਦੇ ਕੀਰਤਨ ਸਮਾਗਮ ਬਾਰੇ ਪ੍ਰਵਾਨਗੀ ਲੈ ਲਈ ਜਾਵੇਗੀ। ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਪਾਕਿਸਤਾਨ ਅੰਦਰ ਸ਼ਤਾਬਦੀ ਦਾ ਮੁੱਖ ਸਮਾਗਮ ਸਮੇਂ ਸ਼੍ਰੋਮਣੀ ਕਮੇਟੀ ਵੱਲੋਂ ਰਾਗੀ, ਢਾਡੀ, ਕਵੀਸ਼ਰ ਸਿੰਘਾਂ ਦੇ ਜਥਿਆਂ ਦਾ ਪ੍ਰਬੰਧ ਕਰਨ ਤੋਂ ਇਲਾਵਾ, ਸ਼ਤਾਬਦੀ ਸਮਾਗਮਾਂ ਦੌਰਾਨ ਕਰਵਾਏ ਜਾਣ ਵਾਲੇ ਅੰਮ੍ਰਿਤ ਸੰਚਾਰ ਸਮਾਗਮ ਦਾ ਵੀ ਪ੍ਰਬੰਧ ਦੇਖਿਆ ਜਾਵੇਗਾ, ਜਿਸ ਵਿੱਚ ਭੇਟਾ ਰਹਿਤ ਕਕਾਰ ਮੁਹੱਈਆ ਕਰਵਾਏ ਜਾਣਗੇ। ਐਡਵੋਕੇਟ ਧਾਮੀ ਨੇ ਕਿਹਾ ਕਿ ਸ਼ਤਾਬਦੀ ਸਮਾਗਮਾਂ ਦੌਰਾਨ ਪਹੁੰਚਣ ਵਾਲੀ ਸੰਗਤ ਲਈ ਲੰਗਰ ਅਤੇ ਰਿਹਾਇਸ਼ ਸੰਬੰਧੀ ਡਿਊਟੀ



ਪਾਕਿਸਤਾਨ ਗੁਰਦੁਆਰਾ ਕਮੇਟੀ ਦੀ ਲਗਾਈ ਗਈ ਹੈ, ਜਿਸ ਬਾਰੇ ਉਨ੍ਹਾਂ ਨੂੰ ਕਿਹਾ ਗਿਆ ਹੈ ਕਿ ਉਹ ਸਮੁੱਚੇ ਪ੍ਰਬੰਧਾਂ ਦੀ ਜਾਣਕਾਰੀ ਸ਼੍ਰੋਮਣੀ ਕਮੇਟੀ ਭੇਜਣ ਤਾਂ ਜੋ ਲੋੜੀਦੀ ਕਾਰਵਾਈ ਕੀਤੀ ਜਾ ਸਕੇ। ਉਨ੍ਹਾਂ ਦੱਸਿਆ ਕਿ ਬੈਠਕ ਦੌਰਾਨ ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਔਕਾਫ਼ ਬੋਰਡ ਦੇ ਅਧਿਕਾਰੀਆਂ ਪਾਸ ਮੰਗ ਰੱਖੀ ਹੈ ਕਿ ਪਾਕਿਸਤਾਨ ਵਿਖੇ ਗੁਰਧਾਮਾਂ ਦੇ ਦਰਸ਼ਨ ਕਰਨ ਦੇ ਚਾਹਵਾਨ ਸ਼ਰਧਾਲੂਆਂ ਲਈ ਮੌਕੇ 'ਤੇ ਹੀ ਵੀਜ਼ੇ ਦੇਣ ਦੀ ਕਾਰਵਾਈ ਕੀਤੀ ਜਾਵੇ ਤਾਂ ਜੋ ਵੱਧ ਤੋਂ ਵੱਧ ਸ਼ਰਧਾਲੂ ਆਮ ਸਮਿਆਂ ਦੌਰਾਨ ਵੀ ਦਰਸ਼ਨਾਂ ਲਈ ਆ ਸਕਣ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਆਖਿਆ ਕਿ ਇਸ ਤੋਂ ਇਲਾਵਾ ਪਾਕਿਸਤਾਨ ਦੀ ਤਰਫ਼ੋਂ ਇਹ ਮੰਗ ਰੱਖੀ ਗਈ ਹੈ ਕਿ ਭਾਰਤ-ਪਾਕਿਸਤਾਨ ਦੇ ਸਮਝੌਤੇ ਅਨੁਸਾਰ ਪਹਿਲਾਂ ਚਾਰ ਸਿੱਖ ਸ਼ਰਧਾਲੂਆਂ ਦੇ ਜਥੇ ਪਾਕਿਸਤਾਨ ਵਿਖੇ ਗੁਰਧਾਮਾਂ ਦੇ ਦਰਸ਼ਨਾਂ ਲਈ ਆਉਂਦੇ ਹਨ, ਜਿਸ ਦੀ ਗਿਣਤੀ ਵਧਾ ਕੇ ਸੱਤ ਕੀਤੀ ਜਾਵੇ। ਐਡਵੋਕੇਟ ਧਾਮੀ ਨੇ ਦੱਸਿਆ ਕਿ ਜਥਿਆਂ ਦੀ ਗਿਣਤੀ ਸੱਤ ਕਰਨ ਲਈ ਪਾਕਿਸਤਾਨ ਕਮੇਟੀ ਨੇ ਸਰਕਾਰ ਨਾਲ ਲਿਖਾਪੜ੍ਹੀ ਕੀਤੀ ਹੈ ਅਤੇ ਸ਼੍ਰੋਮਣੀ ਕਮੇਟੀ ਵੀ ਭਾਰਤ ਸਰਕਾਰ ਨਾਲ ਇਸ ਸੰਬੰਧੀ ਗੱਲ ਕਰਕੇ ਕਾਰਵਾਈ ਦੀ ਮੰਗ ਕਰੇਗੀ। ਉਨ੍ਹਾਂ ਦੱਸਿਆ ਕਿ ਪਾਕਿਸਤਾਨ ਦੀ ਸੰਗਤ ਚਾਹੁੰਦੀ ਹੈ ਕਿ ਭਾਰਤ ਦੇ ਸਿੱਖ ਸ਼ਰਧਾਲੂਆਂ ਦੇ ਜਥੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੋਤੀ ਜੋਤ ਦਿਵਸ, ਸ੍ਰੀ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਪੁਰਬ ਅਤੇ ਸਾਕਾ ਨਨਕਾਣਾ ਸਾਹਿਬ ਮੌਕੇ ਗੁਰਧਾਮਾਂ ਦੇ ਦਰਸ਼ਨਾਂ ਲਈ ਆਉਣ। ਐਡਵੋਕੇਟ ਧਾਮੀ ਨੇ ਕਿਹਾ ਕਿ ਪਾਕਿਸਤਾਨ ਸਿੱਖ ਸੰਗਤ ਨੇ ਇਹ ਵੀ ਮੰਗ ਕੀਤੀ ਹੈ ਕਿ ਭਾਰਤ ਸਰਕਾਰ ਦੀ ਤਰਫੋਂ ਸ੍ਰੀ ਕਰਤਾਰਪੁਰ ਸਾਹਿਬ ਲਾਂਘੇ ਰਾਹੀਂ ਦਰਸ਼ਨਾਂ ਲਈ ਜਾਣ ਤੋਂ ਪਹਿਲਾਂ ਆਨਲਾਈਲ ਇੰਦਰਾਜ ਦੀ ਸ਼ਰਤ ਹਟਾਈ ਜਾਵੇ ਅਤੇ ਭਾਰਤ ਸਰਕਾਰ ਸਿੱਧਾ ਮੌਕੇ ਉੱਤੇ ਆਉਣ ਵਾਲੇ ਸ਼ਰਧਾਲੂਆਂ ਨੂੰ ਦਰਸ਼ਨਾਂ ਲਈ ਸ੍ਰੀ ਦਰਬਾਰ ਸਾਹਿਬ, ਕਰਤਾਰਪੁਰ ਸਾਹਿਬ ਜਾਣ ਲਈ ਕਾਊਂਟਰ ਸਥਾਪਤ ਕਰਕੇ ਇਹ ਸੌਖੀ ਸੁਵਿਧਾ ਸ਼ੁਰੂ ਕਰੇ ਤਾਂ ਜੋ ਸਿੱਖ ਸੰਗਤ ਨੂੰ ਆਨਲਾਈਨ ਪ੍ਰਕਿਰਿਆ ਤੋਂ ਆਉਣ ਵਾਲੀ ਅਸੁਵਿਧਾ ਨਾ ਹੋਵੇ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਇਸ ਮਾਮਲੇ ਵਿਚ ਸ਼੍ਰੋਮਣੀ ਕਮੇਟੀ ਪਹਿਲਾਂ ਹੀ ਭਾਰਤ ਸਰਕਾਰ ਪਾਸੋਂ ਮੰਗ ਕਰ ਚੁੱਕੀ ਹੈ ਅਤੇ ਹੁਣ ਵੀ ਇਸ ਸੰਬੰਧੀ ਲਿਖਾਪੜ੍ਹੀ ਕਰਕੇ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਪਾਕਿਸਤਾਨ ਗੁਰਦੁਆਰਾ ਕਮੇਟੀ ਸ੍ਰੀ ਨਨਕਾਣਾ ਸਾਹਿਬ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਜੀਵਨੀ ਉੱਤੇ ਅਧਾਰਤ ਲਾਇਬਰੇਰੀ ਅਤੇ ਅਜਾਇਬ ਘਰ ਸਥਾਪਤ ਕਰਨਾ ਚਾਹੁੰਦੀ ਹੈ, ਜਿਸ ਵਿਚ ਸ਼੍ਰੋਮਣੀ ਕਮੇਟੀ ਉਨ੍ਹਾਂ ਦਾ ਸਹਿਯੋਗ ਕਰੇਗੀ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਸ਼ਤਾਬਦੀ ਸਾਂਝੇ ਤੌਰ ਉੱਤੇ ਮਨਾਉਣ ਲਈ ਕਿਸੇ ਕਿਸਮ ਦੀ ਕਮੀ ਨਹੀਂ ਛੱਡੀ ਜਾਵੇਗੀ ਅਤੇ ਸ਼ਤਾਬਦੀ ਮੌਕੇ ਸਿੱਖ ਸ਼ਰਧਾਲੂਆਂ ਦਾ ਜਥਾ ਆਪਣੀ ਅਗਵਾਈ ਵਿੱਚ ਲੈ ਕੇ ਜਾਵੇਗੀ। ਇਸੇ ਦੌਰਾਨ ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਗੁਰਦੁਆਰਾ ਡੇਹਰਾ ਸਾਹਿਬ ਲਾਹੌਰ ਵਿਖੇ ਮੱਥਾ ਟੇਕਿਆ ਅਤੇ ਮਹਾਰਾਜਾ ਰਣਜੀਤ ਸਿੰਘ ਦੀ ਸਮਾਧ ਦੇ ਵੀ ਦਰਸ਼ਨ ਕੀਤੇ। ਗੁਰਦੁਆਰਾ ਸਾਹਿਬ ਵਿਖੇ ਸ਼੍ਰੋਮਣੀ ਕਮੇਟੀ ਪ੍ਰਧਾਨ ਸਮੇਤ ਵਫ਼ਦ ਮੈਂਬਰਾਂ ਨੂੰ ਸਨਮਾਨਤ ਕੀਤਾ ਗਿਆ। ਇਸ ਬੈਠਕ ਵਿੱਚ ਔਕਾਫ਼ ਬੋਰਡ ਦੇ ਚੇਅਰਮੈਨ ਹਬੀਬੁ ਰਹਿਮਾਨ ਗਿਲਾਨੀ, ਵਧੀਕ ਸਕੱਤਰ ਰਾਣਾ ਸਾਹਿਦ ਅਤੇ ਸੈਫੂ ਰਹਿਮਾਨ ਖੋਖਰ, ਪਾਕਿਸਤਾਨ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਸ. ਅਮੀਰ ਸਿੰਘ, ਸਾਬਕਾ ਪ੍ਰਧਾਨ ਸ. ਸਤਵੰਤ ਸਿੰਘ ਅਤੇ ਬਿਸ਼ਨ ਸਿੰਘ, ਮੈਂਬਰ ਕਿਰਪਾ ਸਿੰਘ, ਡਾ. ਮਹੀਪਾਲ ਸਿੰਘ, ਡਾ. ਸਰਬੱਤ ਸਿੰਘ, ਸ. ਰਵਿੰਦਰ ਸਿੰਘ, ਗੁਰਦੁਆਰਾ ਡੇਹਰਾ ਸਾਹਿਬ ਲਾਹੌਰ ਤੋਂ ਦੋ ਗ੍ਰੰਥੀ ਸਿੰਘ ਗਿਆਨੀ ਪ੍ਰੀਤਮ ਸਿੰਘ ਅਤੇ ਗਿਆਨੀ ਮਨਜੀਤ ਸਿੰਘ ਸ਼ਾਮਲ ਸਨ।

## ਟਰਾਲੀ ਨਾਲ ਮੋਟਰਸਾਈਕਲ ਦੀ ਭਿਆਨਕ ਟੱਕਰ, ਮੋਟਰਸਾਈਕਲ ਸਵਾਰ ਦੀ ਮੌਤ, ਦੂਜਾ ਗੰਭੀਰ ਜ਼ਖਮੀ



ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ) ਭਿੱਖੀਵਿੰਡ ਤੋਂ ਮਾੜੀਮੇਘਾ ਨੂੰ ਜਾਂਦੀ ਸੜਕ 'ਤੇ ਮਾੜੀਮੇਘਾ ਵਾਲੀ ਸਾਈਡ ਤੋਂ ਝੋਨੇ ਨਾਲ ਭਰੀ ਟਰਾਲੀ ਨਾਲ ਮੋਟਰਸਾਈਕਲ ਦੀ ਸਿੱਧੀ ਟੱਕਰ ਹੋਣ ਨਾਲ ਮੋਟਰਸਾਈਕਲ ਸਵਾਰ ਦੀ ਮੌਕੇ 'ਤੇ ਹੀ ਮੌਤ ਹੋ ਗਈ ਜਦ ਕਿ ਦੂਜਾ ਵਿਅਕਤੀ ਗੰਭੀਰ ਰੂਪ ਵਿੱਚ ਜ਼ਖਮੀ ਦੱਸਿਆ ਜਾ ਰਿਹਾ ਹੈ। ਪ੍ਰਾਪਤ ਹੋਈ ਜਾਣਕਾਰੀ ਅਨੁਸਾਰ 2 ਨੌਜਵਾਨ ਸਪਲੈਂਡਰ ਮੋਟਰਸਾਈਕਲ 'ਤੇ ਸਵਾਰ ਹੋ ਕੇ ਆਪਣੇ ਪਿੰਡ ਮਾੜੀਮੇਘੇ ਨੂੰ ਜਾ ਰਹੇ ਸਨ, ਜਿਨ੍ਹਾਂ ਦੀ ਰਸਤੇ ਵਿੱਚ ਆ ਰਹੇ ਇੱਕ ਟਰਾਲੀ ਨਾਲ ਭਿਆਨਕ ਟੱਕਰ ਹੋਣ 'ਤੇ ਮੋਟਰਸਾਈਕਲ ਸਵਾਰ ਚੌਕੀਦਾਰ ਸਾਹਬ ਸਿੰਘ ਦੀ ਮੌਕੇ 'ਤੇ ਹੀ ਮੌਤ ਹੋ ਗਈ ਜਦ ਕਿ ਦੂਜਾ ਵਿਅਕਤੀ ਗੰਭੀਰ ਜ਼ਖਮੀ ਦੱਸਿਆ ਜਾ ਰਿਹਾ ਹੈ, ਜਿਸ ਨੂੰ ਨਿੱਜੀ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਹੈ। ਮੌਕੇ 'ਤੇ ਪੁੱਜੀ ਥਾਣਾ ਖਾਲੜਾ ਦੀ ਪੁਲਸ ਨੇ ਮ੍ਰਿਤਕ ਸਾਹਬ ਸਿੰਘ ਦੀ ਲਾਸ਼ ਨੂੰ ਕਬਜ਼ੇ 'ਚ ਲੈ ਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ ।

## ਜੀਉਂਦੇ ਜੀ ਬੱਚਿਆਂ ਸਮੇਤ ਔਰਤ ਨੇ ਸ਼ਮਸ਼ਾਨਘਾਟ 'ਚ ਲਾਇਆ ਡੇਰਾ





**ਚੋਹਲਾ ਸਾਹਿਬ (ਹਰਪ੍ਰੀਤ ਸਿੰਘ ਚੰਬਾ/ਰਮਨ ਚੱਢਾ)** ਬਿਆਸ ਦਰਿਆ ਦੇ ਕੰਢੇ ਤੇ ਸਥਿਤ ਪਿੰਡ ਘੜਕਾਂ ਦੇ ਬੀਆਬਾਨ ਸ਼ਮਸ਼ਾਨਘਾਟ ਵਿਖੇ ਜਿਥੇ ਦਿਨੇ ਹੀ ਅੰਧ-ਵਿਸ਼ਵਾਸਾਂ ਕਰਕੇ ਪਿੰਡ ਦੇ ਵਸਨੀਕ ਡਰ ਦੇ ਮਾਰੇ ਜਾਣ ਤੋਂ ਕੰਨੀ ਕਤਰਾਉਂਦੇ ਹਨ ਉਥੇ ਹੀ ਪਿੰਡ ਦੀ ਅੱਤ ਗਰੀਬ ਤੇ ਲੋੜਵੰਦ ਔਰਤ ਸੁਮਨਪ੍ਰੀਤ ਕੌਰ ਆਪਣੇ ਚਾਰ ਫੁੱਲਾਂ ਵਰਗੇ ਬੱਚਿਆਂ ਨਾਲ ਬਿਨਾਂ ਬਿਜਲੀ,ਕਮਰਾ,ਪਾਣੀ ਤੇ ਦੋ ਵੇਲੇ ਦੀ ਰੋਟੀ ਤੋਂ ਆਤਰ ਬੜੀ ਮੁਸ਼ਕਿਲ ਨਾਲ ਦਿਨ ਕੱਟ ਰਹੀ ਹੈ।

ਜਦੋਂ ਇੱਕੀਵੀਂ ਸਦੀ ਵਿਚ ਇਸ ਹਾਲਤ ਵਿੱਚ ਰਹਿ ਰਹੀ ਔਰਤ ਅਤੇ ਉਸ ਦੇ ਮਾਸੂਮ ਬੱਚਿਆਂ ਬਾਰੇ ਪੱਤਰਕਾਰਾਂ ਨੂੰ ਪਿੰਡ ਦੇ ਲੋਕਾਂ ਤੋਂ ਪਤਾ ਲੱਗਾ ਤਾਂ ਪ੍ਰੈੱਸ ਕਲੱਬ ਚੋਹਲਾ ਸਾਹਿਬ ਦੇ ਪੱਤਰਕਾਰਾਂ ਦੀ ਟੀਮ ਮੌਕਾ ਵੇਖਣ ਪੁੱਜੀ ਤਾਂ ਬਦਨਸੀਬ ਔਰਤ ਨੇ ਰੋਂਦਿਆਂ ਕੁਰਲਾਉਂਦਿਆਂ ਬੜੇ ਭਰੇ ਹੋਏ ਮਨ ਨਾਲ ਦੱਸਿਆ ਕਿ ਉਸ ਦਾ ਪਤੀ ਮਨਦੀਪ ਸਿੰਘ ਜੋ ਕਿ ਨਸ਼ਿਆਂ ਦਾ ਆਦੀ ਹੈ ਰੋਜ਼ਾਨਾ ਹੀ ਉਹ ਉਸ ਦੀ ਤੇ ਉਸ ਦੇ ਬੱਚਿਆਂ ਦੀ ਨਸ਼ਿਆਂ ਦੀ ਪੂਰਤੀ ਲਈ ਕੁੱਟਮਾਰ ਕਰਦਾ ਹੈ। ਇਸੇ ਕਰਕੇ ਸਾਡੇ ਕੋਲੋਂ ਅਜੇ ਤੱਕ ਘਰ ਦਾ ਮਕਾਨ ਨਹੀਂ ਬਣ ਸਕਿਆ। ਬੇਘਰ ਮੇਰੀਆਂ ਦੋ ਧੀਆਂ ਤੇ ਦੋ ਪੁੱਤਰ ਸਕੂਲ 'ਚ ਪੜ੍ਹਨਾ ਚਾਹੁੰਦੇ ਹਨ ਪਰ ਮੈ ਅਤਿ ਗਰੀਬ ਹੋਣ ਕਰਕੇ ਉਨ੍ਹਾਂ ਦੇ ਅਧਾਰ ਕਾਰਡ ਵੀ ਨਹੀਂ ਬਣਾ ਸਕੀ ਜਿਸ ਕਰਕੇ ਕੋਈ ਵੀ ਸਕੂਲ ਮੇਰੇ ਬੱਚਿਆਂ ਨੂੰ ਸਕੂਲ 'ਚ ਦਾਖਲਾ ਕਰਕੇ ਨਹੀਂ ਪੜ੍ਹਾ ਰਿਹਾ। ਸਾਡਾ ਘਰ ਬਾਰ ਨਾ ਹੋਣ ਕਰਕੇ ਮੈਂ ਲਗਭਗ ਪਿਛਲੇ ਡੇਢ ਸਾਲ ਤੋਂ ਬੱਚਿਆਂ ਸਮੇਤ ਪਿੰਡ ਦੇ ਸ਼ਮਸ਼ਾਨਘਾਟ ਵਿੱਚ ਰਹਿਣ ਲਈ ਮਜਬੂਰ ਹਾਂ। ਪਿੰਡ ਚੋਂ ਗੋਹਾ ਸੁੱਟਣ ਦੀ ਮਜ਼ਦੂਰੀ ਨਾਲ ਜੋ ਪੈਸੇ ਮੇਰੇ ਕੋਲ ਆਉਂਦੇ ਹਨ ਮੈਂ ਉਨ੍ਹਾਂ ਪੈਸਿਆਂ ਨਾਲ ਆਪਣਾ ਤੇ ਆਪਣੇ ਬੱਚਿਆਂ ਨੂੰ ਚੰਗਾ-ਮਾੜਾ ਖਾਣਾ ਪ੍ਰੋਸ ਦਿੰਦੀ ਹਾ। ਜ਼ਿਆਦਾਤਰ ਸਾਨੂੰ ਕਈ ਕਈ ਦਿਨ ਭੁੱਖਣ-ਭਾਣੇ ਰਹਿਣਾ ਪੈਂਦਾ ਹੈ। ਔਰਤ ਨੇ ਦੱਸਿਆ ਕਿ ਜਿਥੇ ਰੱਬ ਨੇ ਸਾਡੇ ਨਾਲ ਅਨਿਆਂ ਕੀਤਾ ਉਥੇ ਹੀ ਸਮੇਂ ਸਮੇਂ ਦੀਆਂ ਸਰਕਾਰਾਂ ਨੇ ਵੀ ਸਾਡੇ ਨਾਲ ਵਿਤਕਰਾ ਕਰਕੇ ਨਾ ਹੀ ਕੋਈ ਪਲਾਟ,ਮਕਾਨ ਦਿੱਤਾ ਅਜੇ ਤੱਕ ਸਰਕਾਰ ਵੱਲੋਂ ਸਸਤੀ ਤੇ ਮੁਫਤ ਕਣਕ ਵੀ ਨਹੀਂ ਮਿਲੀ। ਉਸਨੇ ਪੰਜਾਬ ਸਰਕਾਰ ਤੇ ਦਾਨੀਂ ਸੱਜਣਾਂ ਨੂੰ ਅਪੀਲ ਕੀਤੀ ਕਿ ਉਸ ਦੀ ਤੇ ਉਸ ਦੇ ਛੋਟੇ ਛੋਟੇ ਬੱਚਿਆਂ ਵਾਸਤੇ ਇਕ ਪੱਕਾ ਮਕਾਨ ਤੇ ਰੋਜ਼ੀ ਰੋਟੀ ਦਾ ਪ੍ਰਬੰਧ ਕੀਤਾ ਜਾਵੇ ਨਹੀਂ ਤਾਂ ਮਜਬੂਰਨ ਭੁੱਖਮਰੀ ਅਤੇ ਗਰੀਬੀ ਤੋਂ ਤੰਗ ਆ ਕੇ ਉਸ ਨੂੰ ਬੱਚਿਆਂ ਸਮੇਤ ਆਪਣੀ ਜੀਵਨ ਲੀਲ੍ਹਾ ਸਮਾਪਤ ਕਰਨ ਲਈ ਮਜਬੂਰ ਹੋਣਾ ਪਵੇਗਾ। ਇਸ ਮੌਕੇ ਪਿੰਡ ਦੇ ਲੋਕਾ ਨੇ ਵੀ ਇਸ ਬਦਨਸੀਬ ਔਰਤ ਦੀ ਮਦਦ ਦੀ ਗੁਹਾਰ ਲਗਾਈ।

## ਮਜੀਠਾ ਵਿਖੇ ਦੁਸਹਿਰੇ ਦਾ ਤਿਉਹਾਰ ਧੂਮਧਾਮ ਤੇ ਸ਼ਰਧਾ ਨਾਲ ਮਨਾਇਆ



**ਮਜੀਠਾ (ਸੋਇਮ ਆਨੰਦ)** ਮਜੀਠਾ ਵਿਖੇ ਰਾਮਲੀਲ੍ਹਾ ਦੁਸਹਿਰਾ ਐਂਡ ਵੈਲਫੇਅਰ ਸੁਸਾਇਟੀ ਮਜੀਠਾ ਵੱਲੋਂ ਸਮੂਹ ਧਾਰਮਿਕ ਸਭਾ ਸੁਸਾਇਟੀਆਂ ਦੇ ਸਹਿਯੋਗ ਨਾਲ ਬਦੀ 'ਤੇ ਨੇਕੀ ਦੀ ਜਿੱਤ ਦਾ ਪ੍ਰਤੀਕ ਤਿਉਹਾਰ ਦੁਸਹਿਰਾ ਬੜੀ ਸਰਧਾ ਤੇ ਧੂਮਧਾਮ ਨਾਲ ਮਨਾਇਆ ਗਿਆ।

ਇਸ ਸੰਬੰਧੀ ਗੁਰੂ ਨਾਨਕ ਮਾਡਲ ਸਮੂਲ ਮਜੀਠਾ ਦੀ ਗਰਾਊਂਡ ਵਿੱਚ ਸਮਾਗਮ ਕਰਾਇਆ ਗਿਆ ਜਿਸ ਵਿੱਚ ਆਮ ਆਦਮੀ ਪਾਰਟੀ ਦੇ ਆਗੂ ਗੁਰਭੇਜ ਸਿੰਘ ਸਿੱਧੂ ,ਪ੍ਰਿਤਪਾਲ ਸਿੰਘ ਬੱਲ ,ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਦੇ ਸਿਆਸੀ ਸਕੱਤਰ ਐਡਵੋਕੇਟ ਰਾਕੇਸ਼ ਪ੍ਰਾਸ਼ਰ, ਸਾਬਕਾ ਪ੍ਰਧਾਨ ਕੌਂਸਲਰ ਤਰੁਨ ਅਬਰੋਲ, ਸੀਨੀਅਰ ਮੀਤ ਪ੍ਰਧਾਨ ਪ੍ਰਿੰਸ ਨਈਅਰ, ਕਾਂਗਰਸ ਪਾਰਟੀ ਤੋਂ ਸਤਿੰਦਰ ਸਿੰਘ ਸ਼ਾਹ ਮਜੀਠਾ, ਆਕਾਸ਼ਦੀਪ ਸਿੰਘ ਮਜੀਠੀਆ, ਭਾਜਪਾ ਆਗੂ ਪਰਮਜੀਤ ਸਿੰਘ ਪੰਮਾ ਪ੍ਰਧਾਨ, ਸੁਖਜਿੰਦਰ ਸਿੰਘ ਬਿੱਟੂ ਪ੍ਰਧਾਨ,ਬਿਕਰਮ ਸਿੰਘ ਚੁਗਾਵਾਂ, ਸਮਾਜ ਸੇਵਕ ਜੋਗਾ ਸਿੰਘ ਅਠਵਾਲ ਆਦਿ ਹੋਰ ਪਤਵੰਤੇ ਆਗੂ ਪੁੱਜੇ ਸਨ। ਰਾਵਣ ਦੇ ਪੁਤਲੇ ਨੂੰ ਰਾਮਲੀਲ੍ਹਾ ਵਿੱਚ ਭਗਵਾਨ ਰਾਮ ਚੰਦਰ ਜੀ ਦੀ ਭੂਮਿਕਾ ਨਿਭਾਉਣ ਵਾਲੇ ਪਾਤਰ ਨੇ ਅਗਨ ਭੇਟ ਕੀਤਾ।

ਇਸ ਮੌਕੇ ਕਿਸੇ ਤਰ੍ਹਾਂ ਦੀ ਅਣਸੁਖਾਵੀ ਘਟਨਾ ਨਾ ਵਾਪਰੇ ਐਸਐਚਓ ਮਜੀਠਾ ਮਨਮੀਤਪਾਲ ਸਿੰਘ ਵੱਲੋਂ ਸੁਰੱਖਿਆ ਦੇ ਪੁਖਤਾ ਪ੍ਰਬੰਧ ਕੀਤੇ ਗਏ। ਇਸ ਵਾਰ ਦੁਸਹਿਰੇ ਦੇ ਤਿਉਹਾਰ 'ਤੇ ਮਹਿੰਗਾਈ ਦਾ ਅਸਰ ਕੁਝ ਜ਼ਿਆਦਾ ਦਿਖਾਈ ਦਿੱਤਾ ਕਿਉਂਕਿ ਇਸ ਤੋਂ ਪਹਿਲਾਂ ਤਿੰਨ ਪੁਤਲੇ ਬਣਾਏ ਜਾਂਦੇ ਸਨ ਅਤੇ ਇਨ੍ਹਾਂ ਵਿੱਚ ਆਤਸ਼ਬਾਜ਼ੀ ਭਾਰੀ ਮਿਕਦਾਰ ਵਿੱਚ ਪਾਈ ਜਾਦੀ ਸੀ ਪਰ ਇਸ ਵਾਰ ਇੱਕ ਹੀ ਪੁਤਲਾ ਬਣਾਇਆ ਅਤੇ ਇਸ ਵਿੱਚ ਵੀ ਆਤਸ਼ਬਾਜ਼ੀ ਘੱਟ ਹੀ ਦਿਖਾਈ ਦਿੱਤੀ। ਸ਼ਹਿਰ ਮਜੀਠਾ ਅਤੇ ਆਸ ਪਾਸ ਪਿੰਡਾਂ ਤੋਂ ਵੱਡੀ ਗਿਣਤੀ ਵਿੱਚ ਲੋਕ ਸ਼ਾਮਲ ਸਨ।

## ਨਿਹੰਗ ਸਿੰਘ ਦਲਾਂ ਨੇ ਖਾਲਸਾਈ ਜਾਹੋ-ਜਲਾਲ ਨਾਲ ਕੱਢਿਆ ਮਹੱਲਾ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**-ਗੁਰਦੁਆਰਾ ਰਣਜੀਤਗੜ੍ਹ, ਪਾ: 10ਵੀਂ ਚਮਕੌਰ ਸਾਹਿਬ ਛਾਉਣੀ ਬੁੱਢਾ ਦਲ ਤੋਂ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਮੁੱਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਦੀ ਅਗਵਾਈ ਅਤੇ ਇਤਿਹਾਸਕ ਨਿਸ਼ਾਨ ਨਿਗਾਰਿਆਂ ਦੀ ਛਤਰ-ਛਾਇਆ ਹੇਠ ਮਹੱਲੇ ਦੀ ਆਰੰਭਤਾ ਹੋਈ। ਇਸ ਤੋਂ ਪਹਿਲਾਂ ਗੁਰਦੁਆਰਾ ਰਣਜੀਤਗੜ੍ਹ, ਪਾ: 10ਵੀਂ ਚਮਕੌਰ ਸਾਹਿਬ ਛਾਉਣੀ ਬੁੱਢਾ ਦਲ ਵਿਖੇ ਅਖੰਡ ਪਾਠਾਂ ਦੇ ਭੋਗ ਨਿਹੰਗ ਸਿੰਘਾਂ ਦੀ ਚਲੀ ਆਉਂਦੀ ਮਰਿਯਾਦਾ ਅਨੁਸਾਰ ਪਾਏ ਗਏ। ਬੁੱਢਾ ਦਲ ਦੇ ਹੈੱਡ ਗ੍ਰੰਥੀ ਬਾਬਾ ਮੱਘਰ ਸਿੰਘ, ਬਾਬਾ ਮਨਮੋਹਨ ਸਿੰਘ ਬਾਰਨ ਵਾਲਿਆਂ ਨੇ ਗੁਰਬਾਣੀ ਦਾ ਮਨੋਹਰ ਕੀਰਤਨ ਕੀਤਾ। ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ 96ਵੇਂ ਕਰੋੜੀ ਨੇ ਕਿਹਾ ਕਿ ਜਿਹੜੀ ਕੌਮ ਦੀ ਜੁਆਨੀ ਬਹਾਦਰ ਤੇ ਅਣਖੀਲੀ ਹੁੰਦੀ ਹੈ ਉਸ ਕੌਮ ਨੂੰ ਵੱਡੀ ਤੋਂ ਵੱਡੀ ਤਾਕਤਵਰ ਧਿਰ ਵੀ ਗੁਲਾਮ ਨਹੀਂ ਬਣਾ ਸਕਦੀ। ਜਿਹੜੀ ਕੌਮ ਦੇ ਲੋਕ ਡਰਪੋਕ ਤੇ ਸੁਆਰਥੀ ਹੋਵਣ ਉਹ ਕੌਮ ਸਿਰ ਸੁੱਟ ਕੇ ਜਿਊਣ ਵਾਲੇ ਗੁਲਾਮਾਂ 'ਚ ਸ਼ਾਮਲ ਹੋ ਜਾਂਦੀ ਹੈ।

ਉਨ੍ਹਾਂ ਕਿਹਾ ਕਿ ਦਸਮ ਪਿਤਾ ਦੇ ਸਾਹਿਬਜ਼ਾਦਿਆਂ ਨੇ ਕੌਮ ਦੀ ਅਗਵਾਈ ਕਰਦਿਆਂ ਕੌਮ ਨੂੰ ਅਣਖ, ਦਲੇਰ, ਨਿਰਭੈਅ ਹੋ ਕੇ ਜਿਊਣ ਦਾ ਮਾਰਗ ਦਿੱਤਾ। ਉਸ ਮਾਰਗ 'ਤੇ ਚੱਲਣ ਲਈ ਅੱਜ ਦੀ ਨੌਜਵਾਨ ਪੀੜ੍ਹੀ ਨੂੰ ਵਿਚਾਰਮਈ ਹੋਣਾ ਚਾਹੀਦਾ ਹੈ।

ਪੰਧ ਤੋਂ ਉਖੜ ਕੇ ਕੌਮਾਂ ਦੁਸ਼ਵਾਰੀਆਂ ਦੇ ਰਾਹ ਪੈ ਜਾਂਦੀਆਂ ਹਨ, ਸੱਚੇ ਮਾਰਗ ਚਲਦਿਆਂ ਗੁਰੂ ਆਪ ਅੰਗ-ਸੰਗ ਸਹਾਈ ਹੁੰਦਾ ਹੈ। ਨਰਸਿੰਙਿਆਂ, ਬੈਂਡ ਵਾਜਿਆਂ ਦੀਆਂ ਸ਼ਬਦੀ ਧੁਨਾਂ ਤੇ ਖਾਲਸਾਈ ਜੈਕਾਰਿਆਂ ਦੀ ਗੂੰਜ ਵਿੱਚ ਇਹ ਨਿਹੰਗ ਸਿੰਘਾਂ ਦਾ ਮਹੱਲਾ ਗੁਰਦੁਆਰਾ ਰਣਜੀਤਗੜ੍ਹ ਤੋਂ ਆਰੰਭ ਹੋ ਕੇ ਚਮਕੌਰ ਸਾਹਿਬ ਦੇ ਵੱਖ-ਵੱਖ ਬਾਜ਼ਾਰਾਂ ਤੋਂ ਹੁੰਦਾ ਹੋਇਆ ਗੁ: ਸ਼ਹੀਦ ਬੁਰਜ ਭਾਈ ਜੈਤਾ ਜੀ, ਗੁ: ਸ੍ਰੀ ਗੜ੍ਹੀ ਸਾਹਿਬ, ਗੁ: ਸ੍ਰੀ ਕਤਲਗੜ੍ਹ ਸਾਹਿਬ, ਗੁ: ਸ੍ਰੀ ਤਾੜੀ ਸਾਹਿਬ ਵਿਖੇ ਨਤਮਸਤਕ ਹੁੰਦਾ ਹੋਇਆ ਇੱਕ ਖੁੱਲ੍ਹੀ ਗਰਾਊਂਡ ਵਿੱਚ ਪੁੱਜਾ ਜਿਥੇ ਨਿਹੰਗ ਸਿੰਘਾਂ ਨੇ ਘੋੜਿਆਂ ਦੀਆਂ ਦੌੜਾਂ ਕਰਵਾਈਆਂ।

## ਡੇਹਰੀਵਾਲ ਦਰੋਗਾ 'ਚ ਲੱਗੀਆਂ ਦੁਸਹਿਰੇ ਦੀਆਂ ਰੌਣਕਾਂ



**ਧਾਰੀਵਾਲ, (ਮਨਦੀਪ ਵਿੱਕੀ)**-ਪਿੰਡ ਡੇਹਰੀਵਾਲ ਦਰੋਗਾ ਵਿੱਚ ਡਰਾਮਾਟਿਕ ਕਲੱਬ ਰਜਿ. ਵੱਲੋਂ ਸਮੂਹ ਨਗਰ ਵਾਸੀਆਂ ਅਤੇ ਇਲਾਕੇ ਦੇ ਸਹਿਯੋਗ ਨਾਲ ਰਾਮਲੀਲਾ ਸਟੇਡੀਅਮ ਵਿਖੇ ਨੇਕੀ ਅਤੇ ਬਦੀ ਦਾ ਤਿਉਹਾਰ ਦੁਸਹਿਰਾ ਪੂਰੇ ਉਤਸ਼ਾਹ ਨਾਲ ਮਨਾਇਆ। ਇਸ ਮੌਕੇ ਰੰਗ-ਬਰੰਗੀਆਂ ਆਕਰਸ਼ਕ ਸੁੰਦਰ ਝਾਕੀਆਂ ਕੱਢੀਆਂ ਗਈਆਂ।

ਇਸ ਮੌਕੇ ਆਯੋਜਿਤ ਸੱਭਿਆਚਾਰਕ ਪ੍ਰੋਗਰਾਮ ਦੌਰਾਨ ਪ੍ਰਸਿੱਧ ਗਾਇਕਾ ਜ਼ੈਨੀ ਜੌਹਲ ਅਤੇ ਗਾਇਕ ਜੋੜੀ ਗੁਰਮੀਤ ਪੰਜਾਬੀ ਤੇ ਹੁਸਨ ਮੀਤ ਨੇ ਆਪਣੇ ਚਰਚਿਤ ਗੀਤਾਂ ਦੁਆਰਾ ਦਰਸ਼ਕਾਂ ਦਾ ਖੂਬ ਮੰਨੋਰਜਨ ਕੀਤਾ। ਉਪਰੰਤ ਸ਼ਾਮ ਨੂੰ ਕਲੱਬ ਦੇ ਨੌਜਵਾਨਾਂ ਨੇ ਸੁੰਦਰ ਪਹਿਰਾਵਾ ਪਾ ਕੇ ਰਾਮ ਤੇ ਲਛਮਣ ਦੇ ਰੂਪ ਵਿੱਚ ਤੀਰਅੰਦਾਜ਼ੀ ਨਾਲ ਰਾਵਣ ਦੇ ਬੁੱਤ ਨੂੰ ਨਿਸ਼ਾਨੇ ਸਾਧ ਕੇ ਅਗਨੀ ਭੇਟ ਕੀਤਾ। ਇਸ ਮੌਕੇ ਡਰਾਮਾਟਿਕ ਕਲੱਬ ਤੇ ਦੁਸਹਿਰਾ ਕਮੇਟੀ ਦੇ ਪ੍ਰਧਾਨ ਬਚਿੱਤਰ ਪਾਲ, ਖਜ਼ਾਨਚੀ ਮਾਸਟਰ ਸ਼ੰਭੂਨਾਥ, ਰਾਜੂ ਖਹਿਰਾ, ਜੋਗਿੰਦਰਪਾਲ ਬਿੱਟੂ, ਮੋਹਨ ਲਾਲ, ਕੇਵਲ ਕਿਸ਼ਨ, ਕਮਲ ਘੁੰਮਣ, ਪੰਕਜ, ਛੋਟਾ ਰਾਜੂ, ਵਰਿੰਦਰ ਸ਼ਰਮਾ, ਗਿਆਨ ਸਿੰਘ, ਤਰਲੋਕ ਚੰਦ, ਸੌਰਵ ਭਾਰਦਵਾਜ, ਮੋਹਿਤ ਕੁਮਾਰ ਰਾਜਨ, ਬਾਬਾ ਅਜੈਬ ਸਿੰਘ ਧਾਰੀਵਾਲ ਕਲਾਂ ਤੋਂ ਇਲਾਵਾ ਸਮੂਹ ਨਗਰ ਵਾਸੀ ਅਤੇ ਇਲਾਕੇ ਭਰ ਤੋਂ ਲੋਕ ਹਾਜ਼ਰ ਸਨ।

## ਰਾਮ ਲੀਲ੍ਹਾ 'ਚ ਪੰਜਾਬੀ ਗਾਣੇ 'ਤੇ ਡਾਂਸ ਕਰਨ ਦਾ ਮਾਮਲਾ ਭਖਿਆ



**ਮਜੀਠਾ (ਸੋਇਮ ਆਨੰਦ)** ਬੀਤੀ ਰਾਤ ਪਿੰਡ ਨਾਗ ਕਲਾਂ ਵਿਖੇ ਰਾਮਲੀਲ੍ਹਾ ਵਿੱਚ ਗੈਰ ਧਾਰਮਿਕ ਪੰਜਾਬੀ ਲੱਚਰ ਗੀਤ 'ਤੇ ਡਾਂਸ ਕੀਤੇ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ। ਜਾਣਕਾਰੀ ਅਨੁਸਾਰ ਪਿੰਡ ਨਾਗ ਕਲਾਂ ਵਿਖੇ ਪਿਛਲੇ ਲੰਮੇ ਸਮੇਂ ਤੋਂ ਸਰਕਾਰੀ ਸਕੂਲ ਦੀ ਗਰਾਊਂਡ ਵਿੱਚ ਰਾਮਲੀਲ੍ਹਾ ਕੀਤੀ ਜਾ ਰਹੀ ਹੈ। ਇਸ ਵਾਰ ਬੀਤੀ ਰਾਤ ਚਲਦੀ ਰਾਮ ਲੀਲ੍ਹਾ ਵਿੱਚ ਉਸ ਵਕਤ ਹੜਬੜਾਹਟ ਫੈਲ ਗਈ ਜਦ ਇੱਕ ਗੈਰ ਧਾਰਮਿਕ ਪੰਜਾਬੀ ਲੱਚਰ ਗੀਤ ਚੱਲਣ ਲੱਗ ਪਿਆ ਅਤੇ ਸਟੇਜ 'ਤੇ ਔਰਤ ਦੇ ਕੱਪੜਿਆਂ ਵਿੱਚ ਡਾਂਸ ਕਰਨ ਲੱਗ ਪਈ। ਜਿਸ ਦੀ ਕਿਸੇ ਵਿਅਕਤੀ ਨੇ ਵੀਡੀਓ ਵਾਇਰਲ ਕਰ ਦਿੰਤੀ ਜਿਸ ਦਾ ਕਿ ਚਵਿੰਡਾ ਦੇਵੀ ਦੇ ਵਸਨੀਕ ਹਿੰਦੂ ਸ਼ਿਵ ਸੈਨਾ ਬਾਲ ਠਾਕਰੇ ਦੇ ਜ਼ਿਲ੍ਹਾ ਅੰਮ੍ਰਿਤਸਰ ਦਿਹਾਤੀ ਦੇ ਪ੍ਰਧਾਨ ਬਲਵਿੰਦਰ ਸ਼ਰਮਾ ਨੇ ਨੋਟਿਸ ਲੈਂਦੇ ਹੋਏ ਥਾਣਾ ਮਜੀਠਾ ਦੀ ਪੁਲਸ ਨੂੰ ਇਤਲਾਹ ਦਿੱਤੀ ਜਿਸ ਤੇ ਪੁਲਿਸ ਨੇ ਤੁਰੰਤ ਹਰਕਤ ਵਿੱਚ ਆਉਂਦਿਆਂ ਇਹ ਗੀਤ ਬੰਦ ਕਰਵਾ ਦਿੱਤਾ ਪਰ ਸ਼ਿਵ ਸੈਨਿਕ ਬਲਵਿੰਦਰ ਸ਼ਰਮਾ ਨੇ ਅੱਜ ਸਵੇਰੇ ਦੋਸ਼ੀਆਂ ਖਿਲਾਫ ਕਾਰਵਾਈ ਕਰਨ ਵਾਸਤੇ ਥਾਣਾ ਮਜੀਠਾ ਵਿਖੇ ਇਕੱਤਰ ਹੋਣ ਲਈ ਲੋਕਾਂ ਨੂੰ ਕਿਹਾ। ਅੱਜ ਸਵੇਰੇ ਥਾਣਾ ਮਜੀਠਾ ਵਿਖੇ ਹਿੰਦੂ ਸ਼ਿਵ ਸੈਨਾ ਬਾਲ ਠਾਕਰੇ ਦੇ ਪੰਜਾਬ ਪ੍ਰਧਾਨ ਸੰਜੀਵ ਕੁਮਾਰ ਭਾਸਕਰ ਅਤੇ ਬਲਵਿੰਦਰ ਸ਼ਰਮਾ ਸ਼ਿਵ ਸੈਨਾ ਆਗੂ ਬਿਕਰਮ ਰੰਧਾਵਾ ਆਪਣੇ ਸਾਥੀਆਂ ਸਮੇਤ ਆਏ ਜਿਨ੍ਹਾਂ ਨੇ ਦੋਸ਼ੀਆਂ ਖਿਲਾਫ ਮੁਕੱਦਮਾ ਦਰਜ ਕਰਨ ਦੀ ਮੰਗ ਕੀਤੀ। ਪਿੰਡ ਨਾਗ ਕਲਾਂ ਦੇ ਰਾਮਲੀਲ੍ਹਾ ਕਮੇਟੀ ਦੇ ਮੈਬਰ ਵੀ ਆਏ ਜਿਸ ਤੇ ਥਾਣਾ ਮਜੀਠਾ ਦੇ ਐਸ ਐਚ ਓ ਮਨਮੀਤਪਾਲ ਸਿੰਘ ਨੇ ਦੋਹਾਂ ਧਿਰਾਂ ਦਾ ਪੱਖ ਸੁਣਿਆ ਅਤੇ ਬੜੀ ਸਿਆਣਪ ਵਰਤਦੇ ਹੋਏ ਹਿੰਦੂ ਸ਼ਿਵ ਸੈਨਾ ਦੇ ਕਾਰਕੁੰਨਾਂ ਨੂੰ ਸ਼ਾਂਤ ਕਰਾਇਆ ਅਤੇ ਦੋਹਾਂ ਧਿਰਾਂ ਵਿੱਚ ਰਾਜ਼ੀਨਾਮਾ ਕਰਵਾ ਦਿੱਤਾ। ਰਾਮਲੀਲ੍ਹਾ ਕਮੇਟੀ ਮੈਂਬਰਾਂ ਨੇ ਕਿਹਾ ਕਿ ਇਹ ਕੰਮ ਰਾਮਲੀਲ੍ਹਾ ਵਿੱਚ ਭਾਗ ਲੈ ਰਹੇ ਪਾਤਰਾਂ ਵੱਲੋਂ ਅਣਜਾਣਤਾ ਵਿੱਚ ਹੋਇਆ ਹੈ, ਉਨ੍ਹਾਂ ਦਾ ਮਕਸਦ ਕਿਸੇ ਵੀ ਧਰਮ ਜਾਂ ਵਿਅਕਤੀ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦਾ ਨਹੀਂ ਸੀ ਪਰ ਫਿਰ ਵੀ ਅਗਰ ਕਿਸੇ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਲੱਗੀ ਹੈ ਤਾਂ ਸਮੁੱਚੀ ਕਮੇਟੀ ਅਤੇ ਮੋਹਤਬਰ ਉਨ੍ਹਾਂ ਤੋਂ ਲਿਖਤੀ ਤੌਰ 'ਤੇ ਮੁਆਫੀ ਮੰਗਦੇ ਹਨ। ਜਿਸ 'ਤੇ ਇਹ ਮਾਮਲਾ ਸ਼ਾਂਤ ਹੋ ਗਿਆ ਅਤੇ ਅੱਗੇ ਤੋਂ ਕਿਸੇ ਵੀ ਧਿਰ ਵੱਲੋਂ ਕੋਈ ਕਾਰਵਾਈ ਨਾ ਕਰਵਾਉਣ ਦਾ ਭਰੋਸਾ ਦਿੱਤਾ ਗਿਆ।

## ਚਾਰ ਸਾਹਿਬਜ਼ਾਦਿਆਂ ਨੂੰ ਸਮਰਪਿਤ ਕੀਰਤਨ ਦਰਬਾਰ ਤੇ ਬਰਸੀ ਸਮਾਗਮ ਸ਼ਰਧਾਪੂਰਵਕ ਸੰਪੰਨ



**ਅੱਡਾ ਸਰਾਂ ( ਜਸਵੀਰ ਕਾਜਲ)**-ਕੁੱਲੀ ਬਾਬਾ ਖੁਸ਼ਦਿਲ ਪਿੰਡ ਦਰੀਆ ਤੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜੀ ਦੇ ਚਾਰ ਸਾਹਿਬਜ਼ਾਦਿਆਂ ਨੂੰ ਸਮਰਪਿਤ ਕੀਰਤਨ ਦਰਬਾਰ ਅਤੇ ਸੰਤ ਬਾਬਾ ਤਾਰਾ ਸਿੰਘ ਖੁਸ਼ਦਿਲ ਅਤੇ ਸੰਤ ਨਿਰਮਲ ਸਿੰਘ ਨਿਰਮਲੇ ਦੀ ਬਰਸੀ ਸਬੰਧੀ ਸਮਾਗਮ ਸ਼ਰਧਾਪੂਰਵਕ ਸੰਪੰਨ ਹੋਇਆ । ਸੰਤ ਬਾਬਾ ਮੱਖਣ ਸਿੰਘ ਨਿਰਮਲੇ ਦੀ ਦੇਖ ਰੇਖ ਵਿਚ ਹੋ ਰਹੇ ਧਾਰਮਿਕ ਸਮਾਗਮ ਦੌਰਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਹਿਨੁਮਾਈ ਹੇਠ ਕੀਰਤਨ ਦਰਬਾਰ 5 ਅਕਤੂਬਰ ਨੂੰ ਕਰਵਾਇਆ ਗਿਆ । ਇਸ ਸਮਾਗਮ ਵਿੱਚ ਦੂਰ ਨੇੜੇ ਤੋਂ ਆਈਆਂ ਹੋਈਆਂ ਸੰਗਤਾਂ ਅਤੇ ਪਿੰਡ ਕੰਧਾਲਾ ਜੱਟਾਂ ,ਪਿੰਡ ਦਰੀਆ ,ਪਿੰਡ ਬਾਬਕ ਪਿੰਡ ਘੋੜੇਵਾਹਾ, ਦੀਆਂ ਸੰਗਤਾਂ ਨੇ ਪਹੁੰਚ ਕਰ ਗੁਰਬਾਣੀ ਦਾ ਲਾਹਾ ਪ੍ਰਾਪਤ ਕੀਤਾ। ਕੀਰਤਨ ਦਰਬਾਰ ਸਵੇਰੇ 9 ਵਜੇ ਆਰੰਭ ਕੀਤਾ ਗਿਆ ਜੋ ਸਾਰੀ ਰਾਤ ਚੱਲਦੇ ਹੋਏ ਅਗਲੀ ਸਵੇਰ 6 ਵਜੇ ਤੱਕ ਸਮਾਪਤ ਹੋਇਆ । ਇਸ ਦੌਰਾਨ ਕੀਰਤਨੀ ਜਥੇ ਭਾਈ ਦਵਿੰਦਰ ਸਿੰਘ ਬੋਦਲਾਂ ਵਾਲੇ , ਭਾਈ ਬਾਜ਼ ਸਿੰਘ ਬੋਦਲਾਂ ਵਾਲੇ, ਭਾਈ ਸਤਿੰਦਰ ਸਿੰਘ ਬੋਦਲਾਂ ਵਾਲੇ ਭਾਈ ਪਰਮਜੀਤ ਸਿੰਘ ਬੋਦਲਾਂ ਵਾਲੇ , ਸਰੂਪ ਸਿੰਘ ਬੋਦਲਾਂ ਵਾਲੇ ,ਭਾਈ ਜਸਵਿੰਦਰ ਸਿੰਘ ਗੜ੍ਹਦੀਵਾਲਾ ,ਉਸਤਾਦ ਸ਼ਮਿੰਦਰਪਾਲ ਸਿੰਘ ,ਤਬਲਾ ਵਾਦਕ ਉਸਤਾਦ ਕੁਲਵਿੰਦਰ ਸਿੰਘ ਅਕੈਡਮੀ ਫਤਿਹਪੁਰ, ਭਾਈ ਗੁਰਮੁਖ ਸਿੰਘ ਅਤੇ ਭਾਈ ਰੇਸ਼ਮ ਸਿੰਘ ਕੰਧਾਲਾ ਜੱਟਾਂ ,ਭਾਈ ਗੁਰਪ੍ਰੀਤ ਸਿੰਘ ਕੰਧਾਲੇ ਜੱਟਾਂ ਵਾਲੇ ,ਬੀਬੀ ਮਨਪ੍ਰੀਤ ਕੌਰ ਕੰਧਾਲਾ ਜੱਟਾਂ, ਬੀਬੀ ਭੁਪਿੰਦਰ ਕੌਰ ਖਾਲਸਾ ਕੰਧਾਲਾ ਜੱਟਾਂ (ਨਾਮਧਾਰੀਆਂ ਰਮਦਾਸਪੁਰ ਵਾਲੇ ਗੁਰਦੁਆਰਾ ਬਾਬਾ ਬੁੱਢਾ ਜੀ ) ,ਢਾਡੀ ਅਤੇ ਕਵੀਸ਼ਰੀ ਜਥੇ, ਭਗਵੰਤ ਸਿੰਘ ਕਵੀਸ਼ਰ, ਗੁਰਮੁਖ ਸਿੰਘ ਐਮ ਏ ਕਵੀਸ਼ਰ, ਜਰਨੈਲ ਸਿੰਘ ਨਿਰਧੜਕ ਢਾਡੀ ਜਥਾ ,ਕਸ਼ਮੀਰ ਸਿੰਘ ਕਾਦਰ ਢਾਡੀ ਜਥਾ,ਜਤਿੰਦਰ ਸਿੰਘ ਨੂਰਪੁਰ ਚੱਠਾ ਨੇ ਕੀਰਤਨੀ ਵਾਰਾਂ ਰਾਹੀਂ ਆਈਆਂ ਹੋਈਆਂ ਸੰਗਤਾਂ ਨੂੰ ਗੁਰਬਾਣੀ ਨਾਲ ਜੋੜਿਆ ਅਤੇ ਸਟੇਜ ਸੈਕਟਰੀ ਦੀ ਸੇਵਾ ਭਾਈ ਦਾਤਾਰ ਸਿੰਘ ਦਾਤਾ ਨੇ ਨਿਭਾਈ । ਸਰਪੰਚ ਦਮਨਦੀਪ ਸਿੰਘ ਬਿੱਲਾ, ਪੰਚ ਪ੍ਰਭਜੋਤ ਸਿੰਘ, ਮਲਕੀਤ ਸਿੰਘ ,ਸਤਵੰਤ ਸਿੰਘ, ਗੁਰਬਖਸ਼ ਸਿੰਘ, ਅਵਤਾਰ ਸਿੰਘ, ਭੁਪਿੰਦਰ ਸਿੰਘ, ਸੁੱਖਾ ਦਰੀਆ ,ਸੋਨੀ ਪਹਿਲਵਾਨ, ਇੰਦਰਜੀਤ ਸਿੰਘ, ਲਾਡੀ, ਜਗਜੀਤ ਸਿੰਘ, ਖੜਕ ਸਿੰਘ, ਅਮਰਜੀਤ ਸਿੰਘ ,ਜਸਪ੍ਰੀਤ ਨਰਵਾਲ, ਅਨਿਲ ਮਹਿਤਾ ,ਸ਼ਰਨਜੋਤ ਸਿੰਘ ,ਜਸਵੀਰ ਲੱਕੀ ,ਚਰਨਜੀਤ ਸਿੰਘ ਪੜ੍ਹਬੱਗਾ ,ਸਤਪਾਲ ਸਿੰਘ ਤੇਜੀ ਥਿਆੜਾ ,ਗੋਬਿੰਦ ਨਰਵਾਲ, ਸ਼ੇਰ ਸਿੰਘ, ਪਵਿੱਤਰ ਸਿੰਘ, ਦਾਤਾਰ ਸਿੰਘ ਜੋਗਿੰਦਰ ਸਿੰਘ ,ਬਾਬਾ ਖੁਸ਼ਦਿਲ ਸਪੋਰਟਸ ਕਲੱਬ ,ਬਾਬਾ ਬਿਸ਼ਨ ਸਿੰਘ ਗੱਤਕਾ ਅਖਾੜਾ ,ਭਾਈ ਘਨ੍ਹੱਈਆ ਜੀ ਸੇਵਾ ਦਲ ਬਾਬਕ, ਨੌਜਵਾਨ ਸਭਾ ਘੋੜੇਵਾਹਾ ,ਬਾਬਾ ਬਿਸ਼ਨ ਸਿੰਘ ਜੀ ਸੇਵਾ ਸੋਸਾਇਟੀ ਕੰਧਾਲਾ ਜੱਟਾਂ ,ਸ੍ਰੀ ਗੁਰੂ ਰਵਿਦਾਸ ਸਭਾ ਕੰਧਾਲਾ ਜੱਟਾਂ ਆਦਿ ਬਹੁਤ ਸਾਰੀਆਂ ਮਹਾਨ ਸ਼ਖ਼ਸੀਅਤਾਂ ਨੇ ਇਸ ਸਮਾਗਮ ਵਿੱਚ ਹਾਜ਼ਰੀ ਲੁਆਈ ।29 ਸਤੰਬਰ ਤੋਂ ਸ਼ੁਰੂ ਹੋਏ ਇਸ ਸਮਾਗਮ ਵਿਚ ਦਿਨ ਰਾਤ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ ਅਤੇ ਕੀਰਤਨ ਦਰਬਾਰ ਵਾਲੇ ਦਿਨ ਭਾਈ ਘਨ੍ਹੱਈਆ ਜੀ ਸੇਵਾ ਦਲ ਬਾਬਕ ਵੱਲੋਂ ਬਰੈਂਡ ਪਕੌੜਿਆਂ ਦਾ ਲੰਗਰ ਸੰਗਤਾਂ ਵਾਸਤੇ ਲਗਾਇਆ ਗਿਆ ।

## ਭਗਵੰਤ ਮਾਨ ਵੱਲੋਂ ਲੋਕਾਂ ਦੇ ਹਿੱਤ 'ਚ ਫੈਸਲੇ ਲਏ ਜਾ ਰਹੇ -ਸ਼ੇਰੋਂ



**ਨੌਸ਼ਹਿਰਾ ਪੰਨੂਆਂ (ਗੁਰਪ੍ਰੀਤ ਸਿੰਘ ਭਗਤ)** ਜਦੋਂ ਤੋਂ ਪੰਜਾਬ ਅੰਦਰ ਆਮ ਆਦਮੀ ਪਾਰਟੀ ਦੀ ਸਰਕਾਰ ਬਣੀ ਹੈ ਉਦੋਂ ਤੋਂ ਹੀ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਲੋਕਾਂ ਦੇ ਹਿੱਤ ਲਈ ਫੈਸਲੇ ਲਏ ਜਾ ਰਹੇ ਹਨ ਤੇ ਪੰਜਾਬ ਵਾਸੀਆਂ ਨਾਲ ਕੀਤੇ ਵਾਅਦਿਆਂ ਨੂੰ ਪੂਰਾ ਕੀਤਾ ਜਾ ਰਿਹਾ ਹੈ । ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਸੰਦੀਪ ਸਿੰਘ ਸ਼ੇਰੋਂ ਨੇ ਪੱਤਰਕਾਰਾਂ ਨਾਲ ਸਾਂਝਾ ਕੀਤਾ। ਸੰਦੀਪ ਸਿੰਘ ਸ਼ੇਰੋਂ ਨੇ ਕਿਹਾ ਕਿ ਵਿਰੋਧੀ ਪਾਰਟੀਆਂ ਦੀਆਂ ਮਾੜੀਆਂ ਨੀਤੀਆਂ ਕਾਰਨ ਪੰਜਾਬ ਵਿੱਚ ਨਸ਼ਿਆਂ ਦਾ ਛੇਵਾਂ ਦਰਿਆ ਵਗ ਰਿਹਾ ਹੈ ਤੇ ਨੌਜਵਾਨ ਵਰਗ ਪੂਰੀ ਤਰ੍ਹਾਂ ਇਸ ਦੀ ਪਕੜ ਵਿੱਚ ਆਇਆ ਹੋਇਆ ਹੈ ਅਤੇ ਸਮੇਂ ਸਮੇਂ ਦੀਆਂ ਸਰਕਾਰਾਂ ਵਲੋਂ ਨਸ਼ੇ ਨੂੰ ਰੋਕਣ ਲਈ ਕੋਈ ਵੀ ਖਾਸ ਕਦਮ ਨਹੀਂ ਚੁੱਕਿਆ ਗਿਆ ਜਿਸ ਕਾਰਨ ਅੱਜ ਦੇ ਨੌਜਵਾਨ ਨਸ਼ਿਆਂ ਦੀ ਭੈੜੀ ਲਾਹਨਤ ਤੋਂ ਬਚਣ ਲਈ ਵਿਦੇਸ਼ਾਂ ਵੱਲ ਜਾ ਰਹੇ ਹਨ। ਸੰਦੀਪ ਸਿੰਘ ਸ਼ੇਰੋਂ ਨੇ ਕਿਹਾ ਕਿ ਹੁਣ ਪੰਜਾਬ ਅੰਦਰ ਆਮ ਆਦਮੀ ਪਾਰਟੀ ਦੀ ਸਰਕਾਰ ਬਣੀ ਹੈ, ਪਾਰਟੀ ਵੱਲੋਂ ਚੋਣਾਂ ਤੋਂ ਪਹਿਲਾਂ ਚੋਣਾਂ ਤੋਂ ਪਹਿਲਾਂ ਐਲਾਨ ਕੀਤਾ ਸੀ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ 'ਤੇ ਪੰਜਾਬ ਵਿੱਚ ਸਭ ਤੋਂ ਪਹਿਲਾਂ ਨਸ਼ਾ ਮੁਕਤ ਕੀਤਾ ਜਾਵੇਗਾ ਨੇ ਕਿਹਾ ਕਿ ਪਿਛਲੇ ਦਿਨੀਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਨਸ਼ਿਆਂ ਨੂੰ ਰੋਕਣ ਲਈ ਉੱਚ ਅਫਸਰਾਂ ਨਾਲ ਮੀਟਿੰਗ ਕਰਕੇ ਵਿਸ਼ੇਸ਼ ਕਦਮ ਚੁੱਕੇ ਗਏ ਹਨ ਅਤੇ ਵੱਖ ਵੱਖ ਜ਼ਿਲ੍ਹਿਆਂ ਦੇ ਉੱਚ ਅਧਿਕਾਰੀਆਂ ਵੱਲੋਂ ਸਰਚ ਮੁਹਿੰਮ ਚਲਾਈ ਗਈ ਜਿਸ ਵਿੱਚ ਵੱਖ ਵੱਖ ਜ਼ਿਲ੍ਹਿਆਂ ਦੇ ਐੱਸ ਐੱਸ ਪੀ ਵੱਲੋਂ ਜ਼ਿਲ੍ਹੇ ਦੇ ਅੰਦਰ ਪੈਂਦੇ ਪਿੰਡਾਂ ਵਿੱਚ ਨਸ਼ੇ ਦੇ ਵੇਚਣ ਵਾਲਿਆਂ 'ਤੇ ਰੇਡ ਕੀਤੀ ਗਈ। ਜੋ ਲੰਮੇ ਸਮੇਂ ਤੋਂ ਨਸ਼ੇ ਦਾ ਕਾਰੋਬਾਰ ਕਰ ਰਹੇ ਸਨ ਉਨ੍ਹਾਂ ਨੂੰ ਕਾਬੂ ਵੀ ਕੀਤਾ ਗਿਆ। ਸੰਦੀਪ ਸਿੰਘ ਸੇਰੋਂ ਦਾ ਕਹਿਣਾ ਹੈ ਕਿ ਜੇਕਰ ਪੰਜਾਬ ਸਰਕਾਰ ਇਸੇ ਤਰ੍ਹਾਂ ਹੀ ਲਗਾਤਾਰ ਨਸ਼ਾ ਤਸਕਰਾਂ 'ਤੇ ਸ਼ਿਕੰਜਾ ਕੱਸ ਕੇ ਰੱਖੇ ਤਾਂ ਬਹੁਤ ਜਲਦ ਸੁਧਾਰ ਆ ਸਕਦਾ ਹੈ।

ਉਨ੍ਹਾਂ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਲਈ ਉਨ੍ਹਾਂ ਵਾਸਤੇ ਰੁਜ਼ਗਾਰ ਦੇ ਮੌਕੇ ਪੈਦਾ ਕੀਤੇ ਜਾ ਰਹੇ ਹਨ ਤੇ ਮਾਨ ਸਰਕਾਰ ਵੱਲੋਂ ਵੱਡੀ ਗਿਣਤੀ ਵਿੱਚ ਨੌਕਰੀਆਂ ਵੀ ਕੱਢੀਆਂ ਜਾ ਰਹੀਆਂ ਹਨ ਤਾਂ ਜੋ ਨੌਜਵਾਨ ਵਰਗ ਨੂੰ ਨਸ਼ਿਆਂ ਵਰਗੀ ਭੈੜੀ ਲਾਹਨਤ ਤੋਂ ਬਚਾਇਆ ਜਾ ਸਕੇ। ਉਨ੍ਹਾਂ ਕਿਹਾ ਕਿ ਹਲਕਾ ਪੱਟੀ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਲਾਲਜੀਤ ਸਿੰਘ ਭੁੱਲਰ ਟਰਾਂਸਪੋਰਟ ਮੰਤਰੀ ਹਲਕਾ ਵਾਸੀਆਂ ਦੀਆਂ ਮੁਸ਼ਕਿਲਾਂ ਨੂੰ ਹੱਲ ਕਰਨ ਵਿੱਚ ਕੋਈ ਕਸਰ ਨਹੀਂ ਛੱਡਣਗੇ ਤੇ ਨਸ਼ਿਆਂ ਨੂੰ ਰੋਕਣ ਲਈ ਵਿਸ਼ੇਸ਼ ਕਦਮ ਚੁੱਕੇ ਜਾਣਗੇ । ਵਿਧਾਇਕ ਲਾਲਜੀਤ ਸਿੰਘ ਭੁੱਲਰ ਪਿੰਡਾਂ ਤੇ ਸ਼ਹਿਰਾਂ ਦੇ ਵਿਕਾਸ ਲਈ ਕੋਈ ਕਸਰ ਨਹੀਂ ਛੱਡਣਗੇ ਤੇ ਹਲਕਾ ਵਾਸੀਆਂ ਨਾਲ ਕੀਤੇ ਵਾਅਦਿਆਂ ਨੂੰ ਪੂਰਾ ਕਰਨਗੇ।

## ਗੰਨੇ ਦਾ ਭਾਅ ਵਧਾਉਣ ਨਾਲ ਪੰਜਾਬ ਦੇਸ਼ ਦਾ ਮੋਹਰੀ ਸੂਬਾ ਬਣਿਆ

**ਬਲਾਚੌਰ (ਜਤਿੰਦਰ ਪਾਲ ਸਿੰਘ ਕਲੇਰ )** ਕਿਸਾਨਾਂ ਦੀ ਭਗਵੰਤ ਮਾਨ ਮੁੱਖ ਮੰਤਰੀ ਪੰਜਾਬ ਦੀ ਅਗਵਾਈ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਸੱਚੀ ਹਮਦਰਦ ਹੈ। ਭਗਵੰਤ ਮਾਨ ਨੇ ਗੰਨੇ ਦੇ ਭਾਅ 'ਚ 20 ਰੁਪਏ ਪ੍ਰਤੀ ਕੁਇੰਟਲ ਦਾ ਮਿਸਾਲੀ ਵਾਧਾ ਕੀਤਾ ਹੈ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਬੀਬੀ ਸੰਤੋਸ਼ ਕਟਾਰੀਆ ਵਿਧਾਇਕ ਹਲਕਾ ਬਲਾਚੌਰ ਨੇ ਕਰਦਿਆਂ ਕਿਹਾ ਕਿ ਇਸ ਵਾਧੇ ਦੇ ਨਾਲ ਫਸਲੀ ਚੱਕਰ ਤੋਂ ਨਿਜਾਤ ਮਿਲੇਗੀ ਤੇ ਗੰਨੇ ਦੀ ਖੇਤੀ ਦੇ ਰਕਬੇ 'ਚ ਵੀ ਵਾਧਾ ਹੋਵੇਗਾ। ਸੰਤੋਸ਼ ਕਟਾਰੀਆ ਨੇ ਕਿਹਾ ਕਿ ਮਾਨ ਸਰਕਾਰ ਨੇ ਪਹਿਲੇ 6 ਮਹੀਨਿਆਂ 'ਚ ਹੀ ਗੰਨੇ ਦਾ ਭਾਅ ਵਧਾ ਦਿੱਤਾ ਹੈ ।

ਭਗਵੰਤ ਮਾਨ ਜੀ ਦੇ ਭਾਅ ਵਧਾਉਣ ਨਾਲ ਪੰਜਾਬ ਗੰਨੇ ਦੀ ਫਸਲ ਲਈ ਸਭ ਤੋਂ ਵੱਧ ਭਾਅ ਦੇਣ ਵਾਲਾ ਦੇਸ਼ ਵਿੱਚੋਂ ਮੋਹਰੀ ਸੂਬਾ ਬਣ ਗਿਆ ਹੈ ਇਹ ਪਹਿਲੀ ਵਾਰ ਹੋਇਆ ਹੈ ਕਿ ਕੋਈ ਸਰਕਾਰ ਕਿਸਾਨਾਂ ਨੂੰ ਪੂਰਾ ਮਾਨ ਸਤਿਕਾਰ ਦੇ ਰਹੀ ਹੈ। ਇਸ ਮੌਕੇ ਚੰਦਰ ਮੋਹਨ ਜੇਡੀ ਜ਼ਿਲ੍ਹਾ ਮੀਡੀਆ ਇੰਚਾਰਜ ਵੀ ਹਾਜ਼ਰ ਸਨ।

## ਦੁਸਹਿਰਾ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ



**ਜੰਡਿਆਲਾ ਗੁਰੂ, (ਜਸਬੀਰ ਸਿੰਘ ਪੱਟੀ )**-ਜੰਡਿਆਲਾ ਗੁਰੂ ਵਿਖੇ ਸ੍ਰੀ ਰਾਮਨੌਮੀ ਕਮੇਟੀ ਵੱਲੋਂ ਅਯੋਜਿਤ ਕੀਤੇ ਗਏ ਦੁਸਹਿਰੇ ਦਾ ਤਿਉਹਾਰ ਬੜੇ ਉਤਸ਼ਾਹ ਤੇ ਸ਼ਰਧਾ ਨਾਲ ਮਨਾਇਆ ਗਿਆ। ਇਸ ਮੌਕੇ ਕੈਬਨਿਟ ਮੰਤਰੀ ਪੰਜਾਬ ਹਰਭਜਨ ਸਿੰਘ ਈ ਟੀ ਓ ਮੁੱਖ ਮਹਿਮਾਨ ਵਜੋਂ ਪੁੱਜੇ ਅਤੇ ਸੰਗਤ ਨੂੰ ਸੰਬੋਧਨ ਕੀਤਾ। ਉਨ੍ਹਾਂ ਨੇ ਇਸ ਸ਼ੁਭ ਅਵਸਰ ਦੀ ਮੁਬਾਰਕਬਾਦ ਦਿੰਦੇ ਸ਼ਹਿਰ ਵਾਸੀਆਂ ਨੂੰ ਸਮਾਜ ਦੇ ਭਲੇ ਲਈ ਅੱਗੇ ਆਉਣ ਦਾ ਸੱਦਾ ਦਿੱਤਾ। ਉਨ੍ਹਾਂ ਕਿਹਾ ਕਿ ਦੁਸਹਿਰਾ ਦਾ ਤਿਉਹਾਰ ਬਦੀ 'ਤੇ ਨੇਕੀ ਦਾ ਪ੍ਰਤੀਕ ਹੈ। ਉਨ੍ਹਾਂ ਕਿਹਾ ਕਿ ਚੰਗਿਆਈ ਕਦੇ ਖਤਮ ਨਹੀਂ ਹੁੰਦੀ ਅਤੇ ਨਾ ਹੀ ਇਸ ਨੂੰ ਛੁਪਾਇਆ ਜਾ ਸਕਦਾ ਹੈ। ਹਰਭਜਨ ਸਿੰਘ ਨੇ ਕਿਹਾ ਕਿ ਦੁਨੀਆ ਵਿੱਚ ਕੇਵਲ ਇਨਸਾਨ ਦੇ ਚੰਗੇ ਕਰਮਾਂ ਨੂੰ ਸਲਾਹਿਆ ਜਾਂਦਾ ਹੈ। ਉਨ੍ਹਾਂ ਕਿਹਾ ਕਿ ਸਾਨੂੰ ਸਭ ਨੂੰ ਸਮਾਜ ਦੀ ਭਲਾਈ ਲਈ ਇਕਜੁਟ ਹੋ ਕੇ ਕੰਮ ਕਰਨੇ ਚਾਹੀਦੇ ਹਨ। ਉਨ੍ਹਾਂ ਨੇ ਕਿਹਾ ਕਿ ਜਿਹੜੇ ਵਿਅਕਤੀ ਆਪਣੀਆਂ ਨੈਤਿਕ ਕਦਰਾਂ ਕੀਮਤਾਂ ਨੂੰ ਪਛਾਣਦੇ ਹਨ ਸਮਾਜ ਵਿੱਚ ਉਨ੍ਹਾਂ ਦਾ ਨਾਂਅ ਹਮੇਸ਼ਾ ਲਈ ਰਹਿੰਦਾ ਹੈ ਅਤੇ ਦੂਜੇ ਲੋਕਾਂ ਲਈ ਵੀ ਮਿਸਾਲ ਵਜੋਂ ਜਾਣੇ ਜਾਂਦੇ ਹਨ। ਇਸ ਮੌਕੇ ਦੁਸਹਿਰਾ ਕਮੇਟੀ ਵੱਲੋਂ ਹਰਭਜਨ ਸਿੰਘ ਈ ਟੀ ਓ ਦਾ ਸਨਮਾਨ ਵੀ ਕੀਤਾ ਗਿਆ ਅਤੇ ਹਰਭਜਨ ਸਿੰਘ ਦੀ ਅਗਵਾਈ ਵਿੱਚ ਰਾਵਣ, ਮੇਘਨਾਥ ਅਤੇ ਕੁੰਭਕਰਨ ਦੇ ਪੁਤਲਿਆਂ ਨੂੰ ਅਗਨ ਭੇਟ ਕੀਤਾ ਗਿਆ। ਰਾਮ ਨੌਮੀ ਦੇ ਮੌਕੇ 'ਤੇ ਝਾਕੀਆਂ ਵੀ ਕੱਢੀਆਂ ਗਈਆਂ । ਇਸ ਮੌਕੇ ਹਰਭਜਨ ਸਿੰਘ ਈ.ਟੀ.ਓ ਦੇ ਪਤਨੀ ਸੁਹਿੰਦਰ ਕੌਰ, ਮਾਤਾ ਸੁਰਿੰਦਰ ਕੌਰ, ਸੂਬੇਦਾਰ ਛਨਾਖ ਸਿੰਘ, ਸਰਬਜੀਤ ਸਿੰਘ ਡਿੰਪੀ, ਨਰੇਸ਼ ਪਾਠਕ, ਦਿਨੇਸ਼ ਬਜਾਜ, ਰੋਕੀ ਜੈਨ, ਐਸ.ਓ ਗਗਨਦੀਪ ਸਿੰਘ, ਨਗਰ ਕੌਂਸਲ ਪ੍ਰਧਾਨ ਸੰਜੀਵ ਕੁਮਾਰ ਲਵਲੀ, ਹੀਰਾ ਸਿੰਘ, ਮੁਨੀਸ਼ ਜੈਨ, ਸਿਕੰਦਰ ਮਾਨ ਵਰਿੰਦਰ ਸਿੰਘ, ਸਾਬਕਾ ਪ੍ਰਧਾਨ ਨਗਰ ਕੌਂਸਲ ਰਵਿੰਦਰਪਾਲ ਸਿੰਘ ਕੁੱਕੂ, ਪਰੀਕਸ਼ਸ਼ਿਰਮਾ, ਕੁਲਵੰਤ ਸਿੰਘ, ਐਡਵੋਕੇਟ ਮਨੀ ਚੋਪੜਾ, ਵਰਿੰਦਰ ਸਿੰਘ, ਸਤਿੰਦਰ ਸਿੰਘ, ਸੋਨੀ ਰੰਧਾਵਾ ਤੋਂ ਇਲਾਵਾ ਐਸਪੀ ਜਸਵੰਤ ਕੌਰ, ਡੀਐਸਪੀ ਜੰਡਿਆਲਾ ਕੁਲਦੀਪ ਸਿੰਘ, ਐਸਐਚਓ ਅਮੋਲਕ ਸਿੰਘ, ਐਸਐਚਓ ਗੁਰਵਿੰਦਰ ਸਿੰਘ ਆਦਿ ਹਾਜ਼ਰ ਸਨ।

## ਪੌਲੀਟੈਕਨਿਕ ਕਾਲਜ ਪੱਟੀ ਦੇ ਲੜਕਿਆਂ ਦੇ ਹੋਸਟਲ ਵਿੱਚ ਹਵਨ ਤੇ ਦੁਰਗਾ ਪੂਜਾ



**ਤਰਨ ਤਾਰਨ ( ਪ੍ਰਿਤਪਾਲ ਸਿੰਘ )** ਦੁਰਗਾ ਪੂਜਾ ਦੇ ਸ਼ੁੱਭ ਦਿਹਾੜੇ ਨੂੰ ਮਨਾਉਂਦੇ ਹੋਏ ਸ਼ਹੀਦ ਭਗਤ ਸਿੰਘ ਪੌਲੀਟੈਕਨਿਕ ਕਾਲਜ ਪੱਟੀ ਦੇ ਲੜਕਿਆਂ ਨੇ ਹੋਸਟਲ ਵਿੱਚ ਸਮਰਪਿਤ ਭਾਵਨਾ ਸਹਿਤ ਹਵਨ ਅਤੇ ਦੁਰਗਾ ਪੂਜਾ ਕੀਤੀ ਗਈ। ਡਾ. ਰਾਜੇਸ਼ ਭਾਰਦਵਾਜ (ਐੱਮ.ਡੀ.), ਡਾ.ਮ੍ਰਿਦੁਲਾ ਭਾਰਦਵਾਜ (ਐਗਜ਼ੀਕਿਊ. ਐੱਮ.ਡੀ.), ਅਤੇ ਐੱਸ.ਬੀ.ਐੱਸ. ਗਰੁੱਪ ਆਫ ਇੰਸਟੀਚਿਊਸ਼ਨਜ਼ ਦੇ ਸ੍ਰੀ ਸਤਿਅਮ ਭਾਰਦਵਾਜ (ਡਾਇਰੈਕਟਰ) ਨੇ ਆਪਣੀ ਮੌਜੂਦਗੀ ਨਾਲ ਇਸ ਤਿਉਹਾਰ ਦੀ ਸ਼ਲਾਘਾ ਕੀਤੀ ਅਤੇ ਇਸ ਤਿਉਹਾਰ ਦੀ ਮਹੱਤਤਾ ਬਾਰੇ ਦੱਸਿਆ। ਇਸ ਦੌਰਾਨ, ਕੰਨਿਆ ਪੂਜਨ ਵੀ ਕੰਨਿਆਂ ਨੂੰ ਦੇਵੀ ਦੁਰਗਾ ਦੇ ਪੂਜਨੀਕ ਰੂਪ ਵਜੋਂ ਕੰਜਕਾਂ ਵਜੋਂ ਚਿੰਨ੍ਹਿਤ ਕੀਤਾ ਗਿਆ। ਹੋਸਟਲ ਦੇ ਸਾਰੇ ਵਿਦਿਆਰਥੀ ਉੱਥੇ ਮੌਜੂਦ ਸਨ ਅਤੇ ਇਸ ਮੌਕੇ ਨੂੰ ਬਹੁਤ ਹੀ ਉਤਸ਼ਾਹ ਨਾਲ ਮਨਾਇਆ ਗਿਆ। ਡਾ. ਰਾਜੇਸ਼ ਭਾਰਦਵਾਜ ਨੇ ਦੱਸਿਆ ਕਿ ਕਿਸ ਤਰ੍ਹਾਂ ਬਦੀ 'ਤੇ ਨੇਕੀ ਦੀ ਜਿੱਤ ਹੋਈ , ਸਾਨੂੰ ਸਾਰਿਆਂ ਨੂੰ ਸ੍ਰੀ ਰਾਮ ਚੰਦਰ ਜੀ ਵੱਲੋਂ ਦਰਸਾਏ ਗਏ ਨੇਕੀ ਦੇ ਮਾਰਗ ਨੂੰ ਅਪਣਾਉਣਾ ਚਾਹੀਦਾ ਹੈ ਅਤੇ ਇਕ ਨੇਕ ਇਨਸਾਨ ਬਣ ਕੇ ਆਪਣਾ ਅਤੇ ਆਪਣੇ ਦੇਸ਼ ਦਾ ਨਾਂਅ ਰੋਸ਼ਨ ਕਰਨਾ ਚਾਹੀਦਾ ਹੈ।

## ਠੰਢੇ-ਮਿੱਠੇ ਜਲ ਦੀ ਛਬੀਲ ਲਗਾਈ



**ਸਰਾਏ ਅਮਾਨਤ ( ਮੱਖਣ ਮਨੋਜ)** ਬ੍ਰਹਮ ਗਿਆਨ ਬਾਬਾ ਬੁੱਢਾ ਜੀ ਦੇ ਸਾਲਾਨਾ ਜੋੜ ਮੇਲੇ ਮੌਕੇ ਝਬਾਲ ਵਿਖੇ ਸਥਿਤ ਪੰਜਾਬ ਐਂਡ ਸਿੰਧ ਬੈਂਕ ਵੱਲੋਂ ਸੰਗਤਾਂ ਲਈ ਠੰਢੇ ਮਿੱਠੇ ਜਲ ਦੀ ਛਬੀਲ ਲਗਾਈ ਗਈ । ਇਸ ਮੌਕੇ ਮੈਨੇਜਰ ਸੁਮੀਤ ਖੁਲੀਆਂ ਸਟਾਫ ਮੈਂਬਰ ਰੋਹਿਤ ਚੌਹਾਨ, ਤੁਸ਼ਾਰ ਬੜੋਲਾ , ਹਰਪਿੰਦਰ ਸਿੰਘ , ਕੇ ਦੀਪ ਸਿੰਘ , ਵਸੀਮ ਅਕਰਮ , ਸੰਦੀਪ ਕੌਰ , ਰਾਜ ਕੁਮਾਰ , ਕਸਮੀਰ ਸਿੰਘ , ਬਾਬਾ ਹੀਰਾ ਸਿੰਘ ਛੀਨਾ ਬਿਧੀ ਚੰਦ ਆਦਿ ਨੇ ਜੋੜ ਮੇਲੇ ਦੌਰਾਨ ਆਈਆਂ ਸੰਗਤਾਂ ਨੂੰ ਠੰਢੇ ਮਿੱਠੇ ਜਲ ਵਰਤਾਉਣ ਦੀ ਸੇਵਾ ਕੀਤੀ ।

7-OCT-PAGE-5.qxd 10/6/2022 10:37 PM Page 1



# ਬੀ ਕੇ ਯੂ ਏਕਤਾ ਡਕੌਂਦਾ ਵੱਲੋਂ ਮੰਗਾਂ ਨੂੰ ਲੈ ਕੇ ਥਾਣੇ ਅੱਗੇ ਧਰਨਾ

## ਨਸ਼ੇ, ਚੋਰੀਆਂ ਤੇ ਹੋਰ ਮੰਗਾਂ ਵੱਲ ਧਿਆਨ ਨਾ ਦੇਣ 'ਤੇ ਤਿੱਖੇ ਸੰਘਰਸ਼ ਦੀ ਚਿਤਾਵਨੀ



**ਗੁਰੂ ਹਰਸਹਾਏ (ਦੀਪਕ ਵਧਾਵਨ)**-ਹਲਕੇ ਵਿੱਚ ਵਧ ਰਹੇ ਨਸ਼ੇ ਦੇ ਕਾਰੋਬਾਰ, ਚੋਰੀਆਂ 'ਤੇ ਠੱਲ੍ਹ ਪਾਉਣ ਤੇ ਹੋਰ ਮੰਗਾਂ ਨੂੰ ਲੈ ਕੇ ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਵੱਲੋਂ ਥਾਣੇ ਅੱਗੇ ਇੱਕ ਵਿਸ਼ਾਲ ਧਰਨਾ ਦਿੱਤਾ ਗਿਆ ਅਤੇ ਜੰਮ ਕੇ ਨਾਅਰੇਬਾਜ਼ੀ ਕੀਤੀ ਗਈ। ਧਰਨੇ ਨੂੰ ਸੰਬੋਧਨ ਕਰਦੇ ਹੋਏ ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਦੇ ਸੂਬਾ ਕਮੇਟੀ ਮੈਂਬਰ ਹਰਨੇਕ ਸਿੰਘ ਮਹਿਮਾ ਨੇ ਕਿਹਾ ਕਿ ਇਲਾਕੇ ਵਿੱਚ ਨਸ਼ਾ ਸ਼ਰੇਆਮ ਵਿਕ ਰਿਹਾ ਹੈ, ਜਿਸ ਕਾਰਨ ਸ਼ਹਿਰ ਵਿੱਚ ਚੋਰੀਆਂ ਵੀ ਸ਼ਰੇਆਮ ਹੋ ਰਹੀਆਂ ਹਨ, ਪਰ ਪੁਲਸ ਨਸ਼ਾ ਤੇ ਚੋਰੀਆਂ ਨੂੰ ਠੱਲ੍ਹ ਪਾਉਣ ਵਿੱਚ ਬੇਵੱਸ ਹੋਈ ਬੈਠੀ ਹੈ। ਆਗੂ ਨੇ ਕਿਹਾ ਕਿ ਇਲਾਕਾ ਗੁਰੂ ਹਰਸਹਾਏ ਦੇ ਪਿੰਡ ਸੋਹਨਗੜ੍ਹ ਰੜੇਵਾਲਾ ਵਿੱਚ ਮੋਟਰਸਾਈਕਲ ਚੋਰੀ ਕਰਨ ਵਾਲਿਆਂ ਨੂੰ ਕਿਸਾਨ ਯੂਨੀਅਨ ਵੱਲੋਂ ਚੋਰਾਂ ਨੂੰ ਫੜ ਕੇ ਥਾਣੇ ਵਿੱਚ ਦਿੱਤਾ ਗਿਆ ਸੀ ਅਤੇ ਚੋਰਾਂ ਨੇ ਸਾਰੀ ਗੱਲ ਕਬੂਲਦੇ ਹੋਏ ਆਪਣੇ ਸਾਥੀਆਂ ਦੇ ਨਾਮ ਵੀ ਦੱਸੇ, ਪਰ ਪ੍ਰਸ਼ਾਸਨ ਨੇ ਉਨ੍ਹਾਂ ਵਿਰੁੱਧ ਕੋਈ ਵੀ ਕਾਰਵਾਈ ਨਾ ਕੀਤੀ, ਜਿਸ ਤੋਂ ਪਤਾ ਲੱਗਦਾ ਹੈ ਕਿ ਪੁਲਸ ਪ੍ਰਸ਼ਾਸਨ ਦੀ ਮਿਲੀ ਭੁਗਤ ਨਾਲ ਹੀ ਇਹ ਕੰਮ ਹੋ ਰਿਹਾ ਹੈ, ਕਿਉਂਕਿ ਕਿਸਾਨ ਯੂਨੀਅਨ ਦੇ ਨੁਮਾਇੰਦਿਆਂ ਵੱਲੋਂ ਦੁਬਾਰਾ ਪਤਾ ਕਰਨ 'ਤੇ ਪੁਲਸ ਵੱਲੋਂ ਇਸ ਚੋਰੀ ਦੇ ਸਬੰਧ ਵਿੱਚ ਕੋਈ ਤਸੱਲੀਬਖਸ਼ ਜਵਾਬ ਨਾ ਦਿੱਤਾ ਗਿਆ, ਜਿਸ ਕਰਕੇ ਕਿਸਾਨ ਜਥੇਬੰਦੀ ਨੂੰ ਥਾਣਾ ਗੁਰੂ ਹਰਸਹਾਏ ਅੱਗੇ ਧਰਨਾ ਲਾਉਣਾ ਪਿਆ।

ਆਗੂ ਨੇ ਕਿਹਾ ਕਿ 2 ਪਿੰਡਾਂ ਦੇ ਨਾਮ ਦੱਸ ਕੇ ਉੱਥੇ ਸ਼ਰੇਆਮ ਵਿਕ ਰਹੇ ਨਸ਼ੇ 'ਤੇ ਰੋਕ ਲਾਉਣ ਦੀ ਮੰਗ ਕੀਤੀ ਗਈ, ਕਿਉਂਕਿ ਨਸ਼ੇ ਕਰਕੇ ਨੌਜਵਾਨਾਂ ਦੀਆਂ ਜਾਨਾਂ ਜਾ ਰਹੀਆਂ ਹਨ ਤੇ ਨਸ਼ੇ ਦੀ ਪੂਰਤੀ ਕਾਰਨ ਹੀ ਚੋਰੀਆਂ ਵਿੱਚ ਵਾਧਾ ਹੋ ਰਿਹਾ, ਪਰ ਪੁਲਸ ਪ੍ਰਸ਼ਾਸਨ ਫਿਰ ਵੀ ਸੁੱਤਾ ਹੋਇਆ ਹੈ। ਉਨ੍ਹਾਂ ਕਿਹਾ ਕਿ ਪਿੰਡ ਜੰਡਵਾਲਾ, ਮੋਹਨਕੇ, ਕਾਹਨ ਸਿੰਘ ਵਾਲਾ ਦੀਆਂ ਸੁਸਾਇਟੀਆਂ ਵਿੱਚ ਜੋ ਗਬਨ ਹੋਇਆ ਹੈ ਤੇ ਸੁਸਾਇਟੀਆਂ ਦੇ ਮੁੱਖ ਦੋਸ਼ੀ ਭਗੌੜੇ ਹੋਏ ਫਿਰਦੇ ਹਨ ਤੇ ਪੁਲਸ ਵੱਲੋਂ ਉਨ੍ਹਾਂ ਖਿਲਾਫ ਕੋਈ ਕਾਰਵਾਈ ਨਹੀਂ ਕੀਤੀ ਜਾ ਰਹੀ। ਮਹਿਮਾ ਨੇ ਕਿਹਾ ਕਿ ਸ਼ੁਰੂ ਹੋਏ ਝੋਨੇ ਦੇ ਸੀਜ਼ਨ ਨੂੰ ਮੁੱਖ ਰੱਖ ਕੇ ਸਰਕਾਰ ਵੱਲੋਂ ਅਜੇ ਤੱਕ ਪਰਾਲੀ ਦਾ ਕੋਈ ਹੱਲ ਨਹੀਂ ਕੀਤਾ ਗਿਆ, ਜਿਸ ਕਰਕੇ ਮਜਬੂਰੀ ਵਿੱਚ ਕਿਸਾਨਾਂ ਨੂੰ ਪਰਾਲੀ ਨੂੰ ਅੱਗ ਲਗਾਉਣੀ ਪਵੇਗੀ। ਜੇਕਰ ਸਰਕਾਰ ਤੇ ਪੁਲਸ ਪ੍ਰਸ਼ਾਸਨ ਕਿਸਾਨਾਂ ਵਿਰੁੱਧ ਪਰਾਲੀ ਨੂੰ ਲੈ ਕੇ ਕੋਈ ਕਾਰਵਾਈ ਕਰਦੇ ਤਾਂ ਜਥੇਬੰਦੀ ਵੱਲੋਂ ਪ੍ਰਸ਼ਾਸਨ ਤੇ ਸਰਕਾਰ ਦਾ ਤਿੱਖਾ ਵਿਰੋਧ ਕੀਤਾ ਜਾਵੇਗਾ। ਕਿਸਾਨ ਯੂਨੀਅਨ ਨੇ ਸਾਰੀਆਂ ਮੰਗਾਂ ਦਾ ਹੱਲ ਪੰਦਰਾਂ ਦਿਨਾਂ 'ਚ ਨਾ ਕੀਤੇ ਜਾਣ 'ਤੇ ਤਿੱਖੇ ਸੰਘਰਸ਼ ਦੀ ਚਿਤਾਵਨੀ ਦਿੱਤੀ ਹੈ।

ਇਸ ਮੌਕੇ ਬੀ.ਕੇ.ਯੂ. ਡਕੌਂਦਾ ਦੇ ਜ਼ਿਲ੍ਹਾ ਪ੍ਰਧਾਨ ਦਰਸ਼ਨ ਸਿੰਘ ਕੜਮਾ, ਲਖਵੀਰ ਸਿੰਘ ਡੋਡ, ਬਲਕਾਰ ਸਿੰਘ ਜੋਧਪੁਰ, ਸਾਹਿਬ ਸਿੰਘ ਵਾੜਾ ਭਾਈ ਕੇ, ਜੁਗਰਾਜ ਸਿੰਘ ਗੱਟੀ, ਬਲਵੰਤ ਸਿੰਘ, ਭਾਰਤੀ ਕਿਸਾਨ ਯੂਨੀਅਨ ਲੱਖੋਵਾਲ ਗੁਰਮੀਤ ਸਿੰਘ, ਬਲਾਕ ਪ੍ਰਧਾਨ ਅਸ਼ੋਕ ਕੁਮਾਰ, ਮੀਤ ਪ੍ਰਧਾਨ ਰਾਜਵਿੰਦਰ ਗਹਿਰੀ, ਸਕੱਤਰ ਇਕਬਾਲ ਸਿੰਘ, ਖਜ਼ਾਨਚੀ ਗੁਰਪ੍ਰੀਤ ਸਿੰਘ ਰੱਤੇਵਾਲਾ ਆਦਿ ਹਾਜ਼ਰ ਹਨ।

# ਉਗੋਕੇ ਨੇ ਝੋਨੇ ਦੀ ਸਰਕਾਰੀ ਖਰੀਦ ਕਰਵਾਈ ਸ਼ੁਰੂ

**ਤਪਾ ਮੰਡੀ (ਅਰੁਣ ਗੋਇਲ, ਮੁਨੀਸ਼ ਬਾਂਸਲ)**-ਸਰਕਾਰ ਦੀਆਂ ਹਦਾਇਤਾਂ 'ਤੇ ਸੂਬੇ 'ਚ 1 ਅਕਤੂਬਰ ਤੋਂ ਸਰਕਾਰੀ ਖ਼ਰੀਦ ਸ਼ੁਰੂ ਹੋ ਚੁੱਕੀ ਹੈ, ਜਿਸ ਦੇ ਚੱਲਦਿਆਂ ਅੰਦਰਲੀ ਅਨਾਜ ਮੰਡੀ ਤਪਾ ਵਿਖੇ ਹਲਕਾ ਵਿਧਾਇਕ ਲਾਭ ਸਿੰਘ ਉਗੋਕੇ ਵੱਲੋਂ ਝੋਨੇ ਦੀ ਸਰਕਾਰੀ ਖ਼ਰੀਦ ਸ਼ੁਰੂ ਕਰਵਾਈ ਗਈ। ਇਸ ਮੌਕੇ ਵਿਧਾਇਕ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੇ ਨਿਰਦੇਸ਼ਾਂ ਦੇ ਚੱਲਦਿਆਂ ਕਿਸਾਨਾਂ ਦੇ ਝੋਨੇ ਦਾ ਇਕ-ਇਕ ਦਾਣਾ ਖ਼ਰੀਦਿਆ ਜਾਵੇਗਾ ਤੇ 24 ਘੰਟੇ ਦੇ ਅੰਦਰ-ਅੰਦਰ ਅਦਾਇਗੀ ਯਕੀਨੀ ਬਣਾਈ ਜਾਵੇਗੀ।

ਅੱਜ ਦੀ ਖਰੀਦ ਮੌਕੇ ਮਾਰਕਫੈੱਡ ਦੀ ਖਰੀਦ ਏਜੰਸੀ ਵੱਲੋਂ ਬੋਲੀ ਲਾ ਕੇ ਲਗਭਗ 300 ਦੇ ਕਰੀਬ ਗੱਟਿਆਂ ਦੀ ਖਰੀਦ ਕੀਤੀ ਗਈ। ਇਸ ਮੌਕੇ ਆੜ੍ਹਤੀਆ ਐਸੋਸੀਏਸ਼ਨ ਤਪਾ ਦੇ ਪ੍ਰਧਾਨ ਸੁਰੇਸ਼ ਕੁਮਾਰ ਕਾਲਾ ਤਾਜੋਕੇ ਨੇ ਉਨ੍ਹਾਂ ਦਾ ਸਵਾਗਤ ਕਰਦਿਆਂ ਕਿਹਾ ਕਿ ਝੋਨੇ ਦੀ ਖ਼ਰੀਦ ਲਈ ਮੰਡੀਆਂ 'ਚ ਪੁਖ਼ਤਾ ਪ੍ਰਬੰਧ ਕੀਤੇ ਜਾ ਚੁੱਕੇ ਹਨ। ਉਨ੍ਹਾਂ ਕਿਸਾਨਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਚੰਗੀ ਤਰ੍ਹਾਂ ਪੱਕਿਆ ਹੋਇਆ ਝੋਨਾ ਹੀ ਮੰਡੀਆਂ 'ਚ ਲਿਆਂਦਾ ਜਾਵੇ ਤਾਂ ਜੋ ਆੜ੍ਹਤੀ ਤੇ ਕਿਸਾਨਾਂ ਨੂੰ ਕਿਸੇ ਕਿਸਮ ਦੀ ਸਮੱਸਿਆ ਨਾ ਆਵੇ। ਇਸ ਮੌਕੇ ਵਿਧਾਇਕ ਨੇ ਕਿਸਾਨ ਜਸਵੀਰ ਸਿੰਘ ਦਾ ਮੂੰਹ ਮਿੱਠਾ ਕਰਵਾ ਕੇ ਮੁਬਾਰਕਾਂ ਦਿੱਤੀਆਂ।

ਇਸ ਮੌਕੇ ਵੇਅਰਹਾਊਸ ਮੈਨੇਜਰ ਜਗਦੇਵ ਸਿੰਘ, ਮਾਰਕਫੈੱਡ ਦੇ ਮੈਨੇਜਰ ਜਗਨ ਨਾਥ, ਪਨਗ੍ਰੇਨ ਦੇ ਭੂਸ਼ਨ ਕੁਮਾਰ ਗੋਇਲ, ਸਕੱਤਰ ਮਾਰਕੀਟ ਕਮੇਟੀ ਜਸਵੀਰ ਸਿੰਘ ਸਮਾਓਂ, ਹੇਮ ਰਾਜ ਸੰਟੀ ਮੋੜ, ਟਰੱਕ ਯੂਨੀਅਨ ਦੇ ਪ੍ਰਧਾਨ ਨਰਾਇਣ ਸਿੰਘ ਪੰਧੇਰ ਤੇ ਤੇਜਿੰਦਰ ਸਿੰਘ ਢਿੱਲਵਾਂ, ਜਸਵਿੰਦਰ ਸਿੰਘ ਚੱਠਾ, ਬੁੱਧ ਰਾਮ ਢਿੱਲਵਾਂ, ਅਸ਼ੋਕ ਕੁਮਾਰ ਮੋਲਾ ਮੋੜ, ਸੱਤ ਪਾਲ ਮੋੜ, ਅੰਗਰੇਜ ਸਿੰਘ, ਬਿਕਰਮਜੀਤ ਸਿੰਘ ਆਦਿ ਹਾਜ਼ਰ ਸਨ।

# ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ (ਪੰਜਾਬ) ਨੇ ਕੇਂਦਰ ਤੇ ਸੂਬਾ ਸਰਕਾਰ ਦਾ ਫੂਕਿਆ ਪੁਤਲਾ

## ਅੱਜ ਤੋਂ ਮੁੱਖ ਮੰਤਰੀ ਦੇ ਹਲਕੇ ਧੂਰੀ 'ਚ ਹਾਈਵੇ ਨੂੰ ਲਗਾਤਾਰ ਕੀਤਾ ਜਾਵੇਗਾ ਜਾਮ



ਮੋਗਾ ਦੇ ਸਿਵਲ ਹਸਪਤਾਲ ਵਿੱਚ ਕੇਂਦਰ ਤੇ ਸੂਬਾ ਸਰਕਾਰ ਦਾ ਪੁਤਲਾ ਫੂਕਦੇ ਹੋਏ ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ ਦੇ ਮੈਂਬਰ। (ਫੋਟੋ; ਭੂਪਿੰਦਰ ਸਿੰਘ)

**ਮੋਗਾ (ਅਮਰਜੀਤ ਬੱਬਰੀ)**-ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ (ਪੰਜਾਬ) ਨੇ ਬੁੱਧਵਾਰ ਨੂੰ ਬਦੀ 'ਤੇ ਨੇਕੀ ਦੀ ਜਿੱਤ ਦੇ ਪ੍ਰਤੀਕ ਦੁਸਹਿਰੇ ਦੇ ਤਿਉਹਾਰ ਮੌਕੇ ਸਮੁੱਚੇ ਪੰਜਾਬ ਵਿੱਚ ਕੇਂਦਰ ਤੇ ਸੂਬਾ ਸਰਕਾਰ ਦੇ ਪੁਤਲੇ ਫੂਕਣ ਦਾ ਸੰਘਰਸ਼ ਕੀਤਾ ਗਿਆ। ਇਸ ਤਹਿਤ ਬੁੱਧਵਾਰ ਨੂੰ ਵੱਖ-ਵੱਖ ਸਰਕਾਰੀ ਵਿਭਾਗਾਂ ਦੇ ਆਊਟਸੋਰਸਡ ਤੇ ਇਨਲਿਸਟਮੈਂਟ ਠੇਕਾ ਮੁਲਾਜ਼ਮਾਂ ਨੇ ਵਿਭਾਗਾਂ ਵਿੱਚ ਰੈਗੂਲਰ ਨਾ ਕਰਨ ਦੇ ਵਿਰੋਧ ਵਜੋਂ ਸਿਵਿਲ ਹਸਪਤਾਲ ਮੋਗਾ ਵਿਖੇ ਰਾਵਣ ਰੂਪੀ ਕੇਂਦਰ ਤੇ ਸੂਬਾ ਸਰਕਾਰ ਦਾ ਦਿਓਕੱਦ ਪੁਤਲਾ ਫੂਕਿਆ। ਇਸ ਮੌਕੇ ਮੋਰਚੇ ਦੇ ਸੂਬਾ ਆਗੂ ਸੁਰਿੰਦਰ ਕੁਮਾਰ ਤੇ ਜਸਪ੍ਰੀਤ ਸਿੰਘ ਗਗਨ ਅਤੇ ਸਿਹਤ ਵਿਭਾਗ ਆਊਟ ਸੋਰਸ ਮੁਲਾਜ਼ਮ ਯੂਨੀਅਨ ਦੀ ਜ਼ਿਲ੍ਹਾ ਪ੍ਰਧਾਨ ਮਨਜੀਤ ਕੌਰ ਰੇਸ਼ਮ ਸਿੰਘ, ਵੀਰਪਾਲ ਕੌਰ ਆਗੂਆਂ ਨੇ ਕਿਹਾ ਕਿ ਸਮੂਹ ਸਰਕਾਰੀ ਵਿਭਾਗਾਂ ਦੇ ਆਊਟਸੋਰਸਡ ਤੇ ਇਨਲਿਸਟਮੈਂਟ ਠੇਕਾ ਮੁਲਾਜ਼ਮਾਂ ਨੂੰ ਵਿਭਾਗਾਂ ਵਿੱਚ ਰੈਗੂਲਰ ਕਰਨਅਤੇ ਬਦਲਾਅ ਦਾ ਨਾਅਰਾ ਲਾ ਕੇ ਸੱਤਾ ਵਿੱਚ ਆਈ 'ਆਪ' ਸਰਕਾਰ ਵੀ ਪਹਿਲਿਆਂ ਸਰਕਾਰਾਂ ਦੀ ਤਰ੍ਹਾਂ ਆਊਟਸੋਰਸਡ ਤੇ ਇਨਲਿਸਟਮੈਂਟ ਠੇਕਾ ਮੁਲਾਜ਼ਮਾਂ ਨੂੰ ਰੈਗੂਲਰ ਕਰਨ ਦੇ ਵਾਅਦੇ ਤੋਂ ਭੱਜ ਰਹੀ ਹੈ ਅਤੇ ਆਪ ਸਰਕਾਰ ਆਪਣੇ ਕਾਰਜਕਾਲ ਦੇ ਲੰਘੇ ਛੇ ਮਹੀਨਿਆਂ ਵਿੱਚ ਠੇਕਾ ਮੁਲਾਜ਼ਮਾਂ ਨੂੰ ਰੈਗੂਲਰ ਨਹੀਂ ਕੀਤਾ ਗਿਆ। ਵੱਖ-ਵੱਖ ਸਰਕਾਰੀ ਵਿਭਾਗਾਂ ਦੇ ਆਊਟਸੋਰਸਡ ਤੇ ਇਨਲਿਸਟਮੈਂਟ ਠੇਕਾ ਮੁਲਾਜ਼ਮਾਂ ਵੱਲੋਂ ਕੀਤੇ ਜਾ ਲਗਾਤਾਰ ਤਿੱਖੇ ਸੰਘਰਸ਼ਾਂ 'ਤੇ ਠੰਢਾ ਛਿੜਕਣ ਦੀ ਨੀਅਤ ਨਾਲ ਮੋਰਚੇ ਦੇ ਸੂਬਾਈ ਆਗੂਆਂ ਨਾਲ 12 ਸਤੰਬਰ ਨੂੰ ਕੀਤੀ ਪੈਨਲ ਮੀਟਿੰਗ ਵਿੱਚ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਤੇ ਵਿਭਾਗਾਂ ਦੇ ਅਧਿਕਾਰੀਆਂ ਨੇ ਸਮੂਹ ਮੰਗਾਂ 'ਤੇ ਸਹਿਮਤੀ ਪ੍ਰਗਟਾਉਂਦੇ ਹੋਏ ਮੀਟਿੰਗ ਵਿੱਚ ਹੋਈਆਂ ਕੁੱਲ ਸਹਿਮਤੀਆਂ ਦਾ ਪਰਸੀਡਿੰਗ ਪੱਤਰ 15 ਸਤੰਬਰ ਤੱਕ ਆਗੂਆਂ ਨੂੰ ਦੇਣ ਤੇ 30 ਸਤੰਬਰ ਤਕ ਆਗੂਆਂ ਨਾਲ ਇਕ ਵਾਰ ਫ਼ਿਰ ਮੀਟਿੰਗ ਕਰਨ ਸਮੇਤ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨਾਲ ਜਲਦੀ ਮੀਟਿੰਗ ਕਰਵਾਉਣ ਦਾ ਭਰੋਸਾ ਵੀ ਦਿੱਤਾ ਸੀ, ਪਰ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਤੇ ਵਿਭਾਗਾਂ ਦੇ ਅਧਿਕਾਰੀਆਂ ਵੱਲੋਂ ਨਾ ਹੀ ਤਾਂ 15 ਸਤੰਬਰ ਤੱਕ ਮੀਟਿੰਗ ਵਿੱਚ ਹੋਈਆਂ ਸਹਿਮਤੀਆਂ ਦਾ ਪਰਸੀਡਿੰਗ ਪੱਤਰ ਜਾਰੀ ਕੀਤਾ ਗਿਆ ਹੈ ਅਤੇ ਨਾ ਹੀ ਮੋਰਚੇ ਦੇ ਆਗੂਆਂ ਨੂੰ ਦੁਬਾਰਾ ਮੀਟਿੰਗ ਕਰਨ ਦਾ ਕੋਈ ਸੱਦਾ ਪੱਤਰ ਜਾਰੀ ਕੀਤਾ ਗਿਆ ਹੈ, ਜਿਸ ਤੋਂ ਸਾਫ਼ ਜ਼ਾਹਰ ਹੁੰਦਾ ਹੈ ਕਿ ਪੰਜਾਬ ਸਰਕਾਰ ਵੱਖ-ਵੱਖ ਸਰਕਾਰੀ ਵਿਭਾਗਾਂ ਦੇ ਆਊਟਸੋਰਸਡ ਤੇ ਇਨਲਿਸਟਮੈਂਟ ਠੇਕਾ ਮੁਲਾਜ਼ਮਾਂ ਨੂੰ ਵਿਭਾਗਾਂ ਵਿੱਚ ਰੈਗੂਲਰ ਕਰਨ ਦੇ ਮਸਲੇ ਨੂੰ ਲੈ ਕੇ ਸੁਹਿਰਦ ਨਹੀਂ ਹੈ। ਵੱਖ-ਵੱਖ ਸਰਕਾਰੀ ਵਿਭਾਗਾਂ ਦੇ ਠੇਕਾ ਮੁਲਾਜ਼ਮਾਂ ਵੱਲੋਂ 7 ਅਕਤੂਬਰ ਨੂੰ ਮੁੱਖ ਮੰਤਰੀ ਦੇ ਚੋਣ ਹਲਕੇ ਧੂਰੀ ਵਿੱਚ ਸਟੇਟ ਹਾਈਵੇ ਨੂੰ ਜਾਮ ਕਰਨ ਦਾ ਸੰਘਰਸ਼ ਉਲੀਕਿਆ ਗਿਆ ਹੈ। ਆਗੂਆਂ ਨੇ ਪੰਜਾਬ ਸਰਕਾਰ ਨੂੰ ਚਿਤਾਵਨੀ ਦਿੱਤੀ ਕਿ ਜੇਕਰ ਠੇਕਾ ਮੁਲਾਜ਼ਮਾਂ ਦੀਆਂ ਮੰਗਾਂ ਨਾ ਮੰਨੀਆਂ ਤਾਂ 'ਮੋਰਚੇ' ਦੇ ਬੈਨਰ ਹੇਠ ਪਰਵਾਰਾਂ ਤੇ ਬੱਚਿਆਂ ਸਮੇਤ 7 ਅਕਤੂਬਰ ਨੂੰ ਮੁੱਖ ਮੰਤਰੀ ਦੇ ਚੋਣ ਹਲਕੇ ਧੂਰੀ ਵਿੱਚ ਸਟੇਟ ਹਾਈਵੇ ਨੂੰ ਲਗਾਤਾਰ ਜਾਮ ਕੀਤਾ ਜਾਵੇਗਾ।

## ਕਾਤਰਾਂ

### ਵਿਦਿਆਰਥਣ ਜਗਿਆਸਾ ਨੇ ਜ਼ਿਲ੍ਹਾ ਸਕੂਲ ਖੇਡਾਂ 'ਚ ਹਾਸਲ ਕੀਤਾ ਪਹਿਲਾ ਸਥਾਨ

**ਕੋਟ ਈਸੇ ਖਾਂ (ਅਰੋੜਾ)** ਕੈਂਬ੍ਰਿਜ ਕਾਨਵੈਂਟ ਸਕੂਲ ਦੇ ਵਿਦਿਆਰਥੀ ਆਏ ਦਿਨ ਵੱਖ-ਵੱਖ ਖੇਤਰਾਂ ਵਿੱਚ ਮੱਲਾਂ ਮਾਰਦੇ ਰਹਿੰਦੇ ਹਨ। ਇਸੇ ਤਰ੍ਹਾਂ ਕੈਂਬਰਿਜ ਸਕੂਲ ਦੀ ਹੋਣਹਾਰ ਵਿਦਿਆਰਥਣ ਜਗਿਆਸਾ ਨੇ ਜ਼ਿਲ੍ਹਾ ਪੱਧਰੀ ਸਕੂਲ ਖੇਡਾਂ ਵਿੱਚ ਸਕੇਟਿੰਗ ਵਿੱਚ ਪਹਿਲਾ ਸਥਾਨ ਹਾਸਲ ਕੀਤਾ ਤੇ ਪੰਜਾਬ ਪੱਧਰ ਦੀਆਂ ਖੇਡਾਂ ਲਈ ਵੀ ਬੱਚੇ ਨੂੰ ਚੁਣਿਆ ਗਿਆ। ਇਸ ਪ੍ਰਾਪਤੀ ਲਈ ਸਕੂਲ ਦੇ ਪ੍ਰਿੰਸੀਪਲ ਤੇ ਅਧਿਆਪਕਾ ਵੱਲੋਂ ਬੱਚੇ ਨੂੰ ਵਧਾਈ ਦਿੱਤੀ ਗਈ। ਇਸ ਮੌਕੇ ਸਕੂਲ ਦੇ ਚੇਅਰਮੈਨ ਮਨਦੀਪ ਮਾਲੜਾ ਜੀ ਵੱਲੋਂ ਵੀ ਬੱਚੇ ਨੂੰ ਵਧਾਈ ਦਿੱਤੀ ਗਈ ਤੇ ਕਿਹਾ ਕਿ ਇਹ ਪ੍ਰਾਪਤੀ ਬੱਚੇ ਦੀ ਅਣਥੱਕ ਮਿਹਨਤ ਅਤੇ ਉਨ੍ਹਾਂ ਦੇ ਮਾਤਾ-ਪਿਤਾ ਦੇ ਸੰਘਰਸ਼ ਦਾ ਨਤੀਜਾ ਹੈ, ਵਿਦਿਆਰਥੀਆ ਨੂੰ ਪੜ੍ਹਾਈ ਦੇ ਨਾਲ-ਨਾਲ ਖੇਡਾਂ ਵਿੱਚ ਵੀ ਅੱਗੇ ਵਧਣਾ ਚਾਹੀਦਾ ਹੈ। ਉਨ੍ਹਾਂ ਵੱਲੋਂ ਬੱਚੇ ਨੂੰ ਪੰਜਾਬ ਪੱਧਰੀ ਖੇਡਾਂ ਵਿੱਚ ਵੀ ਆਪਣਾ ਤੇ ਸਕੂਲ ਦਾ ਨਾਂਅ ਰੌਸ਼ਨ ਕਰਨ ਲਈ ਪ੍ਰੇਰਿਤ ਕੀਤਾ ਗਿਆ।

### ਚੂਰਾ ਪੋਸਤ ਰੱਖਣ ਦੇ ਮਾਮਲੇ 'ਚ ਸਜ਼ਾ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)** : ਫਿਰੋਜ਼ਪੁਰ ਦੀ ਸੈਸ਼ਨ ਅਦਾਲਤ ਨੇ ਚੂਰਾ ਪੋਸਤ ਰੱਖਣ ਵਾਲੇ ਇੱਕ ਵਿਅਕਤੀ ਨੂੰ ਦੋਸ਼ੀ ਕਰਾਰ ਦਿੱਤਾ ਹੈ। ਮਿਲੀ ਜਾਣਕਾਰੀ ਅਨੁਸਾਰ ਥਾਣਾ ਕੈਂਟ ਫਿਰੋਜ਼ਪੁਰ ਪੁਲਸ ਵੱਲੋਂ 17 ਜੂਨ 2013 ਨੂੰ ਦਰਜ ਮਾਮਲੇ 'ਚ ਵਧੀਕ ਜ਼ਿਲ੍ਹਾ ਤੇ ਸੈਸ਼ਨ ਜੱਜ ਫਿਰੋਜ਼ਪੁਰ ਕੇਵਲ ਕ੍ਰਿਸ਼ਨ ਦੀ ਅਦਾਲਤ ਨੇ ਦੋਸ਼ੀ ਪਰਮਜੀਤ ਸਿੰਘ ਪੰਮਾ ਵੱਲੋਂ ਨਿਆਇਕ ਹਿਰਾਸਤ ਅਧੀਨ ਕੱਟੇ ਹੋਏ ਦਿਨਾਂ ਨੂੰ ਸਜਾ ਵਜੋਂ ਗਿਣਦੇ ਹੋਏ ਪੰਜ ਹਜ਼ਾਰ ਦਾ ਨਕਦ ਜੁਰਮਾਨਾ ਅਦਾ ਕਰਨ ਦੀ ਸਜਾ ਦਾ ਹੁਕਮ ਸੁਣਾਇਆ ਹੈ।

### ਟੱਕਰ ਮਾਰਨ ਵਾਲੇ ਮੋਟਰਸਾਈਕਲ ਸਵਾਰ ਖਿਲਾਫ ਕੇਸ ਦਰਜ

**ਜਲਾਲਾਬਾਦ, (ਦਹੂਜਾ)**-ਥਾਣਾ ਵੈਰੋਕੇ ਦੀ ਪੁਲਸ ਨੇ ਟੱਕਰ ਮਾਰਨ ਵਾਲੇ ਮੋਟਰਸਾਈਕਲ ਸਵਾਰ ਖਿਲਾਫ ਪਰਚਾ ਦਰਜ ਕੀਤਾ ਹੈ।ਜਾਂਚ ਅਧਿਕਾਰੀ ਪ੍ਰਿਤਪਾਲ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੂੰ ਸਿਕੰਦਰ ਸਿੰਘ ਪੁੱਤਰ ਗੁਰਦਿਆਲ ਸਿੰਘ ਵਾਸੀ ਕਾਠਗੜ੍ਹ ਨੇ ਸ਼ਿਕਾਇਤ ਦਰਜ ਕਰਵਾਈ ਸੀ ਕਿ 17 ਜੁਲਾਈ ਦੀ ਸ਼ਾਮ 7:30 ਵਜੇ ਉਹ ਆਪਣੇ ਮੋਟਰਸਾਈਕਲ 'ਤੇ ਜਾ ਰਿਹਾ ਸੀ।ਪੈਟਰੋਲ ਪੰਪ ਪਿੰਡ ਮਹਾਲਮ ਨੇੜੇ ਇੱਕ ਤੇਜ਼ ਰਫ਼ਤਾਰ ਮੋਟਰਸਾਈਕਲ ਸਵਾਰ ਗੁਰਮੀਤ ਸਿੰਘ ਉਰਫ਼ ਗੋਰੂ ਪੁੱਤਰ ਬੂੜ ਸਿੰਘ ਵਾਸੀ ਚੱਕ ਅਰਨੀ ਵਾਲਾ (ਕਟਿਆਂਵਾਲਾ) ਨੇ ਮੋਟਰਸਾਈਕਲ ਨੂੰ ਟੱਕਰ ਮਾਰ ਦਿੱਤੀ, ਜਿਸ ਕਾਰਨ ਉਹ ਜ਼ਖ਼ਮੀ ਹੋ ਕੇ ਡਿੱਗ ਪਿਆ। ਉਸ ਨੂੰ ਹਰਬੰਸ ਸਿੰਘ ਪੁੱਤਰ ਗੁਰਨਾਮ ਸਿੰਘ ਵਾਸੀ ਢਾਬ ਖੁਸ਼ਹਾਲ ਜੋਈਆਂ ਨੇ ਸਿਵਲ ਹਸਪਤਾਲ ਦਾਖਲ ਕਰਵਾਇਆ। ਪੁਲਸ ਨੇ ਆਰੋਪੀ ਖ਼ਿਲਾਫ਼ ਕੇਸ ਦਰਜ ਕਰ ਲਿਆ ਹੈ।

### ਪੰਜਾਬ ਗੌਰਮਿੰਟ ਪੈਨਸ਼ਨਰਜ਼ ਐਸੋ. ਦੀ ਮੀਟਿੰਗ ਭਲਕੇ

**ਸ੍ਰੀ ਮੁਕਤਸਰ ਸਾਹਿਬ, (ਸ਼ਮਿੰਦਰਪਾਲ, ਪੂਜਾ)**-ਸੇਵਾ ਮੁਕਤ ਕਰਮਚਾਰੀਆਂ ਤੇ ਫੈਮਿਲੀ ਪੈਨਸ਼ਨਰਾਂ ਦੇ ਹੱਕਾਂ ਲਈ ਪਿਛਲੇ ਲੰਮੇ ਸਮੇਂ ਤੋਂ ਸਾਰਥਿਕ ਸੰਘਰਸ਼ ਕਰਦੀ ਆ ਰਹੀ ਪੰਜਾਬ ਗੌਰਮਿੰਟ ਪੈਨਸ਼ਨਰਜ਼ ਐਸੋਸੀਏਸ਼ਨ ਦੀ ਜ਼ਿਲ੍ਹਾ ਇਕਾਈ ਦੀ ਮਾਸਿਕ ਮੀਟਿੰਗ 8 ਅਕਤੂਬਰ ਨੂੰ ਸਵੇਰੇ 10:00 ਵਜੇ ਸਥਾਨਕ ਕੋਟਕਪੂਰਾ ਰੋਡ ਸਥਿਤ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੇ) ਵਿਖੇ ਹੋਵੇਗੀ। ਮੀਟਿੰਗ ਦੌਰਾਨ ਵੱਖ-ਵੱਖ ਵਿਭਾਗਾਂ ਦੇ ਪੈਨਸ਼ਨਰ ਤੇ ਫੈਮਲੀ ਪੈਨਸ਼ਨਰ ਭਾਗ ਲੈਣਗੇ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਐਸੋਸੀਏਸ਼ਨ ਦੇ ਜ਼ਿਲ੍ਹਾ ਪ੍ਰਧਾਨ ਹਰਦੇਵ ਸਿੰਘ ਨੇ ਸਮੂਹ ਪੈਨਸ਼ਨਰਾਂ ਨੂੰ ਮੀਟਿੰਗ ਵਿੱਚ ਸਮੇਂ-ਸਿਰ ਪਹੁੰਚਣ ਦੀ ਅਪੀਲ ਕੀਤੀ ਹੈ।

### ਗੁੱਲੀ ਡੰਡੇ ਦੀ ਸਮੱਸਿਆ ਤੋਂ ਮਿਲੀ ਰਾਹਤ



**ਰਾਜਪੁਰਾ (ਰਮੇਸ਼ ਕਟਾਰੀਆ)** ਮੈਸਰਜ ਪਾਹਵਾ ਪੈਸਟੀ ਸਾਈਡ ਤੇ ਸੀਡ ਸਟੋਰ ਦੇ ਮਾਲਕ ਸ੍ਰੀ ਰਾਕੇਸ਼ ਪਾਹਵਾ ਦੇ ਸਹਿਯੋਗ ਨਾਲ ਬਾਇਰ ਕਰਾਪ ਸਾਇੰਸ ਕੰਪਨੀ ਨੇ ਗੁੱਲੀ ਡੰਡੇ ਦੀ ਸਮੱਸਿਆ ਤੋਂ ਪ੍ਰੇਸ਼ਾਨ ਕਿਸਾਨਾਂ ਨੂੰ ਮੋਮੀ ਜੀ ਨਾਂਅ ਦੀ ਦਵਾਈ ਦੇ ਕੇ ਰਾਹਤ ਦਿੱਤੀ। ਕੰਪੇਨ ਐਕਟੀਵੇਸ਼ਨ ਮੈਨੇਜਰ ਸ੍ਰੀ ਸੰਜੇ ਚੌਧਰੀ ਦੀ ਅਗਵਾਈ ਹੇਠ ਸ੍ਰੀ ਵਿਨੀਤ ਸ਼੍ਰੀਵਾਸਤਵ ਤੇ ਉਨ੍ਹਾਂ ਦੇ ਸਾਥੀਆਂ ਨੇ ਕਿਸਾਨਾਂ ਨੂੰ ਮੋਮੀ ਜੀ ਦੀ ਵਰਤੋਂ ਕਰਨ ਲਈ ਸਿਖਲਾਈ ਦਿੱਤੀ ਤੇ ਕੰਪਨੀ ਵੱਲੋਂ ਕੀਤੇ ਉਪਰਾਲੇ ਨੂੰ ਦੇਖ ਕੇ ਅਨਾਜ ਮੰਡੀ ਰਾਜਪੁਰਾ ਵਿਖੇ ਝੋਨਾ ਵੇਚਣ ਆਏ ਕਿਸਾਨਾਂ ਨੇ ਕੰਪਨੀ ਦੀ ਬਹੁਤ ਸ਼ਲਾਘਾ ਕੀਤੀ।

# ਮੋਗਾ ਗੋਲੀਕਾਂਡ ਦੀ 50ਵੀਂ ਵਰ੍ਹੇਗੰਢ ਮੌਕੇ ਸ਼ਰਧਾਂਜਲੀ ਸਮਾਗਮ

## ਸਮਾਗਮ ਤੋਂ ਬਾਅਦ ਸ਼ਹਿਰ 'ਚ ਕੀਤਾ ਮਾਰਚ



**ਮੋਗਾ (ਅਮਰਜੀਤ ਬੱਬਰੀ)**-ਪੰਜਾਬ ਸਟੂਡੈਂਟਸ ਯੂਨੀਅਨ (ਸ਼ਹੀਦ ਰੰਧਾਵਾ) ਵੱਲੋਂ ਮਹਾਨ ਮੋਗਾ ਘੋਲ ਦੀ 50ਵੀਂ ਵਰ੍ਹੇਗੰਢ ਮੌਕੇ ਸ਼ਹੀਦੀ ਯਾਦਗਾਰ (ਰੀਗਲ ਸਿਨੇਮਾ) ਮੋਗਾ ਵਿਖੇ ਸ਼ਰਧਾਂਜਲੀ ਸਮਾਗਮ ਕੀਤਾ ਗਿਆ। ਸੈਂਕੜਿਆਂ ਦੀ ਗਿਣਤੀ 'ਚ ਸ਼ਹੀਦਾਂ ਨੂੰ ਸਿਜਦਾ ਕਰਨ ਲਈ ਪਹੁੰਚੇ ਵਿਦਿਆਰਥੀ ਨੌਜਵਾਨ ਤੇ ਕਿਸਾਨ ਆਗੂਆਂ ਨੇ ਸੰਬੋਧਨ ਕੀਤਾ। ਸ਼ਰਧਾਂਜਲੀ ਸਮਾਗਮ ਤੋਂ ਬਾਅਦ ਸ਼ਹਿਰ 'ਚ ਰੋਹ ਭਰਪੂਰ ਮੁਜ਼ਾਹਰਾ ਕੀਤਾ ਗਿਆ। ਸਮਾਗਮ ਨੂੰ ਸੰਬੋਧਨ ਕਰਦਿਆਂ ਪੀ ਐੱਸ ਯੂ ਸ਼ਹੀਦ ਰੰਧਾਵਾ ਦੇ ਸੂਬਾ ਆਗੂ ਅਮਿਤੋਜ ਮੌੜ ਨੇ ਮਹਾਨ ਮੋਗਾ ਘੋਲ ਦੀਆਂ ਦੇਣਾ ਦੀ ਚਰਚਾ ਕਰਦਿਆਂ ਕਿਹਾ ਕਿ ਇਸ ਵੱਡੇ ਜਨਤਕ ਸੰਘਰਸ਼ ਨੇ ਪੰਜਾਬ ਅੰਦਰ ਹਕੂਮਤੀ ਜਬਰ ਦੇ ਝੱਖੜ ਨੂੰ ਇੱਕ ਵਾਰ ਠੱਲ੍ਹ ਦਿੱਤਾ ਤੇ ਲੋਕਾਂ ਅੰਦਰ ਹੱਕਾਂ ਲਈ ਸੰਘਰਸ਼ ਕਰਨ ਦੀ ਨਵੀਂ ਚੇਤਨਾ ਭਰ ਦਿੱਤੀ। ਵਿਦਿਆਰਥੀ ਲਹਿਰ ਦੀ ਚੜ੍ਹਤ ਦੇ ਦੌਰ ਦਾ ਮੁੱਢ ਬੰਨ੍ਹ ਦਿੱਤਾ।

ਸੂਬਾ ਜਥੇਬੰਦਕ ਸਕੱਤਰ ਹੁਸ਼ਿਆਰ ਸਿੰਘ ਸਲੇਮਗੜ੍ਹ ਨੇ ਕਿਹਾ ਕਿ ਅੱਜ ਦੇ ਸਮੇਂ ਨਿੱਜੀਕਰਨ ਵਪਾਰੀਕਰਨ ਦੀਆਂ ਨੀਤੀਆਂ ਦੇ ਹਮਲੇ ਨੇ ਸਿੱਖਿਆ ਤੇ ਰੁਜ਼ਗਾਰ ਦੇ ਹੱਕ 'ਤੇ ਹਮਲਾ ਹੋਰ ਵੀ ਤਿੱਖਾ ਕਰ ਦਿੱਤਾ ਹੈ। ਇਸ ਲਈ ਅੱਜ ਦੇ ਦੌਰ 'ਚ ਸੰਘਰਸ਼ਸ਼ੀਲ ਵਿਦਿਆਰਥੀ ਸ਼ਹਿਰ ਦੀ ਵਿਸ਼ਾਲਤਾ ਤੇ ਮਜ਼ਬੂਤੀ ਹੋਰ ਵੀ ਵੱਡੀ ਜ਼ਰੂਰਤ ਹੈ।

ਨੌਜਵਾਨ ਭਾਰਤ ਸਭਾ ਦੇ ਸੂਬਾ ਆਗੂ ਅਸ਼ਵਨੀ ਘੁੱਦਾ ਤੇ ਭਾਰਤੀ ਕਿਸਾਨ ਯੂਨੀਅਨ (ਏਕਤਾ ਉਗਰਾਹਾਂ) ਦੇ ਸੂਬਾ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਨੇ ਵਿਦਿਆਰਥੀ ਕਾਰਕੁਨਾਂ ਤੇ ਆਗੂਆਂ ਨੂੰ ਸੰਬੋਧਨ ਹੁੰਦਿਆਂ ਕਿਹਾ ਕਿ ਲੋਕਾਂ ਨੇ ਸੰਘਰਸ਼ਾਂ ਦੇ ਇਸ ਪੰਨੇ ਨੂੰ ਅੱਜ ਦੇ ਨੌਜਵਾਨ ਸਾਹਮਣੇ ਉਭਾਰਨ ਦੀ ਵੱਡੀ ਲੋੜ ਹੈ। ਉਨ੍ਹਾਂ ਕਿਹਾ ਕਿ ਉਹ ਖੁਦ 70ਵਿਆਂ ਦੀ ਨੌਜਵਾਨ ਵਿਦਿਆਰਥੀ ਲਹਿਰ ਤੋਂ ਪ੍ਰੇਰਨਾ ਲੈ ਕੇ ਲੋਕ ਲਹਿਰ 'ਚ ਸ਼ਾਮਲ ਹੋਏ ਸਨ। ਅੱਜ ਵੀ ਨੌਜਵਾਨਾਂ, ਵਿਦਿਆਰਥੀਆਂ ਨੂੰ ਲੋਕ ਸੰਘਰਸ਼ ਦੀਆਂ ਲਹਿਰਾਂ ਦੀਆਂ ਮੂਹਰਲੀਆਂ ਸਫਾ 'ਚ ਨਿਤਰਨ ਦੀ ਲੋੜ ਹੈ।

# ਕਰਜ਼ੇ ਤੋਂ ਪ੍ਰੇਸ਼ਾਨ ਵਿਅਕਤੀ ਨੇ ਜ਼ਹਿਰੀਲੀ ਚੀਜ਼ ਪੀ ਕੇ ਕੀਤੀ ਆਤਮ ਹੱਤਿਆ

**ਬਰੇਟਾ (ਰੀਤਵਾਲ)** ਕਰਜ਼ੇ ਤੋਂ ਪ੍ਰੇਸ਼ਾਨ ਵਿਅਕਤੀ ਵੱਲੋਂ ਜਹਿਰੀਲ ਚੀਜ਼ ਪੀ ਕੇ ਆਤਮ ਹੱਤਿਆ ਕਰ ਲੈਣ ਦਾ ਸਮਾਚਾਰ ਮਿਲਿਆ ਹੈ। ਮ੍ਰਿਤਕ ਦੇ ਭਰਾ ਰਘਵੀਰ ਸਿੰਘ ਨੇ ਦੱਸਿਆ ਕਿ ਮੱਖਣ ਸਿੰਘ (45 ਸਾਲਾ) ਵਾਸੀ ਬਰੇਟਾ ਨੇ ਜ਼ਹਿਰੀਲੀ ਦਵਾਈ ਪੀ ਲਈ, ਜੋ ਕਰਜ਼ੇ ਕਾਰਨ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਰਹਿੰਦਾ ਸੀ, ਜਿਸ ਉੱਪਰ ਕਰੀਬ 4 ਲੱਖ ਦਾ ਕਰਜ਼ਾ ਸੀ, ਜਿਸਦੀ ਸ਼ਾਮ 7 ਵਜੇ ਸਿਵਲ ਹਸਪਤਾਲ ਮਾਨਸਾ ਵਿਖੇ ਇਲਾਜ ਦੌਰਾਨ ਮੌਤ ਹੋ ਗਈ।

ਦੱਸਣਯੋਗ ਹੈ ਕਿ ਮ੍ਰਿਤਕ ਕਾਰ ਚਲਾਕੇ ਆਪਣੇ ਪਰਵਾਰ ਦਾ ਪਾਲਣ ਪੋਸ਼ਣ ਕਰਦਾ ਸੀ। ਮ੍ਰਿਤਕ ਆਪਣੇ ਪਿੱਛੇ ਪਤਨੀ ਤੋਂ ਇਲਾਵਾ ਇੱਕ ਲੜਕੀ ਤੇ ਲੜਕਾ ਛੱਡ ਗਿਆ ਹੈ। ਪੁਲਸ ਨੇ ਮ੍ਰਿਤਕ ਦੇ ਭਰਾ ਦੇ ਬਿਆਨ ਤੇ ਧਾਰਾ 174 ਦੀ ਕਾਰਵਾਈ ਅਧੀਨ ਲਾਸ਼ ਪੋਸ਼ਟ ਮਾਰਟਮ ਉਪਰੰਤ ਵਾਰਸਾਂ ਨੂੰ ਸੌਂਪ ਦਿੱਤੀ ਹੈ।

# ਕਿਸਾਨਾਂ ਦੀ ਮੀਟਿੰਗ ਸੈਦੇਵਾਲਾ 'ਚ ਭਲਕੇ

**ਬਰੇਟਾ (ਰੀਤਵਾਲ)** ਪੰਜਾਬ ਕਿਸਾਨ ਯੂਨੀਅਨ ਬਲਾਕ ਬਰੇਟਾ ਦੀ ਅਹਿਮ ਮੀਟਿੰਗ 8 ਅਕਤੂਬਰ ਨੂੰ ਗੁਰਦੁਆਰਾ ਸਾਹਿਬ ਸੈਦੇਵਾਲਾ ਵਿਖੇ ਰੱਖੀ ਗਈ, ਜਿਸ ਵਿੱਚ ਮੀਂਹ ਨਾਲ ਹੋਏ ਫ਼ਸਲਾਂ ਦੇ ਨੁਕਸਾਨ ਦਾ ਮੁਆਵਜ਼ਾ ਲੈਣ ਸੰਬੰਧੀ, ਪਰਾਲੀ ਦਾ ਮਸਲਾ ਆਦਿ ਅਹਿਮ ਮੁੱਦੇ ਵਿਚਾਰੇ ਜਾਣਗੇ।

ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਪੰਜਾਬ ਕਿਸਾਨ ਯੂਨੀਅਨ ਦੇ ਬਲਾਕ ਸਕੱਤਰ ਬੱਬੂ ਕੁਲਰੀਆਂ ਨੇ ਕੀਤਾ।

ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਆਵਾਰਾ ਪਸ਼ੂਆਂ ਦਾ ਮਸਲਾ ਵੀ ਗੰਭੀਰਤਾ ਨਾਲ ਵਿਚਾਰੇ ਕਿਉਂਕਿ ਅਵਾਰਾ ਪਸ਼ੂਆਂ ਕਾਰਨ ਜਿਥੇ ਸੜਕ ਹਾਦਸੇ ਵੱਡੇ ਪੱਧਰ 'ਤੇ ਵਾਪਰ ਰਹੇ ਹਨ, ਉਥੇ ਫ਼ਸਲਾਂ ਦਾ ਬਹੁਤ ਜ਼ਿਆਦਾ ਨੁਕਸਾਨ ਇਨ੍ਹਾਂ ਵੱਲੋਂ ਕੀਤਾ ਜਾਂਦਾ ਹੈ।

ਇਸ ਮੌਕੇ ਸਿਮਰਨਜੀਤ ਕੁਲਰੀਆਂ, ਨੈਬ ਸਿੰਘ, ਗੁਰਤੇਜ ਫੌਜੀ ਤੇ ਤਰਸੇਮ ਧਰਮਪੁਰਾ ਆਦਿ ਵੀ ਹਾਜ਼ਰ ਸਨ।

# ਮੁਸਲਿਮ ਭਾਈਚਾਰੇ ਦੀ ਹਰ ਮੁਸ਼ਕਲ ਹੱਲ ਹੋਵੇਗੀ : ਜ਼ਮੀਰ ਉਲ ਰਹਿਮਾਨ



**ਰਾਜਪੁਰਾ (ਰਮੇਸ਼ ਕਟਾਰੀਆ)** ਇਸਲਾਮ ਅਲੀ ਜ਼ਿਲ੍ਹਾ ਮਨਿਓਰਿਟੀ ਪ੍ਰਧਾਨ ਪਟਿਆਲਾ ਵੱਲੋਂ ਵਿਸ਼ੇਸ਼ ਮੀਟਿੰਗ ਰੱਖੀ ਗਈ, ਜਿਸ ਦਾ ਮੁੱਖ ਉਦੇਸ਼ ਮਨਿਓਰਿਟੀ ਵਿੰਗ ਨੂੰ ਆ ਰਹੀਆਂ ਮੁਸ਼ਕਲਾਂ ਦਾ ਹੱਲ ਕਰਨਾ ਰਿਹਾ ਹੈ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਮਲੇਰਕੋਟਲਾ ਤੋ ਆਮ ਆਦਮੀ ਪਾਰਟੀ ਦੇ ਐੱਮ ਐੱਲ ਏ ਡਾ. ਜਮੀਲ ਉਲ ਰਹਿਮਾਨ ਨੇ ਸ਼ਿਰਕਤ ਕੀਤੀ। ਜ਼ਮੀਲ ਜੀ ਨੇ ਵਿਸ਼ਵਾਸ ਦਿੱਤਾ ਕਿ ਜੋ ਵੀ ਮੁਸਲਿਮ ਭਾਈਚਾਰੇ ਨੂੰ ਮੁਸ਼ਕਲਾਂ ਹਨ, ਜਲਦੀ ਹੱਲ ਕੀਤੀਆਂ ਜਾਣਗੀਆਂ ਤੇ ਇਸਲਾਮ ਅਲੀ ਨੂੰ ਆਉਣ ਵਾਲੇ ਸਮੇਂ ਵਿੱਚ ਇੱਕ ਉੱਚਿਤ ਜ਼ਿੰਮੇਵਾਰੀ ਪਾਰਟੀ ਵੱਲੋਂ ਦਿੱਤੀ ਜਾਵੇਗੀ।

ਇਸ ਮੌਕੇ ਆਮ ਆਦਮੀ ਪਾਰਟੀ ਪੰਜਾਬ ਦੇ ਜੁਆਇੰਟ ਸਕੱਤਰ ਤੇ ਬੁਲਾਰੇ ਵਿੱਕੀ ਘਨੌਰ, ਚਮਨ ਕੁਰੈਸ਼ੀ ਪ੍ਰਧਾਨ ਮਨਿਓਰਿਟੀ ਵਿੰਗ ਫ਼ਤਿਹਗੜ੍ਹ ਸਾਹਿਬ, ਦਿਨੇਸ਼ ਮਹਿਤਾ ਬਲਾਕ ਪ੍ਰਧਾਨ ਆਪ, ਸੀਨੀਅਰ ਆਗੂ ਸ਼ਿਵ ਕੁਮਾਰ ਭੂਰਾ, ਗੁਰਪ੍ਰੀਤ ਤਮੋਲੀ ਸੂਬਾ ਸਕੱਤਰ ਵਪਾਰ ਵਿੰਗ, ਅਜੀਤ ਖ਼ਾਨ ਤਿੰਬਰਪੁਰ ਹੱਜ ਕਮੇਟੀ ਮੈਂਬਰ ਪੰਜਾਬ, ਮੁਹੰਮਦ ਰਫੀ ਸਾਬ ਘੜੋਲੀ, ਮਸਜਿਦ ਦੇ ਪ੍ਰਧਾਨ ਡਾ. ਸਲੀਮ, ਸ਼ਮਸ਼ਾਦ ਖਾਨ, ਹੁਸੈਨ ਮੁਹੰਮਦ, ਲਾਲਦੀਨ, ਮਦਰਸਾ ਪ੍ਰਿੰਸੀਪਲ ਵਲੀ ਸ਼ਿਵਾਲੀ, ਜ਼ਮੀਲ ਉਡਦਨ, ਅਲੀਸ਼ੇਰ ਗੁਰਨਾਖੇੜੀ ਬੇਵਸ ਖ਼ਾਨ, ਕਰਨੈਲ ਖਾਨ ਜੱਸੋਵਾਲ, ਇਮਰਾਨ ਮੁਹੰਮਦ, ਅਮਰੀਕ ਸਿੰਘ ਫਰੀਦਪੁਰ ਸ਼ੁਕਰ ਦੀਨ ਦਾਦੂਮਾਜਰਾ ਅਤੇ ਵੱਡੀ ਗਿਣਤੀ ਵਿੱਚ ਮਸਜਿਦਾਂ ਦੇ ਇਮਾਮ ਤੇ ਮੁਸਲਿਮ ਭਾਈਚਾਰੇ ਨੇ ਸ਼ਿਰਕਤ ਕੀਤੀ।

# ਵਿਧਾਇਕ ਗੈਰੀ ਬੜਿੰਗ ਤੇ ਪਨਗ੍ਰੇਨ ਇੰਸਪੈਕਟਰ ਦਰਮਿਆਨ ਵਿਵਾਦ ਸੁਲਝਿਆ

## ਇੰਸਪੈਕਟਰ ਯੂਨੀਅਨ ਨੇ ਹੜਤਾਲ ਵਾਪਸ ਲੈ ਕੇ ਮੰਡੀਆਂ 'ਚ ਫਸਲ ਦੀ ਖਰੀਦ ਕਰਨ ਦਾ ਕੀਤਾ ਐਲਾਨ

**ਫਤਿਹਗੜ੍ਹ ਸਾਹਿਬ, (ਪ੍ਰਮੋਦ ਭਾਰਦਵਾਜ)**-ਆਮ ਆਦਮੀ ਪਾਰਟੀ ਦੀ ਸਰਕਾਰ ਸਾਰੇ ਵਰਗਾਂ ਦੀ ਸਾਂਝੀ ਸਰਕਾਰ ਹੈ ਤੇ ਇਹ ਸਰਕਾਰ ਮੁਲਾਜ਼ਮ, ਕਿਸਾਨ ਤੇ ਹੋਰ ਸਾਰੇ ਵਰਗ ਦੇ ਲੋਕਾਂ ਨੂੰ ਨਾਲ ਲੈ ਕੇ ਇਕਜੁੱਟ ਹੋ ਕੇ ਕੰਮ ਕਰ ਰਹੀ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਹਲਕਾ ਫਤਿਹਗੜ੍ਹ ਸਾਹਿਬ ਤੋਂ ਵਿਧਾਇਕ ਐਡਵੋਕੇਟ ਲਖਵੀਰ ਸਿੰਘ ਰਾਏ ਨੇ ਪਿਛਲੇ ਕੁਝ ਦਿਨਾਂ ਤੋਂ ਚੱਲ ਰਹੇ ਵਿਧਾਇਕ ਗੈਰੀ ਬੜਿੰਗ ਤੇ ਖਮਾਣੋਂ ਦੇ ਪਨਗ੍ਰੇਨ ਇੰਸਪੈਕਟਰ ਦਰਮਿਆਨ ਵਿਵਾਦ ਨੂੰ ਸੁਲਝਾਉਣ ਉਪਰੰਤ ਮੀਡੀਆ ਨਾਲ ਗੱਲਬਾਤ ਕਰਦਿਆਂ ਕੀਤਾ।

ਐਡਵੋਕੇਟ ਰਾਏ ਨੇ ਕਿਹਾ ਕਿ ਖਮਾਣੋਂ ਤੋਂ ਪਨਗਰੇਨ ਦੇ ਇੰਸਪੈਕਟਰ ਗੁਰਮੀਤ ਸਿੰਘ ਤੇ ਅਮਲੋਹ ਤੋਂ ਵਿਧਾਇਕ ਗੁਰਿੰਦਰ ਸਿੰਘ ਗੈਰੀ ਵੜਿੰਗ ਦਰਮਿਆਨ ਹੋਈ ਤਲਖੀ ਤੋਂ ਬਾਅਦ ਛਿੜਿਆ ਵਿਵਾਦ ਆਪਸ ਵਿੱਚ ਬੈਠ ਕੇ ਹੱਲ ਕਰ ਲਿਆ ਹੈ। ਉਨ੍ਹਾਂ ਕਿਹਾ ਕਿ ਕਈ ਵਾਰ ਲੋਕਾਂ ਦੀ ਗੱਲ ਸੁਣਦੇ ਹੋਏ ਅਧਿਕਾਰੀਆਂ ਨਾਲ ਆਪਸ ਵਿੱਚ ਥੋੜ੍ਹੀ-ਬਹੁਤੀ ਤਕਰਾਰਬਾਜ਼ੀ ਹੋ ਜਾਂਦੀ ਹੈ, ਇਹ ਮਾਮਲਾ ਵੀ ਏਸੇ ਤਰ੍ਹਾਂ ਹੀ ਸੀ, ਜੋ ਕਿ ਸੁਲਝਾ ਲਿਆ ਗਿਆ ਹੈ। ਉਨ੍ਹਾਂ ਕਿਹਾ ਕਿ ਇੰਸਪੈਕਟਰ ਯੂਨੀਅਨ ਵੱਲੋਂ ਇਸ ਮਾਮਲੇ ਸਬੰਧੀ ਕੀਤੀ ਗਈ ਹੜਤਾਲ ਵਾਪਸ ਲੈ ਲਈ ਗਈ ਹੈ, ਤਾਂ ਜੋ ਕਿਸਾਨਾਂ ਨੂੰ ਮੰਡੀਆਂ ਵਿੱਚ ਆਪਣੀ ਫਸਲ ਵੇਚਣ ਲਈ ਕਿਸੇ ਕਿਸਮ ਦੀ ਦਿੱਕਤ ਨਾ ਆਵੇ।

ਪੱਤਰਕਾਰਾਂ ਵੱਲੋਂ ਪੁੱਛੇ ਸਵਾਲ ਦੇ ਜਵਾਬ ਵਿੱਚ ਗੁਰਮੀਤ ਸਿੰਘ ਨੇ ਕਿਹਾ ਕਿ ਮੰਡੀ 'ਚ ਡਿਊਟੀ ਦਾ ਕੋਈ ਮਾਮਲਾ ਨਹੀਂ ਸੀ, ਮਾਮਲਾ ਆਤਮ ਸਨਮਾਨ ਦਾ ਸੀ। ਵਿਭਾਗ ਵੱਲੋਂ ਜਿੱਥੇ ਵੀ ਡਿਊਟੀ ਲੱਗੇਗੀ, ਉਹ ਪੂਰੀ ਤਨਦੇਹੀ ਨਾਲ ਨਿਭਾਉਣਗੇ। ਇਸ ਮੌਕੇ ਕੇਵਲ ਸਿੰਘ ਏ. ਐੱਫ. ਐੱਸ. ਓ. ਸਰਹਿੰਦ, ਇੰਸਪੈਕਟਰ ਭੁਪਿੰਦਰ ਸਿੰਘ ਵੀ ਹਾਜ਼ਰ ਸਨ।

# ਪੈਨਸ਼ਨਰ ਐਸੋ. ਪੰਜਾਬ ਰਾਜ ਪਾਵਰਕਾਮ ਟ੍ਰਾਂਸਮਿਸ਼ਨ ਮੰਡਲ ਵੱਲੋਂ ਗੇਟ ਰੈਲੀ

**ਸ੍ਰੀ ਮੁਕਤਸਰ ਸਾਹਿਬ, (ਸ਼ਮਿੰਦਰਪਾਲ, ਪੂਜਾ)**-ਮੰਗਾਂ ਨੂੰ ਲੈ ਕੇ ਪੈਨਸ਼ਨਰ ਐਸੋਸੀਏਸ਼ਨ ਪੰਜਾਬ ਰਾਜ ਪਾਵਰਕਾਮ ਟ੍ਰਾਂਸਮਿਸ਼ਨ ਮੰਡਲ ਮੁਕਤਸਰ ਵੱਲੋਂ ਕੋਟਕਪੂਰਾ ਰੋਡ 'ਤੇ ਗੇਟ ਰੈਲੀ ਕੀਤੀ ਗਈ। ਇਸ ਦੌਰਾਨ ਪੈਨਸ਼ਨਰਾਂ ਤੇ ਪਰਵਾਰਕ ਪੈਨਸ਼ਨਰਾਂ ਨੇ ਵਧੀਕ ਨਿਗਰਾਨ ਇੰਜੀਨੀਅਰ ਵੰਡ ਮੰਡਲ ਮੁਕਤਸਰ ਖਿਲਾਫ ਆਪਣੀਆਂ ਜਾਇਜ਼ ਮੰਗਾਂ ਮੰਨਵਾਉਣ ਖਾਤਰ ਨਾਅਰੇਬਾਜ਼ੀ ਕਰਦਿਆਂ ਭੜਾਸ ਕੱਢੀ। ਮੰਡਲ ਪ੍ਰਧਾਨ ਜੋਗਿੰਦਰ ਸਿੰਘ ਮੱਲਣ ਨੇ ਦੱਸਿਆ ਕਿ ਵਧੀਕ ਨਿਗਰਾਨ ਇੰਜੀਨਿਅਰ ਨਾਲ ਮੰਡਲ ਕਮੇਟੀ ਦੀਆਂ ਅਨੇਕਾਂ ਵਾਰ ਮੀਟਿੰਗਾਂ ਹੋ ਚੁੱਕੀਆਂ ਨੇ, ਪਰ ਇੱਕ ਸਾਲ ਤੋਂ ਉਪਰ ਹੋ ਗਿਆ ਹੈ, ਸਿਰਫ ਭਰੋਸੇ ਤੋਂ ਇਲਾਵਾ ਕੁੱਝ ਨਹੀਂ ਮਿਲਿਆ। ਇਸ ਮੌਕੇ ਸਕੱਤਰ ਅਸ਼ੋਕ ਰੁਪਾਣਾ, ਮੀਤ ਪ੍ਰਧਾਨ ਅਮਰਜੀਤ ਸਿੰਘ, ਜੁਆਇੰਟ ਸਕੱਤਰ ਦਵਿੰਦਰ ਸਿੰਘ, ਕੈਸ਼ੀਅਰ ਗੁਰਮੀਤ ਸਿੰਘ, ਪ੍ਰੈੱਸ ਸਕੱਤਰ ਭਜਨ ਸਿੰਘ, ਜਥੇਬੰਧਕ ਸਕੱਤਰ ਬੂਟਾ ਸਿੰਘ, ਆਡਿਟਰ ਮੇਜਰ ਸਿੰਘ ਸਮੇਤ ਵੱਡੀ ਗਿਣਤੀ 'ਚ ਪੈਨਸ਼ਨਰ ਰੈਲੀ 'ਚ ਸ਼ਾਮਲ ਹੋਏ।



# ਹਾਕੂਵਾਲਾ ਦੇ ਵਿਕਾਸ ਕਾਰਜਾਂ ਦੀ ਕਿਸੇ ਨਿਰਪੱਖ ਏਜੰਸੀ ਤੋਂ ਜਾਂਚ ਕਰਾਈ ਜਾਵੇ : ਬਲਵਿੰਦਰ ਸਿੰਘ, ਦੇਸ ਰਾਜ



**ਮਲੋਟ ਲੰਬੀ (ਓਮ ਪ੍ਰਕਾਸ਼ ਸ਼ੇਖੂ)**-ਪਿਛਲੀਆਂ ਸਰਕਾਰਾਂ ਦੇ ਕਾਰਜਕਾਲ ਦੌਰਾਨ ਕਰੋੜਾਂ ਅਰਬਾਂ ਰੁਪਏ ਪਿੰਡਾਂ ਤੇ ਸ਼ਹਿਰਾਂ ਦੀਆਂ ਨੁਹਾਰ ਬਦਲਣ ਲਈ ਖਰਚਣ ਦੇ ਬਾਵਜੂਦ ਪਿੰਡਾਂ ਦੀ ਸਥਿਤੀ ਬਦ ਤੋਂ ਬਦਤਰ ਹਨ, ਜਿਸ ਦੀ ਤਾਜ਼ਾ ਉਦਾਹਰਣ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੇ ਬਲਾਕ ਲੰਬੀ ਵਿੱਚ ਪੈਂਦੇ ਪਿੰਡ ਹਾਕੂਵਾਲਾ ਵਿੱਚ ਸਰਕਾਰ ਵੱਲੋਂ ਬਣਾਈਆਂ ਆਂਗਨਵਾੜੀ ਸੈਂਟਰ ਤੇ ਪਿੰਡ ਵਿੱਚ ਮੌਜੂਦ ਦੋ ਛੱਪੜ ਤੇ ਇੱਕ ਖੂਹ ਆਪਣੀ ਹੋਣੀ 'ਤੇ ਖੂਨ ਦੇ ਹੰਝੂ ਵਹਾ ਰਹੇ ਹਨ। ਪਿੰਡ ਦੇ ਜ਼ਿੰਮੇਵਾਰ ਨੌਜਵਾਨ ਬਲਵਿੰਦਰ ਸਿੰਘ, ਦੇਸ ਰਾਜ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਸਾਡੇ ਪਿੰਡ ਦੀ ਮੌਜੂਦਾ ਪੰਚਾਇਤ ਵੱਲੋਂ ਲੱਖਾਂ ਰੁਪਏ ਆਂਗਨਵਾੜੀ ਸੈਂਟਰ ਤੇ ਛੱਪੜਾਂ ਦੀ ਸਫਾਈ, ਉਨ੍ਹਾਂ ਦੀ ਸਾਂਭ ਸੰਭਾਲ ਤੇ ਉਨ੍ਹਾਂ ਦੀ ਚਾਰਦਵਾਰੀ ਖਰਚ ਕਾਗਜ਼ਾਂ ਵਿੱਚ ਕੀਤੇ ਜਾ ਚੁੱਕੇ ਹਨ, ਪ੍ਰੰਤੂ ਇਸ ਮੌਕੇ ਤੁਸੀਂ ਆਪ ਦੇਖ ਸਕਦੇ ਹੋ। ਆਂਗਨਵਾੜੀ ਸੈਂਟਰ ਦੀ ਬਾਹਰਲੀ ਕੰਧ ਜਿੱਥੇ ਗੇਟ ਸੀ, ਉਸ ਨੂੰ ਵੀ ਤੋੜ ਕੇ ਅੰਦਰ ਇੱਕ ਵਿਕਾਸ ਦੇ ਨਾਂਅ 'ਤੇ ਛੋਟਾ ਜਿਹਾ ਬਾਥਰੂਮ ਬਣਾ ਦਿੱਤਾ। ਆਂਗਨਵਾੜੀ ਸੈਂਟਰ ਤੋਂ ਕਿਲੋਮੀਟਰ ਦੂਰ ਸਕੂਲ ਵਿੱਚ 2 ਟੁਇਆਲਟ ਬਣਾ ਕੇ ਕੱਲੀਆਂ ਟੂਟੀਆਂ ਦਾ ਬਿੱਲ ਹਜ਼ਾਰਾਂ ਰੁਪਏ ਦਾ ਕਾਗਜ਼ ਵਿੱਚ ਵਿਕਾਸ ਨਜ਼ਰ ਆਉਣ ਦਾ ਦਿੱਤਾ ਤੇ ਇਸੇ ਤਰ੍ਹਾਂ ਹੀ ਪਿੰਡ ਵਿੱਚ ਪੁਰਾਣੇ ਖੂਹ ਨੂੰ ਰੰਗ ਰੋਗਨ ਤੇ ਮੁਰੰਮਤ ਕਰਕੇ ਨਵਾਂ ਬਣਾਉਣਾ ਸੀ, ਪਰ ਖੂਹ ਅੱਜ ਵੀ ਇੱਕ ਇੱਟ ਲੱਗਣ ਨੂੰ ਤਰਸ ਰਿਹਾ ਹੈ ਅਤੇ ਇਹੀ ਹਾਲ ਛੱਪੜਾਂ ਦਾ ਹੈ। ਇਸ ਮੌਕੇ ਬਲਵਿੰਦਰ ਸਿੰਘ ਤੇ ਦੇਸ ਰਾਜ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੇ ਪੰਚਾਇਤ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਤੋਂ ਮੰਗ ਕੀਤੀ ਹੈ ਗਰਾਂਟਾਂ ਵਿੱਚ ਘਪਲੇ ਦੀ ਜਾਂਚ ਕਿਸੇ ਨਿਰਪੱਖ ਏਜੰਸੀ ਤੋਂ ਕਰਾਈ ਜਾਵੇ ਤਾਂ ਜੋ ਸੱਚਾਈ ਸਾਹਮਣੇ ਆ ਸਕੇ।

# ਕੁੱਟਮਾਰ ਦੇ ਮੁਲਜ਼ਮਾਂ ਖਿਲਾਫ ਪਰਚਾ

**ਜਲਾਲਾਬਾਦ, (ਦਹੂਜਾ)**-ਥਾਣਾ ਵੈਰੋਕੇ ਦੀ ਪੁਲਸ ਨੇ ਕੁੱਟਮਾਰ ਕਰਨ ਵਾਲੇ 4 ਆਰੋਪੀਆਂ ਖਿਲਾਫ ਪਰਚਾ ਦਰਜ ਕੀਤਾ ਹੈ।ਜਾਂਚ ਅਧਿਕਾਰੀ ਭਗਵਾਨ ਚੰਦ ਨੇ ਦੱਸਿਆ ਕਿ ਉਨ੍ਹਾਂ ਨੂੰ ਸਲਿੰਦਰਜੀਤ ਸਿੰਘ ਪੁੱਤਰ ਗੁਰਮੀਤ ਸਿੰਘ ਵਾਸੀ ਚੱਕ ਅਟਾਰੀ ਥਾਣਾ ਸ੍ਰੀ ਮੁਕਤਸਰ ਸਾਹਿਬ ਨੇ ਸ਼ਿਕਾਇਤ ਦਰਜ ਕਰਵਾਈ ਸੀ ਕਿ ਉਹ ਤੇ ਉਸ ਦਾ ਦੋਸਤ ਉਸ ਦੀ ਖਰੀਦੀ (ਬਿਆਨਾ) ਜ਼ਮੀਨ ਦੀ ਮਿਣਤੀ ਕਰ ਰਹੇ ਸਨ ਕਿ ਮੁਲਜ਼ਮ ਬਲਦੇਵ ਸਿੰਘ ਪੁੱਤਰ ਅਰਾਮ ਸਿੰਘ ਨਿਵਾਸੀ ਲੱਧੂਵਾਲਾ ਉਤਾੜ, ਨਿੱਕਾ ਸਿੰਘ ਪੁੱਤਰ ਬਹਿਨਾ ਸਿੰਘ ਵਾਸੀ ਫੱਤਣਵਾਲਾ, ਗੁਰਦਿੱਤ ਸਿੰਘ ਪੁੱਤਰ ਸ਼ਿਵਰਾਜ ਸਿੰਘ ਵਾਸੀ ਫੱਤਣਵਾਲਾ ਤੇ ਸ਼ਿਵਰਾਜ ਸਿੰਘ ਸਿੱਧੂ ਪੁੱਤਰ ਜੋਗਿੰਦਰ ਸਿੰਘ ਵਾਸੀ ਫੱਤਣਵਾਲਾ ਸ੍ਰੀ ਮੁਕਤਸਰ ਸਾਹਿਬ ਨੇ ਗੁੱਸੇ ਵਿੱਚ ਆ ਕੇ ਉਸ ਦੀ ਅਤੇ ਉਸ ਦੇ ਦੋਸਤ ਬਲਦੇਵ ਸਿੰਘ ਦੀ ਕੁੱਟਮਾਰ ਕੀਤੀ। ਵਜ੍ਹਾ ਰੰਜਿਸ਼ ਇਹ ਹੈ ਕਿ ਮੁਦਈ ਨੇ ਇਕ ਪਲਾਟ ਕੁੱਝ ਦਿਨ ਪਹਿਲਾਂ ਸੁਖਦੇਵ ਸਿੰਘ ਪੁੱਤਰ ਰੇਸ਼ਮ ਸਿੰਘ ਵਾਸੀ ਬਠਿੰਡਾ ਤੋਂ ਲੱਧੂਵਾਲਾ ਉਤਾੜ ਨਹਿਰ ਬਿਆਨਾ(ਖਰੀਦ) ਕੀਤਾ ਹੋਇਆ ਸੀ।ਇਸ ਲਈ ਆਰੋਪੀਆਂ ਨੇ ਉਸ ਦੇ ਖਰੀਦ ਕੀਤੇ ਪਲਾਟ ਨੂੰ ਆਪਣਾ ਦੱਸਦੇ ਹਨ, ਜਿਸ ਕਾਰਨ ਉਨ੍ਹਾਂ ਨੇ ਓਸ ਨੂੰ ਤੇ ਉਸ ਦੇ ਦੋਸਤ ਦੇ ਸੱਟਾ ਮਾਰੀਆਂ ਸਨ।ਪੁਲਸ ਨੇ ਆਰੋਪੀਆਂ 'ਤੇ ਪਰਚਾ ਦਰਜ ਕਰ ਲਿਆ ਹੈ।

# ਬੀ ਕੇ ਯੂ (ਦੋਆਬਾ) ਵੱਲੋਂ ਫੂਕਿਆ ਜਾਵੇਗਾ ਅਜੈ ਮਿਸ਼ਰਾ ਟੈਨੀ ਦਾ ਪੁਤਲਾ



**ਸਮਰਾਲਾ, (ਸੁਰਜੀਤ ਸਿੰਘ)** ਗੁਰਦੁਆਰਾ ਸ੍ਰੀ ਗੁਰੂ ਗੋਬਿੰਦ ਸਿੰਘ, ਚੰਡੀਗੜ੍ਹ ਰੋਡ ਸਮਰਾਲਾ ਵਿਖੇ ਭਾਰਤੀ ਕਿਸਾਨ ਯੂਨੀਅਨ (ਦੋਆਬਾ) ਇਕਾਈ ਸਮਰਾਲਾ ਦੀ ਮਹੀਨਾਵਾਰ ਮੀਟਿੰਗ ਜ਼ਿਲ੍ਹਾ ਪ੍ਰਧਾਨ ਬਲਵੀਰ ਸਿੰਘ ਖੀਰਨੀਆਂ ਅਤੇ ਬਿੱਕਰ ਸਿੰਘ ਮਾਨ ਕੋਟਲਾ ਸਮਸ਼ਪੁਰ ਬਲਾਕ ਪ੍ਰਧਾਨ ਮਾਛੀਵਾੜਾ ਦੀ ਅਗਵਾਈ ਹੇਠ ਹੋਈ।

ਮੀਟਿੰਗ ਦੌਰਾਨ ਸਭ ਤੋਂ ਪਹਿਲਾਂ ਲਖੀਮਪੁਰ ਖੀਰੀ ਵਿਖੇ ਸ਼ਹੀਦ ਹੋਏ ਕਿਸਾਨਾਂ ਨੂੰ ਦੋ ਮਿੰਟ ਦਾ ਮੌਨ ਧਾਰਨ ਕਰਕੇ ਸ਼ਰਧਾਂਜਲੀ ਭੇਟ ਕੀਤੀ ਗਈ। ਉਪਰੰਤ ਬਲਬੀਰ ਸਿੰਘ ਪ੍ਰਧਾਨ ਖੀਰਨੀਆਂ ਨੇ ਕਿਹਾ ਕਿ ਲਖੀਮਪੁਰ ਖੀਰੀ ਵਿਖੇ ਸ਼ਹੀਦ ਹੋਏ ਕਿਸਾਨਾਂ ਨੂੰ ਇਨਸਾਫ਼ ਦਿਵਾਉਣ ਅਤੇ ਦੋਸ਼ੀਆਂ ਨੂੰ ਸਜ਼ਾ ਦਿਵਾਉਣ ਲਈ ਬੀ.ਕੇ.ਯੂ. (ਦੋਆਬਾ) ਦੇ ਕਾਰਕੁੰਨ ਵੱਡੀ ਗਿਣਤੀ ਵਿੱਚ ਇਕੱਠੇ ਹੋ ਕੇ 8 ਅਕਤੂਬਰ ਨੂੰ ਸਵੇਰੇ 11 ਵਜੇ ਐਸ. ਡੀ. ਐਮ. ਸਮਰਾਲਾ ਦੇ ਦਫ਼ਤਰ 'ਤੇ ਸਾਹਮਣੇ ਇਸ ਘਟਨਾ ਦੇ ਮੁੱਖ ਦੋਸ਼ੀ ਅਜੈ ਮਿਸ਼ਰਾ ਟੈਨੀ ਦਾ ਪੁਤਲਾ ਫੂਕਣਗੇ ਤੇ ਰੋਸ ਮੁਜਾਹਰਾ ਕਰਨਗੇ।

ਬਲਾਕ ਪ੍ਰਧਾਨ ਬਿੱਕਰ ਸਿੰਘ ਮਾਨ ਨੇ ਪੰਜਾਬ ਸਰਕਾਰ ਨੂੰ ਅਪੀਲ ਕੀਤੀ ਕਿ ਚੀਨੀ ਵਾਇਰਸ ਕਾਰਨ ਬਰਬਾਦ ਹੋ ਚੁੱਕੀ ਝੋਨੇ ਦੀ ਫ਼ਸਲ ਹਲਕਾ ਵਾਈਜ਼ ਗਿਰਦਾਵਰੀ ਕਰਾ ਕੇ ਮੁਆਵਜ਼ਾ ਰਾਸ਼ੀ ਘੋਸ਼ਿਤ ਕਰੇ। ਜੇਕਰ ਪੰਜਾਬ ਸਰਕਾਰ ਨੇ ਬਿਨਾਂ ਸਹੂਲਤਾਂ ਪ੍ਰਦਾਨ ਕਰਾਏ ਝੋਨੇ ਦੀ ਪਰਾਲੀ ਨੂੰ ਅੱਗ ਲਾਉਣ ਵਾਲੇ ਕਿਸਾਨਾਂ ਵਿਰੁੱਧ ਕੋਈ ਕੇਸ ਦਰਜ ਕੀਤਾ ਗਿਆ ਤਾਂ ਬੀ.ਕੇ.ਯੂ. (ਦੋਆਬਾ) ਇਸ ਦਾ ਡਟ ਦਾ ਵਿਰੋਧ ਕਰੇਗੀ। ਮੀਟਿੰਗ ਦੌਰਾਨ ਹੀ ਲੁਧਿਆਣਾ ਦੇ ਜ਼ਿਲ੍ਹਾ ਮੀਤ ਪ੍ਰਧਾਨ ਕੁਲਦੀਪ ਸਿੰਘ ਦੇ ਬਿਮਾਰ ਰਹਿਣ ਕਾਰਨ ਉਨ੍ਹਾਂ ਦੀ ਥਾਂ 'ਤੇ ਗੁਰਪ੍ਰੀਤ ਸਿੰਘ ਮੱਲਮਾਜਰਾ ਨੂੰ ਜ਼ਿਲ੍ਹਾ ਮੀਤ ਪ੍ਰਧਾਨ ਲਾਇਆ ਗਿਆ ਤੇ ਜਸਵੀਰ ਸਿੰਘ ਪਵਾਤ ਨੂੰ ਬਲਾਕ ਸਮਰਾਲਾ ਦਾ ਮੀਤ ਪ੍ਰਧਾਨ ਨਿਯੁਕਤ ਕੀਤਾ ਗਿਆ। ਮੀਟਿੰਗ ਵਿੱਚ ਉਪਰੋਕਤ ਤੋਂ ਇਲਾਵਾ ਜਰਨੈਲ ਸਿੰਘ ਕਟਾਣਾ ਸਾਹਿਬ ਜ਼ਿਲ੍ਹਾ ਜਨ: ਸਕੱਤਰ, ਸਿਮਰਨਜੀਤ ਸਿੰਘ ਮੀਤ ਪ੍ਰਧਾਨ ਮਾਛੀਵਾੜਾ, ਬਲਜੀਤ ਸਿੰਘ ਪ੍ਰਧਾਨ ਬਲਾਕ ਸਮਰਾਲਾ, ਜਸਵੀਰ ਸਿੰਘ ਮੀਤ ਪ੍ਰਧਾਨ ਸਮਰਾਲਾ, ਹਰਜੀਤ ਸਿੰਘ ਕਟਾਣਾ ਸਾਹਿਬ, ਨਵੀ ਮਾਂਗਟ ਕਟਾਣਾ ਸਾਹਿਬ, ਰਾਜਿੰਦਰ ਸਿੰਘ ਮੱਲ ਮਾਜਰਾ, ਦਲਵੀਰ ਸਿੰਘ ਬਰਵਾਲੀ ਕਲਾਂ, ਸੁਖਦੇਵ ਸਿੰਘ ਕਟਾਣਾ ਸਾਹਿਬ, ਕਰਮਜੀਤ ਸਿੰਘ ਕੋਟਾਲਾ, ਹਰਮਿੰਦਰ ਸਿੰਘ ਮੁਸ਼ਕਾਬਾਦ, ਸੁਖਵਿੰਦਰ ਸਿੰਘ ਟੋਡਰਪੁਰ, ਕੁਲਦੀਪ ਸਿੰਘ, ਹਰਪ੍ਰੀਤ ਸਿੰਘ ਮੱਲ ਮਾਜਰਾ, ਜਸਵੀਰ ਸਿੰਘ ਸਾਹਬਾਣਾ, ਗੁਰਪ੍ਰੀਤ ਸਿੰਘ ਮੱਲ ਮਾਜਰਾ, ਜਸਪਾਲ ਸਿੰਘ ਕਕਰਾਲਾ ਕਲਾਂ, ਚਰਨ ਸਿੰਘ ਸਮਰਾਲਾ, ਗੁਰਪ੍ਰੀਤ ਸਿੰਘ ਰਾਜੇਵਾਲ, ਹੁਸ਼ਿਆਰ ਸਿੰਘ ਬੰਬ, ਨਿਰਮਲ ਸਿੰਘ ਬੰਬ, ਬਹਾਦਰ ਸਿੰਘ ਮੰਜਾਲੀ ਖੁਰਦ, ਅਮਨਦੀਪ ਸਿੰਘ ਮੰਜਾਲੀ ਖੁਰਦ, ਸੰਨੀ ਮੰਜਾਲੀ ਕਲਾਂ, ਕਰਮਜੀਤ ਸਿੰਘ ਮੁਸ਼ਕਾਬਾਦ ਤੇ ਨਵਜੋਤ ਸਿੰਘ ਆਦਿ ਆਦਿ ਹਾਜ਼ਰ ਸਨ।

# ਸੰਧਵਾਂ ਨੇ ਦਾਣਾ ਮੰਡੀ 'ਚ ਪੁੱਜ ਕੇ ਖਰੀਦ ਪ੍ਰਬੰਧਾਂ ਦਾ ਲਿਆ ਜਾਇਜ਼ਾ

**ਕੋਟਕਪੂਰਾ, (ਰਛਪਾਲ ਭੁੱਲਰ)** ਝੋਨੇ ਦੇ ਖਰੀਦ ਪ੍ਰਬੰਧਾਂ ਦਾ ਜਾਇਜ਼ਾ ਲੈਣ ਲਈ ਸਥਾਨਕ ਨਵੀਂ ਦਾਣਾ ਮੰਡੀ ਵਿੱਚ ਅਚਾਨਕ ਪੁੱਜੇ ਕੁਲਤਾਰ ਸਿੰਘ ਸੰਧਵਾਂ ਸਪੀਕਰ ਪੰਜਾਬ ਵਿਧਾਨ ਸਭਾ ਨੇ ਖਰੀਦ ਏਜੰਸੀਆਂ ਦੇ ਅਧਿਕਾਰੀਆਂ ਸਮੇਤ ਕਿਸਾਨਾਂ ਤੇ ਮਜ਼ਦੂਰਾਂ ਨਾਲ ਗੱਲਬਾਤ ਕੀਤੀ ਤੇ ਉਨ੍ਹਾਂ ਦੀਆਂ ਮੁਸ਼ਕਲਾਂ ਵੀ ਸੁਣੀਆਂ।

ਸਪੀਕਰ ਸੰਧਵਾਂ ਨੇ ਮਾਰਕਿਟ ਕਮੇਟੀ ਦੇ ਸੈਕਟਰੀ ਸਮੇਤ ਸਮੂਹ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਇਸ ਮੰਡੀ ਵਿੱਚ ਪੰਜਾਬ ਤੋਂ ਬਾਹਰੋਂ ਕਿਸੇ ਵੀ ਰਾਜ ਤੋਂ ਆਇਆ ਝੋਨਾ ਨਹੀਂ ਵਿਕਣ ਦੇਣਾ, ਨਹੀਂ ਤਾਂ ਸਖਤ ਕਾਰਵਾਈ ਕੀਤੀ ਜਾਵੇਗੀ।

ਉਨ੍ਹਾਂ ਮੰਡੀ ਵਿੱਚ ਆਏ ਝੋਨੇ ਦੀ ਸੁਚੱਜੇ ਢੰਗ ਨਾਲ ਖਰੀਦ, ਤੋਲ ਅਤੇ ਸੁਚਾਰੂ ਤਰੀਕੇ ਨਾਲ ਲਿਫਟਿੰਗ ਕਰਾਉਣ ਦੀ ਹਦਾਇਤ ਕਰਦਿਆਂ ਆਖਿਆ ਕਿ ਕਿਸੇ ਵੀ ਕਿਸਾਨ ਨੂੰ ਅਦਾਇਗੀ ਦੀ ਦਿੱਕਤ ਨਾ ਆਉਣ ਦਿੱਤੀ ਜਾਵੇ।

ਸਪੀਕਰ ਸੰਧਵਾਂ ਨੇ ਮੰਡੀ ਵਿੱਚ ਕਿਸਾਨਾਂ ਤੇ ਮਜ਼ਦੂਰਾਂ ਲਈ ਛਾਂ ਦੇ ਪ੍ਰਬੰਧਾਂ ਸਮੇਤ ਬਿਜਲੀ, ਪਾਣੀ ਤੇ ਜੇਕਰ ਅਣਕਿਆਸੀ ਬਾਰਿਸ਼ ਹੋ ਜਾਂਦੀ ਹੈ ਤਾਂ ਫ਼ਸਲ ਨੂੰ ਮੀਂਹ ਤੋਂ ਬਚਾਉਣ ਵਾਲੇ ਪ੍ਰਬੰਧ ਕਰਨ ਦੀ ਵੀ ਹਦਾਇਤ ਕੀਤੀ। ਸਕੱਤਰ ਯੁਗਵੀਰ ਕੁਮਾਰ ਸਮੇਤ ਮਾਰਕਿਟ ਕਮੇਟੀ ਦੇ ਅਧਿਕਾਰੀਆਂ ਗੁਰਪ੍ਰੀਤ ਸਿੰਘ ਗਿੱਲ ਤੇ ਸਿਮਰਜੀਤ ਸਿੰਘ ਮੱਕੜ ਨੇ ਵਿਸ਼ਵਾਸ ਦਿਵਾਇਆ ਕਿ ਮੰਡੀ ਵਿੱਚ ਕਿਸਾਨਾਂ, ਮਜ਼ਦੂਰਾਂ, ਆੜ੍ਹਤੀਆਂ ਆਦਿ ਨੂੰ ਕਿਸੇ ਪ੍ਰਕਾਰ ਦੀ ਦਿੱਕਤ ਨਹੀਂ ਆਉਣ ਦਿੱਤੀ ਜਾਵੇਗੀ।

# ਸਰਕਾਰੀ ਸੀਨੀ. ਸੈਕੰ. ਸਕੂਲ ਲਈ ਸਪੀਕਰ ਸੰਧਵਾਂ ਵੱਲੋਂ 10 ਲੱਖ ਦਾ ਚੈੱਕ ਭੇਟ



**ਕੋਟਕਪੂਰਾ, (ਰਛਪਾਲ ਭੁੱਲਰ)** ਡਾ. ਚੰਦਾ ਸਿੰਘ ਮਰਵਾਹਾ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਵਿਖੇ 10 ਲੱਖ ਰੁਪਏ ਦੀ ਗ੍ਰਾਂਟ ਦਾ ਚੈੱਕ ਸੌਂਪਣ ਮੌਕੇ ਕੁਲਤਾਰ ਸਿੰਘ ਸੰਧਵਾਂ ਸਪੀਕਰ ਪੰਜਾਬ ਵਿਧਾਨ ਸਭਾ ਨੇ ਹੈਰਾਨੀ ਪ੍ਰਗਟ ਕੀਤੀ ਕਿ ਸਕੂਲ ਦੇ ਪ੍ਰਿੰਸੀਪਲ ਸਮੇਤ ਸਮੂਹ ਸਟਾਫ਼ ਨੇ ਗ੍ਰਾਂਟ ਮਿਲਣ ਤੋਂ ਪਹਿਲਾਂ ਹੀ ਵਿਕਾਸ ਕਾਰਜ ਸ਼ੁਰੂ ਕਰ ਦਿੱਤੇ। ਜਦੋਂ ਇੱਕ ਵਿਦਿਆਰਥਣ ਅਵਨੀਤ ਕੌਰ ਨੇ ਸਪੀਕਰ ਸੰਧਵਾਂ ਦਾ ਵਿਦਿਆਰਥਣਾਂ ਨੂੰ ਵਿਧਾਨ ਸਭਾ ਦਿਖਾਉਣ ਤੇ ਸਪੀਕਰ ਸੰਧਵਾਂ ਦੀ ਸੁਪਤਨੀ ਗੁਰਪ੍ਰੀਤ ਕੌਰ ਵੱਲੋਂ ਵਿਦਿਆਰਥਣਾਂ ਤੇ ਸਮੁੱਚੇ ਸਟਾਫ਼ ਨਾਲ ਆਪਣੇ ਗ੍ਰਹਿ ਵਿਖੇ ਖਾਣਾ ਖਾਣ ਬਦਲੇ ਧੰਨਵਾਦ ਕੀਤਾ ਤਾਂ ਆਪਣੇ ਸੰਬੋਧਨ ਦੌਰਾਨ ਸੰਧਵਾਂ ਨੇ ਸਕੂਲ ਦੀਆਂ ਹਜ਼ਾਰਾਂ ਵਿਦਿਆਰਥਣਾ ਨੂੰ ਆਪਣੇ ਮਾਪਿਆਂ ਦਾ ਧੰਨਵਾਦ ਕਰਨ ਦਾ ਸੁਨੇਹਾ ਦਿੰਦਿਆਂ ਆਖਿਆ ਕਿ ਉਕਤ ਵਿਦਿਆਰਥਣਾਂ ਦੇ ਮਾਤਾ-ਪਿਤਾ ਅਰਥਾਤ ਮਾਪਿਆਂ ਦੀ ਬਦੌਲਤ ਹੀ ਉਹ ਵਿਧਾਨ ਸਭਾ ਵਿੱਚ ਪੁੱਜਾ ਅਤੇ ਸਪੀਕਰ ਦੇ ਅਹੁਦੇ 'ਤੇ ਪਹੁੰਚਿਆ।

ਸੰਧਵਾਂ ਨੇ ਕਿਹਾ ਕਿ ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਦੀ ਅਗਵਾਈ ਵਾਲੀ 'ਆਪ' ਸਰਕਾਰ ਨੇ ਸਿੱਖਿਆ ਪ੍ਰਬੰਧਾਂ ਵਿੱਚ ਸੁਧਾਰ ਲਿਆਉਣ ਅਤੇ ਵਿਦਿਅਕ ਅਦਾਰਿਆਂ ਦੇ ਵਿਕਾਸ ਵੱਲ ਸਾਰਾ ਧਿਆਨ ਕੇਂਦਰਤ ਕੀਤਾ ਹੋਇਆ ਹੈ। ਸੀਨੀਅਰ ਪੱਤਰਕਾਰ ਗੁਰਿੰਦਰ ਸਿੰਘ ਮਹਿੰਦੀਰੱਤਾ ਨੇ ਦੱਸਿਆ ਕਿ ਗੁੱਡ ਮੌਰਨਿੰਗ ਕਲੱਬ ਦੇ ਚੇਅਰਮੈਨ ਪੱਪੂ ਲਹੌਰੀਆ ਵੱਲੋਂ ਸਾਰਿਆਂ ਦੇ ਮਨੋਰੰਜਨ ਲਈ ਦਿਲਚਸਪ ਵੰਨਗੀਆਂ ਪੇਸ਼ ਕਰਨ ਵਾਲੀਆਂ ਵਿਦਿਆਰਥਣਾਂ ਮਮਤਾ ਸ਼ਰਮਾ, ਹਰਨੂਰ ਕੌਰ, ਹਰਲੀਨ ਸ਼ਰਮਾ, ਅਵਨੀਤ ਕੌਰ ਦਾ 500-500 ਰੁਪਏ ਨਕਦ ਇਨਾਮ ਦੇ ਕੇ ਸਨਮਾਨ ਕੀਤਾ ਗਿਆ। ਸਕੂਲ ਪ੍ਰਿੰਸੀਪਲ ਪ੍ਰਭਜੋਤ ਸਿੰਘ ਨੇ ਸਪੀਕਰ ਸੰਧਵਾਂ ਅਤੇ ਉਨ੍ਹਾਂ ਦੀ ਸਮੁੱਚੀ ਟੀਮ ਸਮੇਤ ਸਾਰਿਆਂ ਦਾ ਧੰਨਵਾਦ ਕਰਦਿਆਂ ਦੱਸਿਆ ਕਿ ਸਮਾਜ ਸੇਵਾ ਦੇ ਕਾਰਜਾਂ ਵਿੱਚ ਯਤਨਸ਼ੀਲ ਰਹਿਣ ਵਾਲੀਆਂ ਦੋ ਸ਼ਖ਼ਸੀਅਤਾਂ ਹਰਪ੍ਰੀਤ ਸਿੰਘ ਖਾਲਸਾ ਸੰਚਾਲਕ ਗੁਰੂ ਨਾਨਕ ਮੋਦੀਖਾਨਾ ਅਤੇ ਪੱਪੂ ਲਹੌਰੀਆ ਚੇਅਰਮੈਨ ਦਾ ਵਿਸ਼ੇਸ਼ ਸਨਮਾਨ ਕਰਕੇ ਅਸੀਂ ਖੁਦ ਨੂੰ ਸਨਮਾਨਤ ਹੋਇਆ ਮਹਿਸੂਸ ਕਰ ਰਹੇ ਹਾਂ।

ਇਸ ਮੌਕੇ ਮਨਪ੍ਰੀਤ ਸਿੰਘ ਮਨੀ ਧਾਲੀਵਾਲ, ਸੁਖਵੰਤ ਸਿੰਘ ਸਰਾਂ ਸਮੇਤ ਹੋਰ ਵੀ ਅਨੇਕਾਂ ਪਾਰਟੀ ਆਗੂ, ਵਰਕਰ ਤੇ ਪਤਵੰਤੇ ਹਾਜ਼ਰ ਸਨ।

# ਪੰਜਾਬ ਪੁਲਸ ਤੋਂ ਸਿੱਧੂ ਮੂਸੇਵਾਲਾ ਕਤਲ ਕਾਂਡ ਦੀ ਨਿਰਪੱਖ ਜਾਂਚ ਦੀ ਆਸ ਨਹੀਂ : ਮਾਨ

**☛ ਕਤਲ ਕਾਂਡ ਦੀ ਜਾਂਚ ਸੀ ਬੀ ਆਈ ਜਾਂ ਐੱਨ ਆਈ ਏ ਤੋਂ ਕਰਵਾਈ ਜਾਵੇ ☛ ਗੈਂਗਸਟਰਾਂ ਨੂੰ ਆਪਣਾ ਰਾਹ ਛੱਡ ਕੇ ਮੁੱਖ ਧਾਰਾ 'ਚ ਸ਼ਾਮਲ ਹੋਣ ਦੀ ਅਪੀਲ**



**ਧੂਰੀ (ਰਾਜੇਸ਼ਵਰ ਪਿੰਟੂ)**-ਸਿੱਧੂ ਮੂਸੇਵਾਲਾ ਦੇ ਕਤਲ ਦੀ ਸਾਜਿਜ਼ਸ਼ ਨੂੰ ਬੇਨਕਾਬ ਕਰਨ ਲਈ ਸਰਕਾਰ ਨੂੰ ਚਾਹੀਦਾ ਹੈ ਕਿ ਕਤਲ ਦੀ ਜਾਂਚ ਸੀ ਬੀ ਆਈ ਜਾਂ ਕੌਮੀ ਜਾਂਚ ਏਜੰਸੀ ਤੋਂ ਕਰਵਾਈ ਜਾਵੇ। ਉਪਰੋਕਤ ਸ਼ਬਦ ਇਥੇ ਸ਼੍ਰੋਮਣੀ ਅਕਾਲੀ ਦਲ (ਅਮ੍ਰਿਤਸਰ) ਦੇ ਪ੍ਰਧਾਨ ਤੇ ਮੈਂਬਰ ਲੋਕ ਸਭਾ ਸੰਗਰੂਰ ਸਿਮਰਨਜੀਤ ਸਿੰਘ ਮਾਨ ਨੇ ਪਾਰਟੀ ਨੂੰ ਪਿੰਡ ਤੇ ਵਾਰਡ ਪੱਧਰ ਤੱਕ ਜਥੇਬੰਦ ਕਰਨ ਲਈ ਵਰਕਰਾਂ ਦੀ ਰੱਖੀ ਮੀਟਿੰਗ ਨੂੰ ਸੰਬੋਧਨ ਕਰਨ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਆਖੇ। ਉਨ੍ਹਾਂ ਮੂਸੇਵਾਲਾ ਦੇ ਕਤਲ ਦੀ ਜਾਂਚ ਕਰ ਰਹੀ ਪੰਜਾਬ ਪੁਲਸ ਬਾਰੇ ਕਿਹਾ ਕਿ ਰਾਜ ਸਰਕਾਰ ਅਧੀਨ ਕੰਮ ਕਰਦੀ ਪੰਜਾਬ ਪੁਲਸ ਤੋਂ ਨਿਰਪੱਖ ਜਾਂਚ ਦੀ ਆਸ ਨਹੀਂ ਕੀਤੀ ਜਾ ਸਕਦੀ। ਸ੍ਰ: ਮਾਨ ਨੇ ਕਿਹਾ ਕਿ ਰੂਸ ਤੇ ਯੂਕਰੇਨ ਦੀ ਚੱਲ ਰਹੀ ਜੰਗ ਕਰਕੇ ਅੰਨ ਦੀ ਘਾਟ ਨਾਲ ਜੂਝ ਰਹੇ ਪਾਕਿਸਤਾਨ ਨੂੰ ਕਣਕ ਦੀ ਲੋੜ ਹੈ ਤੇ ਕੇਂਦਰ ਸਰਕਾਰ ਨੂੰ ਚਾਹੀਦਾ ਹੈ ਕਿ ਪੰਜਾਬ ਦਾ ਬਾਘਾ ਬਾਰਡਰ ਖੋਲ੍ਹ ਕੇ ਪਾਕਿਸਤਾਨ ਨੂੰ ਕਣਕ ਭੇਜੀ ਜਾਵੇ। ਉਨ੍ਹਾ ਪੰਜਾਬ 'ਚ ਕਿਸਾਨਾਂ ਨੂੰ ਹੋਰ ਫਸਲਾਂ ਦੀ ਪੈਦਾਵਾਰ ਕਰਨ ਲਈ ਉਤਸ਼ਾਹਤ ਕਰਨ ਵਾਸਤੇ ਕੇਂਦਰ ਸਰਕਾਰ ਤੋਂ ਬਾਜਰੇ ਦੀ ਫਸਲ 'ਤੇ ਐੱਮ ਐੱਸ ਪੀ ਦੇਣ ਦੀ ਮੰਗ ਕੀਤੀ। ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਦੇਸ਼ ਦੀ ਸਰਬ ਉੱਚ ਅਦਾਲਤ ਵੱਲੋਂ ਦਿੱਤੀ ਗਈ ਮਾਨਤਾ ਨੂੰ ਸ੍ਰ: ਮਾਨ ਨੇ ਸਿੱਖਾਂ ਦੀ ਪਾਰਲੀਮੈਂਟ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਕਮਜ਼ੋਰ ਕਰਨ ਵਾਲੀ ਗੱਲ ਕਰਾਰ ਦਿੱਤਾ। ਉਨ੍ਹਾਂ ਗੈਂਗਸਟਰਾਂ ਨੂੰ ਆਪਣਾ ਰਾਹ ਛੱਡ ਕੇ ਮੁੱਖ ਧਾਰਾ 'ਚ ਸ਼ਾਮਲ ਹੋ ਕੇ ਸ਼੍ਰੋਮਣੀ ਅਕਾਲੀ ਦਲ 'ਚ ਕੰਮ ਕਰਨ ਦੀ ਅਪੀਲ ਕੀਤੀ।

ਇਸ ਤੋਂ ਪਹਿਲਾਂ ਸਿਮਰਨਜੀਤ ਸਿੰਘ ਮਾਨ ਨੇ ਵਰਕਰ ਮੀਟਿੰਗ ਨੂੰ ਸੰਬੋਧਨ ਕਰਦਿਆਂ ਪਾਰਟੀ ਨੂੰ ਹੇਠਲੇ ਪੱਧਰ ਤੱਕ ਮਜ਼ਬੂਤ ਕਰਨ ਲਈ ਜਥੇਬੰਦ ਹੋਣ ਦੀ ਲੋੜ 'ਤੇ ਜ਼ੋਰ ਦਿੰਦਿਆਂ ਕਿਹਾ ਕਿ ਭਵਿੱਖ ਦੀ ਸਫਲਤਾ ਲਈ ਸਾਨੂੰ ਪੱਛੜੇ ਤੇ ਗਰੀਬ ਵਰਗ ਦੀਆਂ ਮੁਸ਼ਕਲਾਂ ਵੱਲ ਧਿਆਨ ਦੇਣ ਤੇ ਉਨ੍ਹਾਂ ਦਾ ਜੀਵਨ ਪੱਧਰ ਉੱਚਾ ਚੁੱਕਣ ਲਈ ਗੰਭੀਰਤਾ ਨਾਲ ਕੰਮ ਕਰਨ ਦੀ ਵੀ ਲੋੜ ਹੈ। ਪਾਰਟੀ ਦੇ ਕੌਮੀ ਜਥੇਬੰਦਕ ਸਕੱਤਰ ਭਾਈ ਗੋਬਿੰਦ ਸਿੰਘ ਸੰਧੂ ਨੇ ਕਿਹਾ ਕਿ ਹਲਕੇ ਦੇ ਲੋਕਾਂ ਨੇ ਸ੍ਰ: ਮਾਨ ਨੂੰ ਜਿਤਾ ਕੇ ਪਾਰਟੀ 'ਤੇ ਵੱਡੀ ਜ਼ਿੰਮੇਵਾਰੀ ਪਾਈ ਹੈ, ਇਸ ਲਈ ਸਾਡਾ ਵੀ ਫਰਜ਼ ਬਣਦਾ ਹੈ ਕਿ ਅਸੀਂ ਵੀ ਹਲਕੇ ਦੇ ਲੋਕਾਂ ਵਾਸਤੇ ਕੁੱਝ ਕਰੀਏ। ਮੀਟਿੰਗ ਦੌਰਾਨ ਜਿੱਥੇ ਸ੍ਰ: ਮਾਨ ਨੇ ਪਾਰਟੀ ਲਈ ਸਰਗਰਮ ਭੂਮਿਕਾ ਨਿਭਾਉਣ ਵਾਲੇ ਆਗੂਆਂ ਦਾ ਸਨਮਾਨ ਕੀਤਾ, ਉਥੇ ਪ੍ਰਬੰਧਕਾਂ ਵੱਲੋਂ ਸ੍ਰ: ਮਾਨ ਨੂੰ ਸਨਮਾਨਤ ਕੀਤਾ ਗਿਆ। ਇਸ ਮੌਕੇ ਹੋਰਨਾਂ 'ਚ ਸੀਨੀਅਰ ਆਗੂ ਹਰਬੰਸ ਸਿੰਘ ਸਲੇਮਪੁਰ, ਜਥੇਦਾਰ ਅਮਰਜੀਤ ਸਿੰਘ ਬਾਦਸ਼ਾਹਪੁਰ, ਗੁਰਜੰਟ ਸਿੰਘ ਕੱਟੂ, ਨਰਿੰਦਰ ਸਿੰਘ ਕਾਲਾਬੂਲਾ, ਸਾਧੂ ਸਿੰਘ ਪੇਧਨੀ, ਮੱਖਣ ਸਿੰਘ ਸਮਾਓਂ, ਰਣਜੀਤ ਸਿੰਘ ਅਕਾਲੀ ਸਾਰੋਂ, ਬਲਵਿੰਦਰ ਸਿੰਘ ਚਾਂਗਲੀ, ਜਸਵੀਰ ਸਿੰਘ ਧੰਦੀਵਾਲ ਆਦਿ ਮੌਜੂਦ ਸਨ।

# ਪੰਜਾਬੀ ਸਾਹਿਤ ਦੀ ਮਹਿਕ ਹੋਰ ਭਾਰਤੀ ਭਾਸ਼ਾਵਾਂ 'ਚ ਫੈਲਾਉਣਾ ਸੁਆਗਤਯੋਗ ਕਦਮ : ਸਤਿਗੁਰੂ ਉਦੈ ਸਿੰਘ

**ਗੁਰਭਜਨ ਗਿੱਲ ਦੀ ਚੋਣਵੀ ਕਵਿਤਾ ਦਾ ਹਿੰਦੀ 'ਚ ਅਨੁਵਾਦਤ ਸੰਗ੍ਰਹਿ 'ਆਧਾਰ ਭੂਮੀ' ਲੋਕ ਅਰਪਣ**



**ਸਮਰਾਲਾ (ਸੁਰਜੀਤ ਸਿੰਘ)**-ਇਥੋਂ 15 ਕਿੱਲੋਮੀਟਰ ਦੂਰ ਸ੍ਰੀ ਭੈਣੀ ਸਾਹਿਬ ਵਿਖੇ ਨਾਮਧਾਰੀ ਪੰਥ ਦੇ ਮੁਖੀ ਸਤਿਗੁਰੂ ਉਦੈ ਸਿੰਘ ਨੇ ਪੰਜਾਬੀ ਕਵੀ ਗੁਰਭਜਨ ਗਿੱਲ ਦੀ ਹਿੰਦੀ ਵਿੱਚ ਅਨੁਵਾਦ ਕਾਵਿ-ਪੁਸਤਕ ਆਧਾਰ ਭੂਮੀ ਨੂੰ ਲੋਕ ਸਮਰਪਣ ਕਰਦਿਆਂ ਕਿਹਾ ਕਿ ਪੰਜਾਬੀ ਸਾਹਿਤ ਦੀ ਮਹਿਕ ਨੂੰ ਹੋਰ ਭਾਰਤੀ ਭਾਸ਼ਾਵਾਂ ਵਿੱਚ ਪਸਾਰਨਾ ਸੁਆਗਤ ਯੋਗ ਕਦਮ ਹੈ। ਉਨ੍ਹਾ ਕਿਹਾ ਕਿ ਸਾਡੀ ਮਾਂ ਬੋਲੀ ਪੰਜਾਬੀ ਦੀ ਮਰਯਾਦਾ, ਸੱਭਿਆਚਾਰ ਤੇ ਵਿਰਾਸਤੀ ਲੋਕ ਧਾਰਾ ਬਲਵਾਨ ਹੈ, ਜਿਸ ਨੂੰ ਪੰਜਾਬ ਤੋਂ ਬਾਹਰਲੇ ਲੋਕ ਪਰਵਾਨ ਕਰਦੇ ਹਨ, ਪਰ ਇਸ ਨੂੰ ਹੋਰ ਵਧੇਰੇ ਸ਼ਕਤੀ ਨਾਲ ਹੋਰ ਜ਼ਬਾਨਾਂ ਵਿੱਚ ਅਨੁਵਾਦ ਰਾਹੀਂ ਪਹੁੰਚਾਉਣ ਦੀ ਲੋੜ ਹੈ। ਹਿੰਦੀ ਭਾਸ਼ਾ 'ਚ ਛਪੀ ਪੁਸਤਕ ਅੱਗੇ ਹੋਰ ਜ਼ਬਾਨਾਂ 'ਚ ਵਧੇਰੇ ਅਨੁਵਾਦ ਹੋ ਜਾਂਦੀ ਹੈ। ਉਨ੍ਹਾਂ ਵਿਜੈ ਦਸਮੀ ਮੌਕੇ ਇਸ ਕਾਵਿ-ਪੁਸਤਕ ਨੂੰ ਲੋਕ ਸਮਰਪਣ ਕਰਨਾ ਸ਼ੁਭ ਸ਼ਗਨ ਕਿਹਾ।

ਗੁਰਭਜਨ ਗਿੱਲ ਨੇ ਧੰਨਵਾਦ ਕਰਦਿਆਂ ਕਿਹਾ ਕਿ ਭੈਣੀ ਸਾਹਿਬ ਵਿਖੇ ਵਿਸ਼ਵ ਭਾਰਤੀ ਸੱਭਿਆਚਾਰ ਦੀ ਗੰਗਾ ਵਹਿੰਦੀ ਹੈ, ਜਿਸ ਵਿੱਚ ਹਿੰਦੀ, ਉਰਦੂ, ਪੰਜਾਬੀ ਤੇ ਹੋਰ ਭਾਰਤੀ ਭਾਸ਼ਾਵਾਂ ਦੇ ਲੇਖਕਾਂ ਤੇ ਬੁੱਧੀਜੀਵੀਆਂ ਨੂੰ ਬਰਾਬਰ ਦਾ ਮਾਣ ਮਿਲਦਾ ਪਿਛਲੇ ਪੰਜਤਾਲੀ ਸਾਲ ਤੋਂ ਮੈਂ ਵੇਖ ਰਿਹਾ ਹਾਂ। ਇਥੇ ਹੀ ਵਿਸ਼ਵ ਪ੍ਰਸਿੱਧ ਸ਼ਾਸਤਰੀ ਗਾਇਕ, ਸੰਗੀਤ ਵਾਦਕ ਤੇ ਮੁਹਾਰਤ ਪ੍ਰਾਪਤ ਨਰਤਕਾਂ ਨੂੰ ਆਪਣੀ ਕਲਾ ਕੌਸ਼ਲਤਾ ਦਾ ਪ੍ਰਗਟਾਵਾ ਕਰਦਿਆਂ ਵੇਖਿਆ ਹੈ। ਮੇਰੀ ਰੀਝ ਸੀ ਕਿ ਮੈਂ ਵੀ ਇਸ ਪਵਿੱਤਰ ਭੂਮੀ ਵਿੱਚ ਆਪਣੇ ਸ਼ਬਦਾਂ ਦੀ ਅੰਜੁਲੀ ਭੇਟ ਕਰ ਸਕਾਂ। ਇਸ ਪੁਸਤਕ ਨੂੰ ਰਾਜੇਂਦਰ ਤਿਵਾੜੀ (ਯੂ ਪੀ) ਤੇ ਪਰਦੀਪ ਸਿੰਘ ਹਿਸਾਰ (ਹਰਿਆਣਾ ਨੇ ਅਨੁਵਾਦ ਕਰਕੇ ਹੰਸ ਪ੍ਰਕਾਸ਼ਨ ਦਿੱਲੀ ਤੋਂ ਛਪਵਾਇਆ ਹੈ। ਇਸ ਅਨੁਵਾਦਤ ਪੁਸਤਕ ਦਾ ਇਸ ਥਾਂ ਸਤਿਗੁਰੂ ਉਦੈ ਸਿੰਘ ਜੀ ਦੇ ਕਰ ਕਮਲਾਂ ਰਾਹੀਂ ਲੋਕ ਸਮਰਪਣ ਹੋਣਾ ਮੇਰੇ ਲਈ ਬੜਾ ਮਹੱਤਵਪੂਰਨ ਹੈ। ਇਸ ਮੌਕੇ ਹਲਕਾ ਸਾਹਨੇਵਾਲ ਦੇ ਵਿਧਾਇਕ ਹਰਦੀਪ ਸਿੰਘ ਮੁੰਡੀਆਂ, ਨੌਜਵਾਨ ਅਕਾਲੀ ਆਗੂ ਤੇ ਹਲਕਾ ਸਮਰਾਲਾ ਦੇ ਇੰਚਾਰਜ ਪਰਮਜੀਤ ਸਿੰਘ ਢਿੱਲੋਂ, ਸਤਿਜੁਗ ਮੈਗਜੀਨ ਦੇ ਸੰਪਾਦਕੀ ਮੰਡਲ ਮੈਂਬਰ ਗੁਰਲਾਲ ਸਿੰਘ, ਪਿੰਡ ਦਾਦ ਦੇ ਸਰਪੰਚ ਜਗਦੀਸ਼ਪਾਲ ਸਿੰਘ ਗਰੇਵਾਲ ਵੀ ਹਾਜ਼ਰ ਸਨ।

ਪੰਜਾਬੀ ਅਕਾਡਮੀ ਦਿੱਲੀ ਦੇ ਸਾਬਕਾ ਸਕੱਤਰ ਤੇ ਦਿੱਲੀ ਸਰਕਾਰ ਵਿੱਚ ਜਾਇੰਟ ਡਾਇਰੈਕਟਰ ਪਰਾਸੀਕਿਊਸਨ ਗੁਰਭੇਜ ਸਿੰਘ ਗੋਰਾਇਆ ਨੇ ਸਭ ਦਾ ਧੰਨਵਾਦ ਕਰਦਿਆਂ ਕਿਹਾ ਕਿ ਗੁਰਭਜਨ ਗਿੱਲ ਦੀਆਂ ਤਿੰਨ ਕਿਤਾਬਾਂ ਖੈਰ ਪੰਜਾਂ ਪਾਣੀਆਂ ਦੀ, ਰਾਵੀ ਤੇ ਸੁਰਤਾਲ ਪਾਕਿਸਤਾਨ ਵਿੱਚ ਵੀ ਸਾਹਮੁਖੀ ਲਿਪੀ ਅੰਦਰ ਛਪ ਚੁੱਕੀਆਂ ਹਨ ਤੇ ਇਨ੍ਹਾਂ 'ਚੋਂ ਸੁਰਤਾਲ ਨੂੰ ਤਾਂ ਅਸੀਂ ਇਸੇ ਸਾਲ ਹੀ ਮਾਰਚ ਮਹੀਨੇ ਲਾਹੌਰ ਦੇ ਪਾਕਿ ਹੈਰੀਟੇਜ ਹੋਟਲ ਵਿੱਚ ਵਿਸ਼ਵ ਪੰਜਾਬੀ ਅਮਨ ਕਾਨਫਰੰਸ ਮੌਕੇ ਫਖਰ ਜਮਾਂ, ਡਾ. ਦੀਪਕ ਮਨਮੋਹਨ ਸਿੰਘ, ਦਰਸ਼ਨ ਬੁੱਟਰ, ਦਲਜੀਤ ਸਾਹੀ ਤੇ ਹੋਰ ਲੇਖਕਾਂ ਸਮੇਤ ਲੋਕ ਹਵਾਲੇ ਕਰਕੇ ਆਏ ਹਾਂ।

## ਕਾਤਰਾਂ

### ਗਊਸ਼ਾਲਾ ਦੇ ਮੈਂਬਰਾਂ ਵੱਲੋਂ ਨਗਰ ਕੌਂਸਲ ਪ੍ਰਧਾਨ ਤੇ ਮੈਂਬਰਾਂ ਦਾ ਸਨਮਾਨ

**ਜਗਰਾਓਂ (ਅਮਿਤ ਖੰਨਾ, ਸੰਜੀਵ ਅਰੋੜਾ)**-ਗਊਸ਼ਾਲਾ ਨੂੰ ਗਊਸੈੱਸ ਦਿੱਤੇ ਜਾਣ 'ਤੇ ਸ੍ਰੀ ਕ੍ਰਿਸ਼ਨਾ ਗਊਸ਼ਾਲਾ ਦੇ ਪ੍ਰਧਾਨ ਤੇ ਮੈਂਬਰਾਂ ਵੱਲੋਂ ਨਗਰ ਕੌਂਸਲ ਦੇ ਪ੍ਰਧਾਨ ਜਤਿੰਦਰਪਾਲ ਰਾਣਾ ਤੇ ਮੈਂਬਰਾਂ ਦਾ ਸਨਮਾਨ ਕੀਤਾ ਗਿਆ। ਕ੍ਰਿਸ਼ਨਾ ਗਊਸ਼ਾਲਾ ਦੇ ਪ੍ਰਧਾਨ ਰਾਜੇਸ਼ ਭੰਡਾਰੀ (ਬੌਬੀ) ਨੇ ਦੱਸਿਆ ਗਊਸ਼ਾਲਾ 'ਚ ਦੁੱਧ ਵਾਲੀਆਂ ਗਊਆਂ ਤੋਂ ਸਿਵਾ ਕੋਈ ਹੋਰ ਕਮਾਈ ਦਾ ਸਾਧਨ ਨਾ ਹੋਣ ਕਾਰਨ ਸ੍ਰੀ ਕ੍ਰਿਸ਼ਨਾ ਗਊਸ਼ਾਲਾ ਦੇ ਮੈਂਬਰਾਂ ਵੱਲੋਂ ਸਰਦੀਆਂ ਦੇ ਮੌਸਮ ਵਿੱਚ ਲਗਾਤਾਰ ਚਾਰ ਮਹੀਨੇ ਪ੍ਰਭਾਤ ਫੇਰੀ ਕੱਢੀ ਜਾਂਦੀ ਹੈ, ਜਿਸ 'ਚ ਦਿੱਤੇ ਗਏ ਗਊ ਭਗਤਾਂ ਦੇ ਦਾਨ ਨਾਲ ਗਊਸ਼ਾਲਾ ਚਲਾਈ ਜਾਂਦੀ ਹੈ। ਇਸ ਮੌਕੇ ਸ੍ਰੀ ਕ੍ਰਿਸ਼ਨਾ ਗਊਸ਼ਾਲਾ ਦੇ ਪ੍ਰਧਾਨ ਰਾਜੇਸ਼ ਭੰਡਾਰੀ ਤੇ ਸਾਰੇ ਮੈਂਬਰਾਂ ਨੇ ਨਗਰ ਕੌਂਸਲ ਦੇ ਪ੍ਰਧਾਨ ਜਤਿੰਦਰ ਪਾਲ ਰਾਣਾ ਤੇ ਸਾਰੇ ਮੈਂਬਰਾਂ ਦਾ ਸਨਮਾਨ ਕੀਤਾ। ਇਸ ਮੌਕੇ ਕੌਂਸਲਰ ਰਾਜੂ ਕਾਮਰੇਡ, ਮੇਸ਼ੀ ਸਹੋਤਾ, ਕੌਂਸਲਰ ਲੋਹਟ, ਜੀ. ਬੌਬੀ ਕਪੂਰ, ਹਿਮਾਂਸ਼ੂ ਮਲਿਕ, ਹਰਦੀਪ ਜੱਸੀ, ਡਾਕਟਰ ਇਕਬਾਲ ਸਿੰਘ, ਗੋਪਾਲ ਸ਼ਰਮਾ, ਸਾਬਕਾ ਬਲਾਕ ਪ੍ਰਧਾਨ, ਸ੍ਰੀ ਕ੍ਰਿਸ਼ਨਾ ਗਊਸ਼ਾਲਾ ਦੇ ਮੈਂਬਰ ਪ੍ਰਧਾਨ ਰਾਜੇਸ਼ ਭੰਡਾਰੀ, ਸੋਮਨਾਥ ਯੋਧਾ, ਧੀਰਜ ਭੰਡਾਰੀ, ਸੋਨੂ ਮਲਹੋਤਰਾ, ਮਦਨ ਮੋਹਨ ਬੇਬੀ, ਪ੍ਰਸ਼ੋਤਮ ਅਗਰਵਾਲ, ਵਿਜੇ ਗਰਗ, ਤੀਰਥ ਸਿੰਗਲਾ ਆਦਿ ਹਾਜ਼ਰ ਸਨ।

### ਸ੍ਰੀ ਰਾਮ ਕਾਲਜ ਡੱਲ੍ਹਾ ਦਾ ਨਤੀਜਾ ਸ਼ਾਨਦਾਰ ਰਿਹਾ

**ਹਠੂਰ, (ਨਛੱਤਰ ਸੰਧੂ)**-ਸ੍ਰੀ ਰਾਮ ਕਾਲਜ ਡੱਲ੍ਹਾ ਨੇ ਆਪਣੀਆਂ ਮਾਣਮੱਤੀਆਂ ਪ੍ਰਾਪਤੀਆਂ 'ਚ ਇੱਕ ਹੋਰ ਰਿਕਾਰਡ ਦਰਜ ਕਰਦਿਆਂ ਐੱਮ ਏ ਪੰਜਾਬ ਭਾਗ ਦੂਜਾ ਸਮੈਸਟਰ ਚੌਥਾ ਦਾ ਸ਼ਾਨਦਾਰ ਨਤੀਜਾ ਪ੍ਰਾਪਤ ਕੀਤਾ ਹੈ। ਇਸ ਵਾਰ ਜਸਵਿੰਦਰ ਕੌਰ ਨੇ 75 ਫੀਸਦੀ ਅੰਕ ਪ੍ਰਾਪਤ ਕਰਕੇ ਪਹਿਲਾ, ਮਨਦੀਪ ਸਿੰਘ ਨੇ ਦੂਸਰਾ ਤੇ ਸਿਮਰਨਜੀਤ ਸਿੰਘ ਮਾਨ ਨੇ 69.56 ਫੀਸਦੀ ਅੰਕ ਪ੍ਰਾਪਤ ਕਰਕੇ ਕਾਲਜ ਵਿੱਚੋਂ ਤੀਸਰਾ ਸਥਾਨ ਹਾਸਲ ਕੀਤਾ ਹੈ। ਇਸ ਸ਼ਾਨਦਾਰ ਨਤੀਜੇ ਦੀ ਪ੍ਰਾਪਤੀ ਨੂੰ ਲੈ ਕੇ ਕਾਲਜ ਵਿੱਚ ਖੁਸ਼ੀ ਦਾ ਮਾਹੌਲ ਹੈ। ਕਲਜ ਦੀ ਮੈਨੇਜਮੈਂਟ ਕਮੇਟੀ ਦੇ ਚੇਅਰਮੈਨ ਸੂਬੇਦਾਰ ਦੇਵੀ ਚੰਦ ਸ਼ਰਮਾ ਤੇ ਮੈਂਬਰਜ਼ ਮਾ: ਭਗਵੰਤ ਸਿੰਘ, ਮਾ: ਅਵਤਾਰ ਸਿੰਘ ਤੇ ਕਿਰਨਜੀਤ ਸਿੰਘ ਨੇ ਪ੍ਰਾਪਤੀਆਂ ਕਰਨ ਵਾਲੇ ਵਿਦਿਆਰਥੀਆਂ ਨੂੰ ਵਧਾਈਆਂ ਦਿੱਤੀਆਂ। ਇਸ ਮੌਕੇ ਕਾਲਜ ਦੇ ਪ੍ਰਿੰਸੀਪਲ ਪ੍ਰੋ: ਸਤਵਿੰਦਰ ਕੌਰ ਨੇ ਪੁਜ਼ੀਸ਼ਨਾਂ ਹਾਸਲ ਕਰਨ ਵਾਲੇ ਵਿਦਿਆਰਥੀਆਂ ਦੀ ਹੌਸਲਾ ਅਫਜ਼ਾਈ ਕੀਤੀ। ਇਸ ਮੌਕੇ ਕਾਲਜ ਦਾ ਸਮੂਹ ਸਟਾਫ ਵੀ ਹਾਜ਼ਰ ਸੀ।

### 400 ਲੀਟਰ ਲਾਹਣ ਬਰਾਮਦ

**ਸ੍ਰੀ ਮੁਕਤਸਰ ਸਾਹਿਬ, (ਸ਼ਮਿੰਦਰਪਾਲ, ਪੂਜਾ)**-ਥਾਣਾ ਸਦਰ ਸ੍ਰੀ ਮੁਕਤਸਰ ਸਾਹਿਬ ਦੀ ਪੁਲਸ ਨੇ 400 ਲੀਟਰ ਲਾਹਣ ਬਰਾਮਦ ਕਰਕੇ ਇੱਕ ਵਿਅਕਤੀ ਦੇ ਵਿਰੁੱਧ ਮਾਮਲਾ ਦਰਜ ਕੀਤਾ ਹੈ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਏਐੱਸਆਈ ਬਿੰਦਰਪਾਲ ਸਿੰਘ ਨੇ ਦੱਸਿਆ ਕਿ ਜਦ ਉਹ ਪੁਲਸ ਪਾਰਟੀ ਸਣੇ ਗਸ਼ਤ ਤੇ ਚੈਕਿੰਗ ਦੇ ਸੰਬੰਧ ਵਿੱਚ ਪਿੰਡ ਉਦੇਕਰਨ, ਚੱਕ ਬੀੜ ਸਰਕਾਰ, ਥਾਂਦੇਵਾਲਾ ਨੂੰ ਜਾ ਰਹੇ ਸੀ ਤਾਂ ਮੁਖਬਰ ਨੇ ਇਤਲਾਹ ਦਿੱਤੀ ਕਿ ਸਾਹਿਬ ਸਿੰਘ ਉਰਫ ਸਾਹਬੀ ਵਾਸੀ ਮੁਕਤਸਰ ਨਜਾਇਜ਼ ਸ਼ਰਾਬ ਵੇਚਣ ਦਾ ਆਦੀ ਹੈ, ਜਿਸ 'ਤੇ ਪੁਲਸ ਨੇ ਰੇਡ ਕਰਕੇ 400 ਲੀਟਰ ਲਾਹਣ ਬਰਾਮਦ ਕਰ ਲਈ, ਜਦਕਿ ਸਾਹਿਬ ਸਿੰਘ ਉਰਫ ਸਾਹਬੀ ਦੀ ਗ੍ਰਿਫਤਾਰੀ ਬਾਕੀ ਹੈ, ਜਿਸ ਵਿਰੁੱਧ ਮਾਮਲਾ ਦਰਜ ਕਰ ਲਿਆ ਗਿਆ ਹੈ।

### ਭਗਵੰਤ ਮਾਨ ਦੀ ਕੋਠੀ ਮੂਹਰੇ ਪੱਕਾ ਮੋਰਚਾ 9 ਤੋਂ

**ਮਹਿਲ ਕਲਾਂ, (ਗੁਰਪ੍ਰੀਤ ਅਣਖੀ, ਬਲਵਿੰਦਰ ਵਜੀਕੇ)** ਭਾਕਿਯੂ ਉਗਰਾਹਾਂ ਦੀ ਬਲਾਕ ਪੱਧਰੀ ਮੀਟਿੰਗ ਅਨਾਜ ਮੰਡੀ ਵਿਖੇ ਹੋਈ। ਬੁੱਕਣ ਸਿੰਘ ਸੱਦੋਵਾਲ, ਜੱਜ ਸਿੰਘ ਗਹਿਲ ਨੇ ਕਿਹਾ ਕਿ ਸੂਬਾ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਦੀ ਅਗਵਾਈ ਹੇਠ ਕਿਸਾਨਾਂ ਦੀਆਂ ਹੱਕੀ ਮੰਗਾਂ ਦੀ ਪ੍ਰਾਪਤੀ ਲਈ 9 ਅਕਤੂਬਰ ਨੂੰ ਸੰਗਰੂਰ ਵਿਖੇ ਮੁੱਖ ਮੰਤਰੀ ਭਗਵੰਤ ਮਾਨ ਦੀ ਕੋਠੀ ਅੱਗੇ ਸ਼ੁਰੂ ਕੀਤੇ ਜਾ ਰਹੇ ਪੱਕੇ ਮੋਰਚੇ ਤਿਆਰੀਆਂ ਸੰਬੰਧੀ ਜਥੇਬੰਦੀ ਦੇ ਆਗੂਆਂ ਤੇ ਵਰਕਰਾਂ ਦੀਆਂ ਡਿਊਟੀਆਂ ਲਾ ਕੇ ਪਿੰਡਾਂ ਵਿਚੋਂ ਰਾਸ਼ਨ ਸਮੱਗਰੀ ਇਕੱਠੀ ਕਰਕੇ ਵਰਕਰਾਂ ਤੇ ਆਗੂਆਂ ਨੂੰ ਸੰਗਰੂਰ ਪੱਕੇ ਮੋਰਚੇ ਵਿੱਚ ਵੱਡੇ ਕਾਫ਼ਲੇ ਸਮੇਤ ਸ਼ਮੂਲੀਅਤ ਕਰਨ ਦਾ ਸੱਦਾ ਦਿੱਤਾ।

ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਚੋਣਾਂ ਸਮੇਂ ਕੀਤੇ ਵਾਅਦਿਆਂ ਤੋਂ ਮੁੱਕਰ ਕਰ ਰਹੀ ਹੈ, ਝੋਨੇ ਦੀ ਪਰਾਲੀ ਦੇ ਸੰਬੰਧੀ ਕੋਈ ਵੀ ਢੁੱਕਵਾਂ ਹੱਲ ਨਹੀਂ ਕੀਤਾ ਗਿਆ। ਸਗੋਂ ਕਿਸਾਨਾਂ ਉੱਪਰ ਮੁਕੱਦਮੇ ਦਰਜ ਕਰਨ ਲਈ ਤਿਆਰ ਹੈ। ਪੰਜਾਬ ਸਰਕਾਰ ਮੁਲਾਜ਼ਮਾਂ ਤੇ ਕਿਸਾਨਾਂ ਉੱਪਰ ਜਬਰ ਦੇ ਰਾਹ ਪੈ ਗਈ ਹੈ। ਝੋਨੇ ਦੀ ਖਰੀਦ ਉਪਰ ਲਾਈਆਂ ਗਈਆਂ ਸਖਤ ਸ਼ਰਤਾਂ ਨੂੰ ਰੱਦ ਕੀਤਾ ਜਾਵੇ।

ਇਸ ਮੌਕੇ ਹਰਜੀਤ ਦੀਵਾਨਾ, ਮਾਨ ਸਿੰਘ, ਨਿਸ਼ਾਨ ਸਿੰਘ ਗੁੰਮਟੀ, ਰਾਜਿੰਦਰ ਸਿੰਘ ਵਜੀਦਕੇ, ਸਰਬਜੀਤ ਸਿੰਘ ਨਿਹਾਲੂਵਾਲ, ਲਾਭ ਸਿੰਘ, ਕੁਲਦੀਪ ਸਿੰਘ ਹਰਦਾਸਪੁਰਾ ਤੇ ਦਰਸ਼ਨ ਸਿੰਘ ਪੰਡੋਰੀ ਆਦਿ ਹਾਜ਼ਰ ਸਨ।

### ਗੌਰਮਿੰਟ ਪੈਨਸ਼ਨਰਜ਼ ਯੂਨੀਅਨ ਪੰਜਾਬ ਦੀ ਜ਼ਿਲ੍ਹਾ ਪੱਧਰੀ ਚੋਣ ਸੰਪੰਨ

**ਕੋਟ ਈਸੇ ਖਾਂ, (ਅਰੋੜਾ)** ਨੇਚਰ ਪਾਰਕ ਵਿਖੇ ਜ਼ਿਲ੍ਹੇ ਵੱਖ-ਵੱਖ ਮਹਿਕਮਿਆਂ ਵਿਚੋਂ ਸੇਵਾਮੁਕਤ ਮੁਲਾਜ਼ਮਾਂ ਨੂੰ ਡੈਲੀਗੇਟਾਂ ਦੇ ਰੂਪ ਵਿੱਚ ਆਪਣੀ ਹਾਜ਼ਰੀ ਲਵਾਉਂਦੇ ਹੋਏ ਗੌਰਮਿੰਟ ਪੈਨਸ਼ਨਰ ਯੂਨੀਅਨ ਪੰਜਾਬ ਸੀਟੂ ਦੇ ਝੰਡੇ ਥੱਲੇ ਜ਼ਿਲ੍ਹਾ ਪੱਧਰੀ ਟੀਮ ਦਾ ਗਠਨ ਕੀਤਾ ਗਿਆ, ਜਿਸ ਸੰਬੰਧੀ ਇਸ ਟੀਮ ਦੇ ਨਾਵਾਂ ਦਾ ਪੈਨਲ, ਜਿਸ ਵਿਚ ਜੀਤਾ ਸਿੰਘ ਨਾਰੰਗ ਪ੍ਰਧਾਨ (ਪੀ ਡਬਲਯੂ ਡੀ), ਗੁਰਜੀਤ ਸਿੰਘ ਮੱਲ੍ਹੀ ਜਨਰਲ ਸਕੱਤਰ (ਪਬਲਿਕ ਹੈਲਥ), ਸੁਰਜੀਤ ਸਿੰਘ ਗਗੜਾ ਮੁੱਖ ਸਲਾਹਕਾਰ ਟੀਚਰ, ਅਮਰਜੀਤ ਸੂਦ ਸੀਨੀਅਰ ਮੀਤ ਪ੍ਰਧਾਨ (ਪਬਲਿਕ ਹੈਲਥ), ਸੁਖਪਾਲ ਸਿੰਘ ਲਹਿਰਾ ਸੀਨੀਅਰ ਮੀਤ ਪ੍ਰਧਾਨ ਟੀਚਰ, ਜਗੀਰ ਸਿੰਘ ਬੱਧਨੀ ਵਿੱਤ ਸਕੱਤਰ ਟੀਚਰ ਸ਼ੰਕਰ ਸਿੰਘ ਗੋਗੀਆ ਜਥੇਬੰਧਕ ਸਕੱਤਰ (ਨਹਿਰੀ ਵਿਭਾਗ), ਗੁਰਦੀਪ ਸਿੰਘ ਸਹਾਇਕ ਸਕੱਤਰ ਵਿੱਦਿਆ ਵਿਭਾਗ, ਰਾਮ ਸਿੰਘ ਪ੍ਰੈੱਸ ਸਕੱਤਰ (ਮਾਰਕੀਟ ਕਮੇਟੀ), ਜੋਗਿੰਦਰ ਸਿੰਘ (ਸਿਹਤ ਵਿਭਾਗ), ਪ੍ਰਦੀਪ ਕੁਮਾਰ ਪਲਤਾ ਅਧਿਆਪਕ, ਪਰਮਜੀਤ ਸਿੰਘ ਧੱਲੇ ਕੇ (ਪਬਲਿਕ ਹੈਲਥ), ਸਾਰੇ ਸਕੱਤਰ ਅਤੇ ਕੁਲਵੰਤ ਸਿੰਘ (ਪੀ.ਡਬਲਯੂ.ਡੀ), ਮਾਸਟਰ ਜਸਵੰਤ ਰਾਏ, ਲਖਵੀਰ ਸਿੰਘ ਸਾਰੇ ਮੈਂਬਰ ਦੇ ਨਾਂਅ ਸ਼ਾਮਲ ਸਨ। ਇਸ ਸਮੇਂ ਸੁਰਜੀਤ ਸਿੰਘ ਨੇ ਕਿਹਾ ਕਿ ਇਹ ਜਥੇਬੰਦੀ ਸੈਂਟਰ ਆਫ਼ ਇੰਡੀਅਨ ਟਰੇਡ ਯੂਨੀਅਨ (ਸੀਟੂ) ਨਾਲ ਐਫੀਲੀਏਟਿਡ ਹੈ, ਜਿਸ ਦਾ ਸੂਬਾ ਪੱਧਰੀ ਇਜਲਾਸ ਇਸ ਮਹੀਨੇ ਹੋਣ ਜਾ ਰਿਹਾ ਹੈ, ਜਿਸ ਵਿੱਚ ਸੀਟੂ ਆਗੂਆਂ ਦੀ ਦੇਖ-ਰੇਖ ਹੇਠ ਪੰਜਾਬ ਪੱਧਰ ਦੀ ਟੀਮ ਦਾ ਗਠਨ ਕੀਤਾ ਜਾਵੇਗਾ ਤੇ ਇਸ ਜ਼ਿਲ੍ਹੇ ਵਿਚੋਂ ਡੈਲੀਗੇਟ ਇਸ ਚੋਣ ਵਿਚ ਹਿੱਸਾ ਲੈਣ ਲਈ ਪਹੁੰਚਣਗੇ।

# ਜ਼ਿਲ੍ਹਾ ਪੱਧਰ 'ਤੇ ਮੱਲਾਂ ਮਾਰਨ ਵਾਲੇ ਮੁੱਕੇਬਾਜ਼ਾਂ ਦਾ ਸਨਮਾਨ

**ਹਠੂਰ (ਨਛੱਤਰ ਸੰਧੂ)**-ਚਕਰ ਦੇ ਖਿਡਾਰੀ ਮੁੱਕੇਬਾਜ਼ੀ ਵਿੱਚ ਆਪਣੀ ਧਾਕ ਜਮਾ ਰਹੇ ਹਨ। ਪਿਛਲੇ ਦਿਨਾਂ ਵਿੱਚ ਜ਼ਿਲ੍ਹਾ ਪੱਧਰ 'ਤੇ ਹੋਏ ਵੱਖ ਵੱਖ ਬਾਕਸਿੰਗ ਮੁਕਾਬਲਿਆਂ ਵਿੱਚ ਮੱਲਾਂ ਮਾਰਨ ਵਾਲੇ ਖਿਡਾਰੀਆਂ ਨੂੰ 5ਜੈਬ ਬਾਕਸਿੰਗ ਅਕੈਡਮੀ ਵੱਲੋਂ ਸਨਮਾਨਤ ਕੀਤਾ ਗਿਆ। ਅਕੈਡਮੀ ਦੇ ਮੁੱਖ ਪ੍ਰਬੰਧਕ ਅਮਿਤ ਕੁਮਾਰ ਨੇ ਦੱਸਿਆ ਕਿ ਪਹਿਲਾਂ ਪੰਜਾਬ ਸਰਕਾਰ ਦੀ ਸੁਯੋਗ ਅਗਵਾਈ ਵਿੱਚ ਹੋਈਆਂ 'ਖੇਡਾਂ ਵਤਨ ਪੰਜਾਬ ਦੀਆਂ' ਵਿੱਚ '5ਜੈਬ ਬਾਕਸਿੰਗ ਅਕੈਡਮੀ' ਨੇ 12 ਸੋਨੇ, 7 ਚਾਂਦੀ ਤੇ 1 ਕਾਂਸੀ ਦਾ ਤਮਗ਼ਾ ਜਿੱਤਿਆ। ਇਨ੍ਹਾਂ ਮੁਕਾਬਲਿਆਂ ਵਿੱਚ ਜਗਵਿੰਦਰ ਸਿੰਘ ਸੰਧੂ, ਹਰਜੀਤ ਸਿੰਘ, ਸੰਦੀਪ ਸਿੰਘ ਚਕਰੀਆ, ਜਸ਼ਨਪ੍ਰੀਤ ਸਿੰਘ, ਜਸਪ੍ਰੀਤ ਸਿੰਘ, ਹਰਮਨਦੀਪ ਸਿੰਘ ਲੱਖਾ, ਮਨਦੀਪ ਕੌਰ ਸੰਧੂ, ਹਰਪ੍ਰੀਤ ਕੌਰ, ਸਿਮਰਨਜੀਤ ਕੌਰ, ਦਰੋਪਤੀ, ਜਸਪ੍ਰੀਤ ਕੌਰ ਤੇ ਹਰਪ੍ਰੀਤ ਕੌਰ ਨੇ ਸੋਨ ਤਮਗ਼ੇ ਜਿੱਤੇ ਸਨ। ਇਸੇ ਤਰ੍ਹਾਂ ਲਵਪ੍ਰੀਤ ਸਿੰਘ, ਪਵਨਵੀਰ ਸਿੰਘ, ਹਰਪ੍ਰੀਤ ਸਿੰਘ, ਅਮਰਵੀਰ ਸਿੰਘ, ਵੀਰਪਾਲ ਕੌਰ ਸੁਖਮਨਦੀਪ ਕੌਰ ਤੇ ਪ੍ਰਦੀਪ ਕੌਰ ਨੇ ਚਾਂਦੀ ਦਾ ਤਮਗ਼ਾ ਜਿੱਤਿਆ, ਜਦਕਿ ਅਰਸ਼ਦੀਪ ਕੌਰ ਨੇ ਕਾਂਸੀ ਦਾ ਤਮਗ਼ਾ ਜਿੱਤਿਆ। ਇਸੇ ਤਰ੍ਹਾਂ ਜ਼ਿਲ੍ਹਾ ਪੱਧਰੀ ਸਕੂਲ ਮੁਕਾਬਲਿਆਂ ਵਿੱਚ ਵੀ ਇਸੇ ਅਕੈਡਮੀ ਤੋਂ ਸਿਖਲਾਈ ਪ੍ਰਾਪਤ ਮੁੱਕੇਬਾਜ਼ਾਂ ਨੇ 3 ਸੋਨ, 1 ਚਾਂਦੀ ਤੇ 3 ਕਾਂਸੀ ਦੇ ਤਮਗੇ ਜਿੱਤੇ। ਇਹ ਮੁੱਕੇਬਾਜ਼ ਚਕਰ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਬਲੌਜਮ ਪਬਲਿਕ ਸਕੂਲ ਤੇ ਗੁਰੂ ਨਾਨਕ ਪਬਲਿਕ ਸਕੂਲ ਦੇ ਵਿਦਿਆਰਥੀ ਹਨ। 5ਜੈਬ ਫਾਊਂਡੇਸ਼ਨ ਦੇ ਡਾਇਰੈਕਟਰ ਪ੍ਰਿੰ. ਬਲਵੰਤ ਸਿੰਘ ਸੰਧੂ ਨੇ ਦੱਸਿਆ ਕਿ ਇਸ ਫਾਊਂਡੇਸ਼ਨ ਅਧੀਨ ਚੱਲ ਰਹੀ ਚਕਰ ਬਾਕਸਿੰਗ ਅਕੈਡਮੀ ਦੇ ਮੁੱਕੇਬਾਜ਼ਾਂ ਨੇ ਕੁੱਲ 27 ਤਮਗ਼ੇ ਜਿੱਤੇ ਹਨ। ਇਸੇ ਫਾਊਂਡੇਸ਼ਨ ਅਧੀਨ ਚੱਲ ਰਹੀ ਜਰਖੜ ਅਕੈਡਮੀ ਦੇ ਮੁੱਕੇਬਾਜ਼ਾਂ ਨੇ 15 ਤੇ ਤਲਵਾੜਾ (ਕਪੂਰਥਲਾ) ਅਕੈਡਮੀ ਨੇ 7 ਤਮਗ਼ੇ ਜਿੱਤੇ ਹਨ। ਇਸੇ ਤਰ੍ਹਾਂ 5ਜੈਬ ਫਾਊਂਡੇਸ਼ਨ ਨੇ ਕੁੱਲ 49 ਤਮਗ਼ੇ ਜਿੱਤੇ ਹਨ। ਚਕਰ ਦੇ ਮੁੱਕੇਬਾਜ਼ਾਂ ਨੂੰ ਸਨਾਮਨਤ ਕਰਨ ਲਈ ਵੱਡੀ ਪੱਧਰ 'ਤੇ ਪਿੰਡ ਦੇ ਨੌਜਵਾਨ, ਅਕੈਡਮੀ ਪ੍ਰਬੰਧਕ ਤੇ ਖਿਡਾਰੀਆਂ ਦੇ ਮਾਤਾ-ਪਿਤਾ ਨੇ ਵਿਸ਼ੇਸ਼ ਤੌਰ 'ਤੇ ਸ਼ਮੂਲੀਅਤ ਕੀਤੀ।

# ਜਗਸੀਰ ਸਿੰਘ ਸੇਖਾ ਨੂੰ ਜਥੇਬੰਦੀ ਦਾ ਸੂਬਾ ਸੀਨੀਅਰ ਮੀਤ ਪ੍ਰਧਾਨ ਚੁਣਿਆ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)** : ਦੀ ਰੈਵੀਨਿਊ ਪਟਵਾਰ ਯੂਨੀਅਨ ਪੰਜਾਬ ਜ਼ਿਲ੍ਹਾ ਫ਼ਿਰੋਜ਼ਪੁਰ ਨੂੰ ਉਸ ਸਮੇਂ ਬਹੁਤ ਮਾਣ ਮਿਲਿਆ, ਜਦੋਂ ਜਥੇਬੰਦੀ ਦੇ ਸੂਬਾਈ ਚੋਣ ਅਜਲਾਸ ਵਿੱਚ ਫ਼ਿਰੋਜ਼ਪੁਰ ਦੇ ਨੁਮਾਇੰਦਾ ਪੰਜਾਬ ਜਗਸੀਰ ਸਿੰਘ ਸੇਖਾ ਨੂੰ ਜਥੇਬੰਦੀ ਦਾ ਸੂਬਾ ਸੀਨੀਅਰ ਮੀਤ ਪ੍ਰਧਾਨ ਚੁਣਿਆ ਗਿਆ। ਇਸ ਗੱਲ ਦਾ ਪ੍ਰਗਟਾਵਾ ਜਸਬੀਰ ਸਿੰਘ ਸੈਣੀ ਜ਼ਿਲ੍ਹਾ ਪ੍ਰਧਾਨ, ਰਾਕੇਸ਼ ਕਪੂਰ ਸੀਨੀਅਰ ਮੀਤ ਪ੍ਰਧਾਨ, ਜਸਵਿੰਦਰ ਸਿੰਘ ਖੂੰਗਰ ਜਨਰਲ ਸਕੱਤਰ, ਨਿਸ਼ਾਨ ਸਿੰਘ ਖਜ਼ਾਨਚੀ, ਲਛਮਣ ਸਿੰਘ ਤਹਿਸੀਲ ਪ੍ਰਧਾਨ ਜ਼ੀਰਾ, ਵਿਜੇ ਚੌਧਰੀ ਤਹਿਸੀਲ ਪ੍ਰਧਾਨ ਫ਼ਿਰੋਜ਼ਪੁਰ, ਅਸ਼ਵਨੀ ਕੁਮਾਰ ਤਹਿਸੀਲ ਪ੍ਰਧਾਨ ਗੁਰੂ ਹਰਸਹਾਏ ਨੇ ਇੱਕ ਲਿਖਤੀ ਪ੍ਰੈੱਸ ਬਿਆਨ 'ਚ ਕੀਤਾ।

ਪਟਵਾਰੀ ਆਗੂਆਂ ਨੇ ਕਿਹਾ ਕਿ ਜ਼ਿਲ੍ਹਾ ਫ਼ਿਰੋਜ਼ਪੁਰ ਨੇ ਧੜੇਬੰਦੀ ਦੀ ਸਿਆਸਤ ਨੂੰ ਨਕਾਰ ਕੇ ਜਥੇਬੰਦਕ ਸੋਚ ਨਾਲ ਪੰਜਾਬ ਬਾਡੀ ਵਿੱਚ ਆਪਣਾ ਯੋਗਦਾਨ ਪਾਇਆ ਹੈ, ਜਿਸ ਦੇ ਸਿੱਟੇ ਵਜੋਂ ਜਥੇਬੰਦੀ ਵੱਲੋਂ ਜਗਸੀਰ ਸਿੰਘ ਸੇਖਾ ਨੂੰ ਇਹ ਅਹੁਦਾ ਦੇ ਕੇ ਨਿਵਾਜਿਆ ਗਿਆ ਹੈ। ਦੀ ਰੈਵੀਨਿਊ ਕਾਨੂੰਗੋ ਐਸੋਸੀਏਸ਼ਨ ਦੇ ਪ੍ਰਧਾਨ ਸੰਤੋਖ ਸਿੰਘ ਤੱਖੀ, ਹਰਪ੍ਰੀਤ ਸਿੰਘ ਕਾਨੂੰਗੋ (ਜਨਰਲ ਸਕੱਤਰ), ਗੁਰਮੇਜ ਸਿੰਘ ਕਾਨੂੰਗੋ (ਖਜ਼ਾਨਚੀ) ਤੇ ਸੁਰਜੀਤ ਸਿੰਘ ਕਾਨੂੰਗੋ ਨੁਮਾਇੰਦਾ ਪੰਜਾਬ ਨੇ ਵੀ ਜਗਸੀਰ ਸਿੰਘ ਸੇਖਾ ਨੂੰ ਮੁਬਾਰਕਬਾਦ ਦਿੱਤੀ। ਫ਼ਿਰੋਜ਼ਪੁਰ ਜ਼ਿਲ੍ਹੇ ਦੇ ਸਮੂਹ ਪਟਵਾਰੀ, ਕਾਨੂੰਗੋਆਂ ਨੇ ਸੇਖਾ ਦੇ ਸੀਨੀਅਰ ਮੀਤ ਪ੍ਰਧਾਨ ਬਣਨ 'ਤੇ ਖੁਸ਼ੀ ਦਾ ਪ੍ਰਗਟਾਵਾ ਕੀਤਾ।

# ਨਹਿਰੂ ਯੁਵਾ ਕੇਂਦਰ ਪਟਿਆਲਾ ਵੱਲੋਂ ਸਵੱਛਤਾ ਮੁਹਿੰਮ ਦਾ ਦੂਜਾ ਗੇੜ ਸ਼ੁਰੂ



**ਨਾਭਾ (ਵਰਿੰਦਰ ਵਰਮਾ)**-ਨਹਿਰੂ ਯੁਵਾ ਕੇਂਦਰ ਪਟਿਆਲਾ ਵੱਲੋਂ ਹਰ ਸਾਲ ਦੀ ਤਰ੍ਹਾਂ ਕਲੀਨ ਇੰਡੀਆ ਮੁਹਿੰਮ 2.0 ਸ਼ੁਰੂ ਕੀਤੀ ਗਈ ਹੈ। ਇਸ ਦੀ ਸ਼ੁਰੂਆਤ ਯੁਵਾ ਮਾਮਲੇ ਤੇ ਖੇਡ ਮੰਤਰਾਲਾ ਭਾਰਤ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਯੂਥ ਹੋਸਟਲ ਤੋਂ ਸ਼ੁਰੂ ਕੀਤੀ ਗਈ। ਇਹ ਪ੍ਰਮੁੱਖ ਤੌਰ 'ਤੇ ਯੂਥ ਕਲੱਬ ਤੇ ਐੱਨ.ਐੱਸ.ਐੱਸ. ਵਲੰਟੀਅਰਾਂ ਦੇ ਸਹਿਯੋਗ ਨਾਲ ਚਲਾਈ ਜਾਵੇਗੀ, ਕਲੀਨ ਇੰਡੀਆ ਦੀ ਮੁਹਿੰਮ ਦੀ ਸ਼ੁਰੂਆਤ ਕਰਦਿਆਂ ਜ਼ਿਲ੍ਹਾ ਸਹਾਇਕ ਡਾਇਰੈਕਟਰ ਡਾ. ਦਲਬੀਰ ਸਿੰਘ ਤੇ ਲੇਖਾਕਾਰ ਅਤੇ ਪ੍ਰੋਗਰਾਮ ਸੁਪਰਵਾਈਜ਼ਰ ਅਮਰਜੀਤ ਕੌਰ ਤੇ ਸਰਕਾਰੀ ਮਹਿੰਦਰਾ ਕਾਲਜ ਦੇ ਡਾ. ਜਤਿੰਦਰ ਜੈਨ ਐੱਨ ਐੱਸ ਐੱਸ ਪ੍ਰੋਗਰਾਮ ਅਫਸਰ, ਅਮਨਦੀਪ ਕੌਰ, ਅਮਰਜੀਤ ਸਿੰਘ ਹਾਜ਼ਰ ਸਨ। ਡਾ. ਜਤਿੰਦਰ ਜੈਨ ਨੇ ਕਿਹਾ ਕਿ ਨੌਜਵਾਨਾਂ ਵੱਲੋਂ ਕਲੀਨ ਇੰਡੀਆ ਮੁਹਿੰਮ ਲਈ, ਜੋ ਉਨ੍ਹਾਂ ਦੀ ਸੰਸਥਾ ਦੀ ਚੋਣ ਕੀਤੀ ਗਈ ਹੈ, ਉਸ ਲਈ ਨਹਿਰੂ ਯੁਵਾ ਕੇਂਦਰ ਪਟਿਆਲਾ ਦਾ ਧੰਨਵਾਦ ਕਰਦੇ ਹਾਂ। ਉਨ੍ਹਾਂ ਕਿਹਾ ਕਿ ਸਾਫ ਸਫਾਈ ਕਰਨ ਤੇ ਪਲਾਸਟਿਕ ਮੁਕਤ ਕਰਨ ਲਈ ਸਾਨੂੰ ਸਭ ਨੂੰ ਇਸ ਵਿੱਚ ਆਪਣਾ ਯੋਗਦਾਨ ਪਾਉਣਾ ਚਾਹੀਦਾ ਹੈ।

ਉਨ੍ਹਾਂ ਇਸ ਮੌਕੇ ਜੋਤੀ ਜਗਾ ਕੇ ਮੁਹਿੰਮ ਦੀ ਸ਼ੁਰੂਆਤ ਕੀਤੀ। ਇਸ ਮੁਹਿੰਮ ਵਿੱਚ ਪੈਨਸ਼ਨਰ ਭਵਨ ਤੋਂ ਇਲਾਵਾ ਕੋਰਟ ਰੋਡ, ਯੂਥ ਹੋਸਟਲ ਤੇ ਵਲੰਟੀਅਰਜ਼ ਵੱਲੋਂ ਸਿੰਗਲ ਪਲਾਸਟਿਕ ਯੂਜ਼ ਇਕੱਠਾ ਕੀਤਾ ਗਿਆ ਤੇ ਲੋਕਾਂ ਨੂੰ ਸਿੰਗਲ ਪਲਾਸਟਿਕ ਨਾ ਵਰਤਣ ਲਈ ਜਾਗਰੂਕ ਕੀਤਾ ਗਿਆ। ਮੈਡਮ ਅਮਰਜੀਤ ਕੌਰ ਨੇ ਕਿਹਾ ਕਿ ਕਲੀਨ ਇੰਡੀਆ ਮੁਹਿੰਮ ਇੱਕ ਸ਼ਲਾਘਾਯੋਗ ਉਪਰਾਲਾ ਹੈ। ਉਨ੍ਹਾਂ ਸਮੂਹ ਨੌਜਵਾਨਾਂ ਨੂੰ ਕਿਹਾ ਕਿ ਵਾਤਾਵਰਣ ਨੂੰ ਹਰਿਆ ਭਰਿਆ ਰੱਖਣ ਹਿੱਤ ਵੱਧ ਤੋਂ ਵੱਧ ਪੌਦੇ ਲਾਏ ਜਾਣ। ਇਸ ਮੌਕੇ ਸਮੂਹ ਮਹਿਮਾਨਾਂ ਤੇ ਪ੍ਰਬੰਧਕਾਂ ਵੱਲੋਂ ਕਲੀਨ ਇੰਡੀਆ ਮੁਹਿੰਮ ਸੰਬੰਧੀ ਸਟਿਕਰ ਵੀ ਜਾਰੀ ਕੀਤਾ ਗਿਆ। ਸਮਾਗਮ ਨੂੰ ਸੰਬੋਧਿਤ ਕਰਦਿਆਂ ਡਾ. ਦਿਲਵਰ ਸਿੰਘ ਨੇ ਕਿਹਾ ਕਿ ਸਵੱਛਤਾ ਮੁਹਿੰਮ ਨੂੰ ਇੱਕ ਦਿਨ ਤੱਕ ਸੀਮਤ ਨਹੀਂ ਰੱਖਣਾ ਚਾਹੀਦਾ, ਇਸ ਨੂੰ ਸਾਨੂੰ ਆਪਣੀ ਜ਼ਿੰਦਗੀ ਦਾ ਹਮੇਸ਼ਾ ਲਈ ਹਿੱਸਾ ਬਣਾਉਣਾ ਚਾਹੀਦਾ ਹੈ। ਇਸ ਮੌਕੇ ਸਮੂਹ ਵਲੰਟੀਅਰਜ਼, ਜਿਨ੍ਹਾਂ 'ਚ ਰਵੀ ਕੁਮਾਰ, ਰਾਜਵਿੰਦਰ ਕੌਰ, ਅਮਨਦੀਪ ਕੌਰ, ਸਾਹਿਲ, ਅਮਨਦੀਪ ਸਿੰਘ, ਮਲਕੀਤ ਗਿੱਲ, ਜਸਬੀਰ ਸਿੰਘ ਨੂੰ ਕਲੀਨ ਇੰਡੀਆ ਵਿੱਚ ਕੀਤੇ ਜਾਣ ਵਾਲੇ ਕੰਮਾਂ ਦੀਆਂ ਡਿਊਟੀਆਂ ਵੀ ਦਿੱਤੀਆਂ ਗਈਆਂ।

# ਭਾਰਤ ਵਿਕਾਸ ਪ੍ਰੀਸ਼ਦ ਨੇ ਪ੍ਰੋ. ਰਤਨ ਲਾਲ ਮਿੱਤਲ ਦੀ ਬਰਸੀ ਮਨਾਈ



**ਫਰੀਦਕੋਟ (ਐਲਿਗਜ਼ੈਂਡਰ ਡਿਸੂਜ਼ਾ)**-ਭਾਰਤ ਵਿਕਾਸ ਪ੍ਰੀਸ਼ਦ ਫਰੀਦਕੋਟ ਨੇ ਚੇਅਰਮੈਨ ਪ੍ਰੋਜੈਕਟ ਰਾਕੇਸ਼ ਮਿੱਤਲ ਕੋ-ਪ੍ਰੋਜੈਕਟ ਚੇਅਰਮੈਨ ਨਵੀਨ ਰਾਬੜਾ ਤੇ ਆਲ ਪ੍ਰਾਜੈਕਟ ਚੇਅਰਮੈਨ ਰਮੇਸ਼ ਕੁਮਾਰ ਗੇਰਾ ਦੀ ਅਗਵਾਈ ਵਿੱਚ ਰੈੱਡ ਕਰਾਸ ਬਿਰਧ ਆਸ਼ਰਮ ਵਿਖੇ ਮੰਦਬੁੱਧੀ ਬੱਚਿਆਂ ਤੇ ਬਜ਼ੁਰਗਾਂ ਨਾਲ ਫਲ ਫਰੂਟ, ਬਿਸਕੁਟ ਤੇ ਚਾਹ ਦਾ ਕੱਪ ਸਾਂਝਾ ਕਰਕੇ ਸਵਰਗੀ ਪ੍ਰੋਫੈਸਰ ਰਤਨ ਲਾਲ ਮਿੱਤਲ ਦੀ ਬਰਸੀ ਮਨਾਈ ਗਈ। ਇਸ ਮੌਕੇ ਪ੍ਰੀਸ਼ਦ ਦੇ ਚੀਫ ਕੋਆਰਡੀਨੇਟਰ ਐਡਵੋਕੇਟ ਰਾਜ ਕੁਮਾਰ ਗੁਪਤਾ ਨੇ ਪ੍ਰੋਫੈਸਰ ਦੀ ਜੀਵਨੀ ਬਾਰੇ ਦੱਸਿਆ ਕਿ ਉਨ੍ਹਾਂ ਨੇ ਆਪਣੀ ਜ਼ਿੰਦਗੀ 'ਚ ਸਮਾਜ ਸੇਵਾ ਦੇ ਕੰਮ ਕਰਦਿਆਂ ਸਿੱਖਿਆ ਵਿਭਾਗ ਵਿੱਚ ਵੱਡਮੁੱਲਾ ਯੋਗਦਾਨ ਪਾਇਆ। ਪ੍ਰੀਸ਼ਦ ਦੇ ਨੈਸ਼ਨਲ ਕਨਵੀਨਰ ਪ੍ਰਿੰਸੀਪਲ ਸੇਵਾ ਸਿੰਘ ਚਾਵਲਾ ਨੇ ਸਭ ਮੈਂਬਰਾਂ ਨੂੰ 'ਜੀ ਆਇਆਂ' ਕਹਿੰਦਿਆਂ ਮਿੱਤਲ ਪਰਿਵਾਰ ਦੀ ਪ੍ਰਸੰਸਾ ਕੀਤੀ। ਪ੍ਰੋਗਰਾਮ ਦੀ ਸਟੇਜ ਸਕੱਤਰ ਦੀ ਭੂਮਿਕਾ ਦਰਸ਼ਨ ਲਾਲ ਚੁੱਘ ਨੇ ਨਿਭਾਈ ਤੇ ਪ੍ਰਧਾਨ ਵਿਨੋਦ ਕੁਮਾਰ ਸਿੰਗਲਾ ਨੇ ਸਭ ਹਾਜ਼ਰ ਮੈਂਬਰਾਂ ਦਾ ਧੰਨਵਾਦ ਕੀਤਾ।

ਇਸ ਮੌਕੇ ਐਡਵੋਕੇਟ ਦਰਸ਼ਨ ਅਰੋੜਾ, ਸੁਰੇਸ਼ ਗੋਇਲ, ਪ੍ਰੋਫੈਸਰ ਐੱਨ ਕੇ ਗੁਪਤਾ, ਬਲਜੀਤ ਸਿੰਘ ਬਿੰਦਰਾ, ਕੈਸ਼ੀਅਰ ਸੰਦੀਪ ਮੋਂਗਾ, ਚੰਦਨ ਕੱਕੜ, ਇੰਜੀ: ਅਸ਼ੋਕ ਵਧਵਾ, ਪ੍ਰੇਮ ਗਾਂਧੀ, ਪ੍ਰਦੀਪ ਕਟਾਰੀਆ, ਹਿੰਮਤ ਬਾਂਸਲ, ਰਾਕੇਸ਼ ਕਟਾਰੀਆ, ਸਤਵਿੰਦਰ ਸਿੰਘ, ਮੁਕੇਸ਼ ਤਾਇਲ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਮੈਂਬਰਾਂ ਨੇ ਮੰਦਬੁੱਧੀ ਬੱਚਿਆਂ ਤੇ ਆਸ਼ਰਮ ਦੇ ਬਜ਼ੁਰਗਾਂ ਨਾਲ ਗੱਲਬਾਤ ਕੀਤੀ।

# ਮੁੱਕੇਬਾਜ਼ੀ 'ਚ ਮੱਲਾਂ ਮਾਰਨ ਵਾਲੇ ਖਿਡਾਰੀਆਂ ਦਾ ਸਨਮਾਨ



**ਧੂਰੀ, (ਰਾਜੇਸਵਰ ਪਿੰਟੂ)**-ਧੂਰੀ ਪਿੰਡ ਦੇ ਖੇਡ ਸਟੇਡੀਅਮ 'ਚ ਮੁੱਕੇਬਾਜ਼ੀ ਦੇ ਕੋਚ ਸੰਨੀ ਦੀ ਅਗਵਾਈ ਹੇਠ ਮਸਤੂਆਣਾ ਸਾਹਿਬ ਵਿਖੇ ਕਰਵਾਈਆਂ ਗਈਆਂ 'ਖੇਡਾਂ ਵਤਨ ਪੰਜਾਬ ਦੀਆਂ' ਦੌਰਾਨ ਮੁੱਕੇਬਾਜ਼ੀ ਦੇ ਹੋਏ ਮੁਕਾਬਲਿਆਂ ਵਿੱਚ ਮੱਲਾਂ ਮਾਰਨ ਵਾਲੇ ਖਿਡਾਰੀਆਂ ਨੂੰ ਪਿੰਡ ਵਾਸੀਆਂ ਵੱਲੋਂ ਸਨਮਾਨਤ ਕੀਤਾ ਗਿਆ। ਜਾਣਕਾਰੀ ਦਿੰਦਿਆਂ ਕੋਚ ਸੰਨੀ ਨੇ ਦੱਸਿਆ ਕਿ 'ਖੇਡਾਂ ਵਤਨ ਪੰਜਾਬ ਦੀਆਂ' ਵਿੱਚ ਇਸ ਖੇਡ ਸਟੇਡੀਅਮ 'ਚ ਚਲਾਏ ਜਾਂਦੇ ਬਾਕਸਿੰਗ ਕਲੱਬ ਧੂਰੀ ਦੇ 20 ਖਿਡਾਰੀਆਂ ਨੇ ਭਾਗ ਲਿਆ, ਜਿਸ ਵਿੱਚੋਂ 13 ਖਿਡਾਰੀਆਂ ਨੇ ਮੈਡਲ ਹਾਸਲ ਕਰਕੇ ਧੂਰੀ ਦਾ ਨਾਂਅ ਰੌਸ਼ਨ ਕੀਤਾ ਹੈ। ਉਨ੍ਹਾਂ ਦੱਸਿਆ ਕਿ ਜਤਿਨ ਕੁਮਾਰ, ਸ਼ਬਨਮ ਅਲੀ, ਗਗਨਦੀਪ ਕੌਰ, ਮਾਨਦੀਪ ਕੌਰ ਤੇ ਦਾਨਿਸ਼ ਗਰਗ ਨੇ ਗੋਲਡ, ਨੂਰਦੀਪ, ਕੁਨਾਲ ਕੁਮਾਰ, ਪਰਵਿੰਦਰ ਸਿੰਘ, ਰਣਬੀਰ, ਜਸ਼ ਸ਼ਰਮਾ ਤੇ ਸਾਹਿਲਪ੍ਰੀਤ ਨੇ ਸਿਲਵਰ ਅਤੇ ਅੰਜੂ ਰਾਣੀ ਤੇ ਦਵਿੰਦਰ ਕੌਰ ਨੇ ਕਾਂਸੀ ਦਾ ਮੈਡਲ ਜਿੱਤ ਕੇ ਇਲਾਕੇ ਦਾ ਨਾਮ ਰੌਸ਼ਨ ਕੀਤਾ ਹੈ। ਉਨ੍ਹਾਂ ਦੱਸਿਆ ਕਿ ਸੋਨੇ ਦਾ ਮੈਡਲ ਹਾਸਲ ਕਰਨ ਵਾਲੇ ਪੰਜ ਖਿਡਾਰੀ ਪੰਜਾਬ ਪੱਧਰ 'ਤੇ ਖੇਡਣ ਲਈ ਜਾਣਗੇ। ਇਸ ਮੌਕੇ ਗੁਰਪ੍ਰੀਤ ਸਿੰਘ ਬਾਠ, ਕਰਨਦੀਪ ਸਿੰਘ ਚੈਰੀ, ਸੁਖਦੀਪ ਸਿੰਘ, ਚਮਕੌਰ ਸਿੰਘ, ਅਰਸ਼ਦੀਪ ਜਖਲਾਂ, ਹਰੀਸ਼ ਸ਼ਰਮਾ, ਰਵੀ ਕੁਮਾਰ ਤੇ ਮਨਪ੍ਰੀਤ ਸਿੰਘ ਹਾਜ਼ਰ ਸਨ।

# ਸਿੱਖਿਆ ਭਵਨ ਮੋਹਾਲੀ ਦਾ ਘੇਰਾਓ 11 ਨੂੰ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)** : ਈਟੀਟੀ ਅਧਿਆਪਕ ਯੂਨੀਅਨ ਫਿਰੋਜ਼ਪੁਰ ਦੀ ਇੱਕ ਅਹਿਮ ਮੀਟਿੰਗ ਪ੍ਰਧਾਨ ਗੁਰਜੀਤ ਸਿੰਘ ਸੋਢੀ ਦੀ ਅਗਵਾਈ ਹੇਠ ਹੋਈ। ਮੀਟਿੰਗ ਵਿੱਚ ਜਥਬੰਦੀ ਵੱਲੋਂ 11 ਅਕਤੂਬਰ ਨੂੰ ਸਿੱਖਿਆ ਭਵਨ ਮੁਹਾਲੀ ਦੇ ਸੂਬਾ ਪੱਧਰੀ ਘੇਰਾਓ ਦੇ ਪ੍ਰੋਗਰਾਮ ਦੀ ਤਿਆਰੀ ਸਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ। ਇਸ ਮੌਕੇ ਗੁਰਜੀਤ ਸਿੰਘ ਸੋਢੀ ਨੇ ਦੱਸਿਆ ਕਿ ਪੇ-ਕਮਿਸ਼ਨ ਰਿਪੋਰਟ ਲਾਗੂ ਹੋਣ ਤੋਂ ਬਾਅਦ ਬਣੀ ਪੇ-ਅਨਾਮਲੀ ਦੂਰ ਕਰਾਉਣ, ਪੇ-ਫਿਕਸੇਸ਼ਨ ਪੂਰੇ ਪੰਜਾਬ ਵਿੱਚ ਇਕਸਾਰ ਕਰਾਉਣ, ਮਾਸਟਰ ਕਾਡਰ ਪ੍ਰਮੋਸ਼ਨ ਸ਼ੁਰੂ ਕਰਾਉਣ, ਸਿੱਧੀ ਭਰਤੀ ਰਾਹੀਂ ਆਏ ਹੈੱਡ ਟੀਚਰ, ਸੈਂਟਰ ਹੈੱਡ ਟੀਚਰ ਉਪਰ ਥੋਪੀ ਜਾ ਰਹੀ ਵਿਭਾਗੀ ਟੈਸਟ ਦੀ ਸ਼ਰਤ ਖਤਮ ਕਰਾਉਣ, ਜ਼ਿਲ੍ਹਾ ਪ੍ਰੀਸ਼ਦ ਅਧਿਆਪਕਾਂ ਦੀ ਜ਼ਿਲ੍ਹਾ ਪ੍ਰੀਸ਼ਦ ਸਮੇਂ ਦੀ ਸਰਵਿਸ ਖਤਮ ਕਰਨ ਸਬੰਧੀ ਜਾਰੀ ਹੁਕਮ ਵਾਪਸ ਕਰਾਉਣ, ਜ਼ਿਲ੍ਹਾ ਪ੍ਰੀਸ਼ਦ ਅਧੀਨ ਭਰਤੀ ਹੋਏ ਅਧਿਆਪਕਾਂ ਦੀ ਆਪਸੀ ਸੀਨੀਆਰਤਾ ਦਰੁਸਤ ਕਰਨ, ਜ਼ਿਲ੍ਹਾ ਪ੍ਰਸ਼ੀਦ ਸਮੇਂ ਦੇ ਹਰ ਤਰ੍ਹਾਂ ਦੇ ਬਕਾਏ ਜਾਰੀ ਕਰਨ, ਬਦਲੀਆਂ ਦਾ ਪ੍ਰੋਸੈੱਸ ਪੂਰਾ ਕਰਨ ਆਦਿ ਵਿਭਾਗੀ ਮੰਗਾਂ ਨੂੰ ਪੂਰਾ ਕਰਾਉਣ ਲਈ ਜਥੇਬੰਦੀ ਵੱਲੋਂ 11 ਅਕਤੂਬਰ ਨੂੰ ਸਿੱਖਿਆ ਭਵਨ ਮੋਹਾਲੀ ਦਾ ਘਿਰਾਓ ਕੀਤਾ ਜਾਵੇਗਾ। ਉਨ੍ਹਾ ਕਿਹਾ ਕਿ ਜਥੇਬੰਦੀ ਇਨ੍ਹਾਂ ਮੰਗਾਂ ਦੇ ਹੱਲ ਲਈ ਪਿਛਲੇ ਕਈ ਮਹੀਨਿਆਂ ਤੋਂ ਕਈ ਵਾਰ ਉੱਚ ਅਧਿਕਾਰੀਆਂ ਤੇ ਸਿੱਖਿਆ ਮੰਤਰੀ ਨੂੰ ਮਿਲ ਚੁੱਕੀ ਹੈ, ਪਰ ਸਰਕਾਰ ਤੇ ਅਫਸਰਸ਼ਾਹੀ ਮਸਲਿਆਂ ਦੇ ਹੱਲ ਲਈ ਸੰਜੀਦਾ ਨਹੀਂ ਹੈ। ਮਜਬੂਰਨ ਜਥੇਬੰਦੀ ਨੂੰ ਐਕਸ਼ਨ ਲਈ ਮਜਬੂਰ ਹੋਣਾ ਪਿਆ ਹੈ।

# ਈ.ਟੀ.ਟੀ. ਅਧਿਆਪਕ ਯੂਨੀਅਨ ਵੱਲੋਂ ਸਿੱਖਿਆ ਭਵਨ ਦਾ ਘਿਰਾਓ 11 ਨੂੰ



**ਮਲੋਟ, (ਗੁਰਮੀਤ ਸਿੰਘ ਮੱਕੜ, ਓਮ ਪ੍ਰਕਾਸ਼ ਸੇਖੂ)** : ਈ.ਟੀ.ਟੀ. ਅਧਿਆਪਕ ਯੂਨੀਅਨ ਪੰਜਾਬ ਦੀ ਇਕਾਈ ਦੀ ਇੱਕ ਅਹਿਮ ਮੀਟਿੰਗ ਜ਼ਿਲ੍ਹਾ ਪ੍ਰਧਾਨ ਗੁਰਪ੍ਰੀਤ ਸਿੰਘ ਬਰਾੜ ਦੀ ਅਗਵਾਈ ਹੇਠ ਹੋਈ, ਇਸ ਮੀਟਿੰਗ ਵਿੱਚ ਈ.ਟੀ.ਟੀ. ਅਧਿਆਪਕ ਯੂਨੀਅਨ ਦੇ ਸੰਸਥਾਪਕ ਜਸਵਿੰਦਰ ਸਿੰਘ ਸਿੱਧੂ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਮੀਟਿੰਗ ਵਿਚ ਜਥੇਬੰਦੀ ਵੱਲੋਂ 11 ਅਕਤੂਬਰ ਨੂੰ ਸਿੱਖਿਆ ਭਵਨ ਮੁਹਾਲੀ ਦੇ ਸੂਬਾ ਪੱਧਰੀ ਘਿਰਾਓ ਦੇ ਪ੍ਰੋਗਰਾਮ ਦੀ ਤਿਆਰੀ ਸਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ।

ਇਸ ਮੌਕੇ ਗੁਰਪ੍ਰੀਤ ਸਿੰਘ ਬਰਾੜ ਨੇ ਦੱਸਿਆ ਕਿ ਪੇ-ਕਮਿਸ਼ਨ ਰਿਪੋਰਟ ਲਾਗੂ ਹੋਣ ਤੋਂ ਬਾਅਦ ਬਣੀ ਪੇ ਅਨਾਮਲੀ ਦੂਰ ਕਰਾਉਣ, ਪੇ ਫਿਕਸੇਸ਼ਨ ਪੂਰੇ ਪੰਜਾਬ ਵਿਚ ਇਕਸਾਰ ਕਰਵਾਉਣ, ਮਾਸਟਰ ਕਾਡਰ ਪ੍ਰਮੋਸ਼ਨ ਸ਼ੁਰੂ ਕਰਵਾਉਣ, ਸਿੱਧੀ ਭਰਤੀ ਰਾਹੀਂ ਆਏ ਹੈੱਡ ਟੀਚਰ, ਸੈਂਟਰ ਹੈੱਡ ਟੀਚਰ ਉੱਪਰ ਥੋਪੀ ਜਾ ਰਹੀ ਵਿਭਾਗੀ ਟੈਸਟ ਦੀ ਸ਼ਰਤ ਖਤਮ ਕਰਵਾਉਣ, ਸਾਬਕਾ ਜ਼ਿਲ੍ਹਾ ਪ੍ਰੀਸ਼ਦ ਅਧਿਆਪਕਾਂ ਦੀ ਜ਼ਿਲ੍ਹਾ ਪ੍ਰੀਸ਼ਦ ਸਮੇਂ ਦੀ ਸਰਵਿਸ ਖਤਮ ਕਰਨ ਸਬੰਧੀ ਜਾਰੀ ਹੁਕਮ ਵਾਪਸ ਕਰਵਾਉਣ, ਸਾਬਕਾ ਅਧਿਆਪਕਾਂ ਦੀ ਆਪਸੀ ਸੀਨੀਅਰਤਾ ਦਰੁਸਤ ਕਰਨ, ਜ਼ਿਲ੍ਹਾ ਪ੍ਰੀਸ਼ਦ ਸਮੇਂ ਦੇ ਹਰ ਤਰ੍ਹਾਂ ਦੇ ਬਕਾਏ ਜਾਰੀ ਕਰਨ, ਬਦਲੀਆਂ ਦਾ ਪ੍ਰੋਸੈੱਸ ਪੂਰਾ ਕਰਨ, ਲੰਬੇ ਸਮੇਂ ਤੋਂ ਪੈਂਡਿੰਗ ਮਿਡ ਡੇ ਮੀਲ ਰਾਸ਼ੀ ਜਾਰੀ ਕਰਨ ਆਦਿ ਵਿਭਾਗੀ ਮੰਗਾਂ ਨੂੰ ਪੂਰਾ ਕਰਵਾਉਣ ਲਈ ਜਥੇਬੰਦੀ ਵੱਲੋਂ 11 ਅਕਤੂਬਰ ਨੂੰ ਸਿੱਖਿਆ ਭਵਨ ਮੁਹਾਲੀ ਦਾ ਘਿਰਾਓ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਜਥੇਬੰਦੀ ਇਨ੍ਹਾਂ ਮੰਗਾਂ ਦੇ ਹੱਲ ਲਈ ਪਿਛਲੇ ਕਈ ਮਹੀਨਿਆਂ ਤੋਂ ਕਈ ਵਾਰ ਉੱਚ ਅਧਿਕਾਰੀਆਂ ਤੇ ਸਿੱਖਿਆ ਮੰਤਰੀ ਨੂੰ ਮਿਲ ਚੁੱਕੀ ਹੈ, ਪ੍ਰੰਤੂ ਸਰਕਾਰ ਤੇ ਅਫਸਰਸ਼ਾਹੀ ਮਸਲਿਆਂ ਦੇ ਹੱਲ ਲਈ ਸੰਜੀਦਾ ਨਹੀਂ ਹੈ, ਸੋ ਮਜਬੂਰਨ ਜਥੇਬੰਦੀ ਨੂੰ ਐਕਸ਼ਨ ਦੇਣ ਲਈ ਮਜਬੂਰ ਹੋਣਾ ਪਿਆ ਹੈ। ਉਨ੍ਹਾਂ ਕਿਹਾ ਕਿ ਇਸ ਪ੍ਰੋਗਰਾਮ ਵਿੱਚ ਜ਼ਿਲ੍ਹੇ ਵਿੱਚੋਂ ਵੱਡੀ ਗਿਣਤੀ ਵਿੱਚ ਅਧਿਆਪਕ ਤੇ ਅਧਿਆਪਕਾਵਾਂ ਸ਼ਾਮਲ ਹੋਣਗੀਆਂ। ਇਸ ਮੌਕੇ ਬਲਵਿੰਦਰ ਮੱਕੜ, ਮਦਨ ਲਾਲ, ਗੁਰਪਾਲ ਸਿੰਘ, ਕੰਵਲਪ੍ਰੀਤ ਸਿੰਘ ਕੇ ਪੀ, ਜਸਕਰਨਜੀਤ ਸਿੰਘ ਨਿੱਝਰ ਆਦਿ ਆਗੂ ਹਾਜ਼ਰ ਸਨ।

# ਮਿਮਿਟ ਦੇ ਡਾਇਰੈਕਟਰ ਦੀ ਨਿਯੁਕਤੀ ਖਿਲਾਫ ਰੋਸ ਪ੍ਰਦਰਸ਼ਨ ਅੱਜ

**ਮਲੋਟ (ਗੁਰਮੀਤ ਸਿੰਘ ਮੱਕੜ)** : ਪਿਛਲੇ ਕੁੱਝ ਮਹੀਨਿਆਂ ਤੋਂ ਆਯੋਗ ਸਿੱਖਿਆ ਤੋਂ ਮਿਮਿਟ ਕਾਲਜ ਵਿਖੇ ਤਾਇਨਾਤ ਡਾਇਰੈਕਟਰ-ਕਮ-ਪ੍ਰਿੰਸੀਪਲ ਨੂੰ ਹਟਾਉਣ ਦੀ ਮੰਗ ਜ਼ੋਰ ਫੜਦੀ ਜਾ ਰਹੀ ਹੈ, ਜਿਸ ਦੇ ਲਈ ਮੁੱਖ ਮੰਤਰੀ, ਐਜੂਕੇਸ਼ਨ ਸੈਕਟਰੀ ਰਾਘਵ ਚੱਢਾ ਨੂੰ ਮੇਲ ਭੇਜ ਕੇ ਇਸ ਦੀ ਨਿਯੁਕਤੀ ਨੂੰ ਤੁਰੰਤ ਰੱਦ ਕਰਨ ਤੇ ਸਿੱਖਿਆ ਦੇ ਮਿਆਰ ਨੂੰ ਉੱਚਾ ਚੁੱਕਣ ਲਈ ਪੱਕਾ ਡਾਇਰੈਕਟਰ ਲਗਾਉਣ ਦੀ ਮੰਗ ਕੀਤੀ ਜਾ ਰਹੀ ਹੈ। ਗੱਠਜੋੜ ਤੇ ਆਪ ਦੇ ਅਹੁਦੇਦਾਰਾਂ ਦੀ ਸਹਿਮਤੀ ਨਾਲ ਨਵ- ਨਿਯੁਕਤ ਡਾਇਰੈਕਟਰ ਨੂੰ ਹਟਾਉਣ ਲਈ ਮਿਮਿਟ ਕਾਲਜ ਦੇ ਸਮੂਹ ਮੁਲਾਜ਼ਮਾਂ ਵੱਲੋਂ ਸਾਂਝੇ ਤੌਰ 'ਤੇ ਮਤਾ ਪਾਸ ਕੀਤਾ ਗਿਆ ਹੈ, ਜਿਸ ਵਿੱਚ ਉਨ੍ਹਾਂ ਇੱਕ ਆਯੋਗ ਡਾਇਰੈਕਟਰ ਦੀ ਅਗਵਾਈ ਵਿੱਚ ਕੰਮ ਨਾ ਕਰਨ ਦੀ ਗੱਲ ਕਹੀ ਹੈ। ਉਨ੍ਹਾਂ ਵੱਲੋਂ ਇਸ ਸਬੰਧੀ ਮੁੱਖ ਮੰਤਰੀ ਤੇ ਹਲਕਾ ਵਿਧਾਇਕ ਅਤੇ ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਨੂੰ ਵੀ ਇੱਕ ਡਾਇਰੈਕਟਰ ਦੀ ਨਿਯੁਕਤੀ ਰੱਦ ਕਰਨ ਦਾ ਬੇਨਤੀ ਪੱਤਰ ਭੇਜਿਆ ਗਿਆ ਹੈ। ਉਨ੍ਹਾਂ ਚੇਤਾਵਨੀ ਦਿੰਦੇ ਹੋਏ ਕਿਹਾ ਕਿ ਜੇਕਰ ਇਸ ਸਬੰਧੀ ਪੰਜਾਬ ਸਰਕਾਰ ਵੱਲੋਂ ਕੋਈ ਕਾਰਵਾਈ ਨਹੀਂ ਕੀਤੀ ਜਾਂਦੀ ਤਾਂ ਮਜਬੂਰ ਹੋ ਕੇ ਉਨ੍ਹਾਂ ਵੱਲੋਂ 7 ਅਕਤੂਬਰ ਨੂੰ ਕਾਲੀਆਂ ਝੰਡੀਆਂ ਨਾਲ ਰੋਸ ਪ੍ਰਦਰਸ਼ਨ ਕੀਤਾ ਜਾਵੇਗਾ।

# ਸਰਕਾਰ ਕਿਸਾਨਾਂ ਦੀ ਮੂੰਗੀ ਤੇ ਮੱਕੀ ਨੂੰ ਸੋਧਣ ਲਈ ਖੇਤੀ ਉਦਯੋਗ ਲਾਏਗੀ : ਧਾਲੀਵਾਲ

**ਜਗਰਾਓਂ (ਅਮਿਤ ਖੰਨਾ, ਸੰਜੀਵ ਅਰੋੜਾ)**-ਪੰਜਾਬ ਦੇ ਖੇਤੀਬਾੜੀ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਐਲਾਨ ਕੀਤਾ ਕਿ ਜਗਰਾਉਂ 'ਚ ਮਾਨ ਸਰਕਾਰ ਕਿਸਾਨਾਂ ਦੀ ਮੂੰਗੀ ਤੇ ਮੱਕੀ ਦੀ ਜਿਣਸ ਨੂੰ ਸੋਧਣ ਲਈ ਖੇਤੀ ਉਦਯੋਗ ਲਾਏਗੀ ਤੇ ਪੂਰੇ ਰਾਜ 'ਚ ਮੂੰਗੀ ਤੇ ਮੱਕੀ ਦੀ ਹੱਬ ਮੰਨੀ ਜਾਂਦੀ ਏਸੀਆ ਦੀ ਦੂਜੀ ਵੱਡੀ ਅਨਾਜ ਮੰਡੀ 'ਚ ਜਦੋਂ ਇਹ ਕਿਸਾਨਾਂ ਦੀਆਂ ਜਿਣਸਾਂ ਸੋਧ ਕੇ ਵੇਚੀਆਂ ਜਾਣਗੀਆਂ ਤਾਂ ਪੰਜਾਬ ਦੇ ਕਿਸਾਨਾਂ ਨੂੰ ਆਪਣੀਆਂ ਜਿਣਸਾਂ ਦਾ ਦੁੱਗਣਾ ਭਾਅ ਮਿਲੇਗਾ। ਧਾਲੀਵਾਲ ਖੇਤੀਬਾੜੀ ਵਿਭਾਗ ਵੱਲੋਂ ਲਾਏ ਗਏ ਕਿਸਾਨ ਮੇਲੇ ਨੂੰ ਸੰਬੋਧਨ ਕਰਨ ਲਈ ਪੁੱਜੇ ਸਨ, ਜਿਨ੍ਹਾਂ ਨੇ ਇੱਥੋਂ ਦੀ ਵਿਧਾਇਕ ਬੀਬੀ ਸਰਵਜੀਤ ਕੌਰ ਮਾਣੂੰਕੇ ਵਲੋਂ ਉਪਰੋਕਤ ਮੰਗ ਰੱਖਣ 'ਤੇ ਸਰਕਾਰ ਵਲੋਂ ਇਹ ਐਲਾਨ ਕੀਤਾ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਖੇਤੀ ਧੰਦੇ ਨੂੰ ਲਾਹੇਵੰਦ ਧੰਦਾ ਬਣਾਉਣਾ ਚਾਹੁੰਦੀ ਹੈ ਤੇ ਇਸ ਦੇ ਨਾਲ-ਨਾਲ ਰਾਜ ਦੇ ਕਿਸਾਨਾਂ ਨੂੰ ਫ਼ਸਲੀ ਚੱਕਰ 'ਚੋਂ ਕੱਢ ਕੇ ਸਬਜੀਆਂ ਅਤੇ ਦਾਲਾਂ ਤੇ ਹੋਰ ਫ਼ਸਲਾਂ ਨਾਲ ਜੋੜਨਾ ਚਾਹੁੰਦੀ ਤੇ ਇਸ ਮੁੱਦੇ 'ਤੇ ਵੀ ਸਰਕਾਰ ਵਚਨਬੱਧ ਹੈ ਕਿ ਜਿਸ ਤਰ੍ਹਾਂ ਇਸ ਵਾਰ ਮੂੰਗੀ 'ਤੇ ਪੰਜਾਬ ਸਰਕਾਰ ਵਲੋਂ ਕਿਸਾਨਾਂ ਨੂੰ ਐੱਮ.ਐੱਸ.ਪੀ. ਅਨੁਸਾਰ ਭਾਅ ਦਿੱਤਾ ਗਿਆ ਹੈ, ਆਉਂਦੇ ਸੀਜਨਾਂ ਦੌਰਾਨ ਗੰਨੇ, ਮੱਕੀ ਤੇ ਹੋਰ ਜਿਣਸਾਂ ਉਪਰ ਵੀ ਕਿਸਾਨਾਂ ਨੂੰ ਲਾਹੇਵੰਦ ਭਾਅ ਦਿੱਤੇ ਜਾਣ।

ਇਸ ਮੌਕੇ ਵਿਧਾਇਕ ਹਰਦੀਪ ਸਿੰਘ ਮੁੰਡੀਆ, ਖੇਤੀਬਾੜੀ ਵਿਭਾਗ ਦੇ ਵਧੀਕ ਸਕੱਤਰ ਸਰਬਜੀਤ ਸਿੰਘ, ਡਾਇਰੈਕਟਰ ਡਾ. ਗੁਰਵਿੰਦਰ ਸਿੰਘ ਖਾਲਸਾ, ਡਾ. ਰਾਜ ਕੁਮਾਰ, ਡੀ.ਸੀ. ਲੁਧਿਆਣਾ ਸੁਰਭੀ ਮਲਿਕ, ਡਾ. ਐੱਸ.ਐੱਸ. ਗੋਸਲ, ਡਾ. ਅਮਨਜੀਤ ਸਿੰਘ ਧਾਲੀਵਾਲ, ਡਾ. ਰਜਿੰਦਰਪਾਲ ਸਿੰਘ ਔਲਖ, ਡਾ. ਗੁਰਦੀਪ ਸਿੰਘ, ਪ੍ਰੀਤਮ ਸਿੰਘ ਅਖਾੜਾ, ਕੰਵਲ ਨਰਿੰਦਰ ਸਿੰਘ ਕੰਗ, ਪ੍ਰੋ. ਸੁਖਵਿੰਦਰ ਸਿੰਘ, ਐਡਵੋਕੇਟ ਕਰਮ ਸਿੰਘ ਚੀਮਾ, ਆੜ੍ਹਤੀਆ ਐਸੋਸੀਏਸਨ ਜ਼ਿਲ੍ਹਾ ਪ੍ਰਧਾਨ ਰਾਜ ਕੁਮਾਰ ਭੱਲਾ, ਜਗਰਾਉਂ ਦੇ ਪ੍ਰਧਾਨ ਸਵਰਨਜੀਤ ਸਿੰਘ ਗਿੱਦੜਵਿੰਡੀ ਆਦਿ ਹਾਜ਼ਰ ਸਨ।

# ਦਾਣਾ ਮੰਡੀ ਧਨੌਲਾ ਵਿਖੇ ਝੋਨੇ ਦੀ ਖਰੀਦ ਸ਼ੁਰੂ



**ਧਨੌਲਾ (ਕਰਮਜੀਤ ਸਿੰਘ ਸਾਗਰ)**-ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ ਨਿਰਦੇਸ਼ਾਂ ਹੇਠ ਕੈਬਨਿਟ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਨੇ ਅਨਾਜ ਮੰਡੀ ਧਨੌਲਾ ਵਿਖੇ ਸਾਬਕਾ ਚੇਅਰਮੈਨ ਮਾਰਕੀਟ ਕਮੇਟੀ ਧਨੌਲਾ ਜੀਵਨ ਕੁਮਾਰ ਬਾਂਸਲ ਦੀ ਆੜ੍ਹਤ 'ਤੇ ਆਈ ਝੋਨੇ ਦੀ ਢੇਰੀ ਦੀ ਬੋਲੀ ਕਰਵਾ ਕੇ ਸਰਕਾਰੀ ਖਰੀਦ ਦੀ ਸ਼ੁਰੂਆਤ ਕਰਵਾਈ ਗਈ। ਕੈਬਨਿਟ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਕਿਸਾਨਾਂ ਨੂੰ ਅਪੀਲ ਕੀਤੀ ਹੈ ਕਿ ਕਿਸਾਨਾਂ ਨੂੰ ਮੰਡੀਆਂ 'ਚ ਝੋਨੇ ਫਸਲ ਲਿਆਉਣ 'ਤੇ ਕਿਸੇ ਕਿਸਮ ਦੀ ਦਿੱਕਤ ਨਹੀਂ ਆਉਣ ਦਿੱਤੀ ਜਾਵੇਗੀ। ਉਨ੍ਹਾਂ ਨੇ ਕਿਹਾ ਕਿ 14 ਫੀਸਦੀ ਨਮੀਂ ਵਾਲੀ ਫਸਲ ਮੰਡੀਆਂ 'ਚ ਲਿਆਓ ਤੇ ਤੁਹਾਡੀ ਫ਼ਸਲ ਦੀ ਅਦਾਇਗੀ ਨਾਲ ਦੀ ਨਾਲ ਕੀਤੀ ਜਾਵੇਗੀ। ਕਿਸਾਨਾਂ ਨੂੰ ਆਪਣੀ ਫਸਲ ਦੀ ਕੀਮਤ ਲੈਣ ਲਈ ਕਿਤੇ ਵੀ ਏਧਰ ਉਧਰ ਜਾਣ ਦੀ ਲੋੜ ਨਹੀਂ ਪਵੇਗੀ। ਇਸ ਮੌਕੇ ਉਨ੍ਹਾਂ ਨਾਲ ਐੱਸ ਡੀ ਐੱਮ ਬਰਨਾਲਾ ਗੋਪਾਲ ਸਿੰਘ, ਮਾਰਕੀਟ ਕਮੇਟੀ ਧਨੌਲਾ ਦੇ ਸਾਬਕਾ ਚੇਅਰਮੈਨ ਜੀਵਨ ਕੁਮਾਰ ਬਾਂਸਲ, ਆੜ੍ਹਤੀਆ ਬੋਨੀ ਕੁਮਾਰ, ਦੀਪਕ ਕੁਮਾਰ ਬਾਂਸਲ, ਗੋਲਾ ਰਾਮ, ਕ੍ਰਿਸ਼ਨ ਕੁਮਾਰ ਭੋਲਾ, ਰਾਮ ਲਾਲ, ਬਲਵਿੰਦਰ ਕੁਮਾਰ ਬਾਂਸਲ ਦੇ ਨਾਲ ਨਾਇਬ ਤਹਿਸੀਲਦਾਰ ਧਨੌਲਾ ਆਸ਼ੂ ਪ੍ਰਭਾਸ ਜੋਸ਼ੀ, ਪ੍ਰਧਾਨ ਹਰਦੀਪ ਸਿੰਘ ਸੋਢੀ, ਟਰੱਕ ਯੂਨੀਅਨ ਦੇ ਪ੍ਰਧਾਨ ਬੂਟਾ ਸਿੰਘ, ਇੰਸਪੈਕਟਰ ਵਰਨ ਕੁਮਾਰ, ਇੰਸਪੈਕਟਰ ਸਤਬੀਰ ਸਿੰਘ ਏ ਐੱਫ ਐੱਸ ਓ, ਪ੍ਰਦੀਪ ਸਿੰਘ ਤੇ ਹਰਪ੍ਰੀਤ ਸਿੰਘ ਟੋਨੀ ਜੋਗਾ ਤੋਂ ਇਲਾਵਾ ਹੋਰ ਬਹੁਤ ਸਾਰੇ ਅਧਿਕਾਰੀ ਤੇ ਆਗੂ ਹਾਜ਼ਰ ਸਨ।

# ਕੋਰਸ ਪੂਰਾ ਕਰਨ ਵਾਲੀਆਂ ਲੜਕੀਆਂ ਨੂੰ ਸਿਲਾਈ ਮਸ਼ੀਨਾਂ ਤੇ ਸਰਟੀਫਿਕੇਟ ਵੰਡੇ

**ਧੂਰੀ (ਸੁਖਦੇਵ ਧੂਰੀ)**-ਨਿਸ਼ਕਾਮ ਸੇਵਾ ਸਭਾ ਵੱਲੋਂ ਮਹੇਸ਼ ਬਿਰਧ ਆਸ਼ਰਮ ਵਿਖੇ ਚੱਲ ਰਹੇ ਸਿਲਾਈ ਕੋਰਸ ਨੂੰ ਸਫਲਤਾਪੂਰਨ ਮੁਕੰਮਲ ਕਰਨ ਉਪਰੰਤ ਦਸ ਲੜਕੀਆਂ ਨੂੰ ਸਨਮਾਨਤ ਕਰਨ ਲਈ ਇਕ ਵਿਸ਼ੇਸ਼ ਸਮਾਗਮ ਕੀਤਾ ਗਿਆ।

ਇਸ ਸਮਾਗਮ ਦੇ ਮੁੱਖ ਮਹਿਮਾਨ ਵਜੋਂ ਉਦਯੋਗਪਤੀ



ਡਾ. ਏ. ਆਰ. ਸ਼ਰਮਾ ਸੀ.ਐੱਮ.ਡੀ. ਰਾਈਸੀਲਾ ਫੂਡਜ਼ ਤੇ ਪ੍ਰਧਾਨਗੀ ਮੰਡਲ ਵਿੱਚ ਸਮਾਜ ਸੇਵੀ ਮਲਕੀਤ ਸਿੰਘ ਚਾਂਗਲੀ, ਸਾਬਕਾ ਡੀ.ਪੀ.ਆਰ.ਓ. ਮਨਜੀਤ ਸਿੰਘ ਬਖਸ਼ੀ, ਸਤੀਸ਼ ਚੰਦਰਾ ਅਰੋੜਾ, ਘੁਮੰਡ ਸਿੰਘ ਸੋਹੀ ਤੇ ਪ੍ਰਿੰਸੀਪਲ ਅਸ਼ੋਕ ਰੈਣਾ ਸੁਸ਼ੋਭਤ ਸਨ। ਆਪਣੇ ਸੰਬੋਧਨ ਵਿੱਚ ਡਾ. ਏ. ਆਰ. ਸ਼ਰਮਾ ਨੇ ਨਿਸ਼ਕਾਮ ਸੇਵਾ ਸਭਾ ਦੇ ਮੋਢੀ ਮਹਾਸ਼ਾ ਪ੍ਰਤਿੱਗਿਆ ਪਾਲ ਨੂੰ ਇੱਕ ਕਰਮਯੋਗੀ ਇਨਸਾਨ ਦੱਸਦੇ ਹੋਏ ਕਿਹਾ ਕਿ ਪਿਛਲੇ ਪੰਜ ਦਹਾਕਿਆਂ ਤੋਂ ਮਹਾਸ਼ਾ ਜੀ ਸਮਾਜ ਸੇਵਾ ਦੇ ਕੰਮਾਂ ਵਿੱਚ ਨਿਸ਼ਠਾ ਤੇ ਲਗਨ ਨਾਲ ਕਾਰਜਸ਼ੀਲ ਹਨ। ਉਨ੍ਹਾਂ ਦੀ ਪ੍ਰੇਰਣਾ ਨਾਲ ਹੀ ਸ਼ਹਿਰ ਵਿੱਚ ਅਨੇਕਾਂ ਲੋਕ ਭਲਾਈ ਦੇ ਪ੍ਰੋਜੈਕਟ ਚੱਲ ਰਹੇ ਹਨ। ਡਾ. ਏ. ਆਰ. ਸ਼ਰਮਾ ਨੇ ਬਿਹਤਰ ਸਮਾਜ ਸਿਰਜਣਾ ਲਈ ਮਿਲ ਕੇ ਹੰਭਲਾ ਮਾਰਨ ਦੀ ਲੋੜ 'ਤੇ ਜ਼ੋਰ ਦਿੱਤਾ। ਉਨ੍ਹਾਂ ਸਫਲਤਾਪੂਰਵਕ ਸਿਖਲਾਈ ਕੋਰਸ ਪਾਸ ਕਰਕੇ ਜਾ ਰਹੀਆਂ ਲੜਕੀਆਂ ਨੂੰ ਸਖਤ ਮਿਹਨਤ ਕਰਨ ਦੀ ਪ੍ਰੇਰਣਾ ਦਿੱਤੀ।

ਸਾਬਕਾ ਡੀ.ਪੀ.ਆਰ.ਓ. ਮਨਜੀਤ ਸਿੰਘ ਬਖਸ਼ੀ ਨੇ ਡਾ. ਏ. ਆਰ. ਸ਼ਰਮਾ ਦੇ ਪਰਿਵਾਰ ਵੱਲੋਂ ਸਮਾਜ ਸੇਵਾ ਦੇ ਖੇਤਰ 'ਚ ਪਾਏ ਯੋਗਦਾਨ ਦੀ ਚਰਚਾ ਕੀਤੀ। ਇਸ ਮੌਕੇ ਕੰਪਿਊਟਰ ਅਧਿਆਪਕ ਬਲਜੀਤ ਸਿੰਘ ਤੇ ਸਿਲਾਈ ਅਧਿਆਪਕਾ ਮੈਡਮ ਵੰਦਨਾ ਨੇ ਨਿਸ਼ਕਾਮ ਸੇਵਾ ਵੱਲੋਂ ਚਲਾਏ ਜਾ ਰਹੇ ਕੰਪਿਊਟਰ ਤੇ ਸਿਲਾਈ ਦੇ ਕੋਰਸਾਂ ਬਾਰੇ ਜਾਣਕਾਰੀ ਦਿੱਤੀ।

ਸਟੇਜ ਦੀ ਕਾਰਵਾਈ ਹੰਸ ਰਾਜ ਗਰਗ ਨੇ ਬਾਖੂਬੀ ਨਿਭਾਈ। ਇਸ ਸਮੇਂ ਹੋਰਨਾਂ ਤੋਂ ਇਲਾਵਾ ਤਰਸੇਮ ਮਿੱਤਲ, ਸੁਰਜੀਤ ਸਿੰਘ, ਰਾਮੇਸ਼ਵਰ ਦਾਸ, ਅਮਰਜੀਤ ਸਿੰਘ ਆਦਿ ਹਾਜ਼ਰ ਸਨ।

# ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੀ ਹਲਕਾ ਪੱਧਰੀ ਮੀਟਿੰਗ 'ਚ ਅਹਿਮ ਵਿਚਾਰਾਂ



ਮਹਿਲ ਕਲਾਂ, (ਗੁਰਪ੍ਰੀਤ ਅਣਖੀ, ਬਲਵਿੰਦਰ ਵਜੀਦਕੇ) ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੀ ਹਲਕਾ ਮਹਿਲ ਕਲਾਂ ਦੀ ਅਹਿਮ ਮੀਟਿੰਗ ਇਥੇ ਗੁਰਦੁਆਰਾ ਸਾਹਿਬ ਵਿਖੇ ਹੋਈ। ਇਸ ਮੌਕੇ ਪਾਰਟੀ ਦੇ ਹਲਕਾ ਇੰਚਾਰਜ ਭਾਈ ਗੁਰਜੰਟ ਸਿੰਘ ਕੱਟੂ ਨੇ ਸੰਬੋਧਨ ਕਰਦਿਆਂ ਦੱਸਿਆ ਕਿ ਮਾਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਬੂਥ, ਜ਼ੋਨ ਤੇ ਸਰਕਲ ਪੱਧਰ 'ਤੇ ਨਵੀਆਂ ਇਕਾਈਆਂ ਦਾ ਗਠਨ ਕੀਤਾ ਜਾ ਰਿਹਾ। ਕੇਂਦਰ ਸਰਕਾਰ ਵੱਲੋਂ ਜਾਰੀ ਕੀਤੇ 9 ਕਰੋੜ ਰੁਪਏ ਦੀ ਰਾਸ਼ੀ ਨੂੰ ਮਾਨ ਵੱਲੋਂ ਪਿੰਡਾਂ ਸ਼ਹਿਰਾਂ ਅਤੇ ਕਸਬਿਆਂ ਦੇ ਵਿਕਾਸ ਲਈ ਪਿੰਡ ਪੱਧਰ ਦੀਆਂ ਕਮੇਟੀਆਂ ਰਾਹੀਂ ਵੰਡੀ ਜਾਵੇਗੀ। ਇਸ ਸਮੇਂ ਵੱਖ-ਵੱਖ ਸਰਕਲਾਂ ਦੇ ਪਿੰਡਾਂ ਨੂੰ ਜ਼ੋਨਾਂ ਵਿੱਚ ਵੰਡ ਕੇ ਪਿੰਡਾਂ ਦੇ ਇੰਚਾਰਜ ਵੀ ਨਿਯੁਕਤ ਕੀਤੇ ਗਏ। ਇਸ ਜਥੇ: ਮਹਿੰਦਰ ਸਿੰਘ ਸਹਿਜੜਾ, ਜਥੇ: ਜੀਤ ਸਿੰਘ ਮਾਂਗੇਵਾਲ, ਜਥੇ: ਰਾਮ ਸਿੰਘ ਗਹਿਲ, ਜਥੇ: ਮੁਖਤਿਆਰ ਸਿੰਘ ਛਾਪਾ, ਹਰਵਿੰਦਰ ਸਿੰਘ, ਅਵਤਾਰ ਸਿੰਘ ਕੁਤਬਾ, ਲਾਭ ਸਿੰਘ ਹਰਦਾਸਪੁਰਾ, ਨਾਇਬ ਸਿੰਘ ਨਿਹਾਲੂਵਾਲ, ਅਜਮੇਰ ਸਿੰਘ ਭੱਠਲ, ਸੁਖਦੇਵ ਸਿੰਘ ਰਾਗੀ, ਪ੍ਰਗਟ ਸਿੰਘ ਕੁਰੜ, ਢਾਡੀ ਪਰਮਜੀਤ ਸਿੰਘ ਪੰਮਾ, ਜਗਦੇਵ ਸਿੰਘ ਨਿਹਾਲੂਵਾਲ, ਰਣਜੀਤ ਸਿੰਘ ਚੰਨਣਵਾਲ, ਡਾ. ਕੇਸਰ ਖ਼ਾਨ, ਅਵਤਾਰ ਸਿੰਘ ਚੀਮਾ ਆਦਿ ਹਾਜ਼ਰ ਸਨ।

# ਮੇਹਰ ਚੰਦ ਪੌਲੀਟੈਕਨਿਕ ਕਾਲਜ ਵੱਲੋਂ ਸਰਟੀਫਿਕੇਟਾਂ ਦੀ ਵੰਡ






**ਜਲੰਧਰ (ਸ਼ੈਲੀ)**-ਭਾਰਤ ਸਰਕਾਰ ਦੇ ਹੁਨਰ ਵਿਕਾਸ ਅਤੇ ਉੱਦਮ ਮੰਤਰਾਲੇ ਵਲੋਂ ਤਕਨੀਕੀ ਸਿੱਖਿਆ ਰਾਹੀਂ ਨੌਜਵਾਨਾਂ ਦਾ ਜੀਵਨ ਪੱਧਰ ਉੱਚਾ ਚੁੱਕਣ ਲਈ ਚਲਾਈ ਜਾ ਰਹੀ ਸੀ.ਡੀ.ਟੀ.ਪੀ. ਸਕੀਮ ਦੇ ਤਹਿਤ ਪ੍ਰਿੰਸੀਪਲ ਡਾ. ਜਗਰੂਪ ਸਿੰਘ ਅਤੇ ਪ੍ਰੋ. ਕਸ਼ਮੀਰ ਕੁਮਾਰ ਇੰਟ੍ਰਨਲ ਕੋਆਰਡੀਨੇਟਰ ਦੀ ਯੋਗ ਅਗਵਾਈ ਹੇਠ ਮੇਹਰ ਚੰਦ ਪੌਲਿਟੈਕਨਿਕ ਕਾਲਜ ਜਲੰਧਰ ਦੇ ਸੀ.ਡੀ.ਟੀ.ਪੀ. ਵਿਭਾਗ ਵਲੋਂ ਆਪਣੇ ਪ੍ਰਸਾਰ ਕੇਂਦਰ ਅਰਬਨ ਇਸਟੇਟ (ਜਲੰਧਰ) ਵਿਖੇ ਸਰਟੀਫਿਕੇਟ ਵੰਡੇ ਗਏ। ਇਹ ਪ੍ਰਸਾਰ ਕੇਂਦਰ ਸਵੈ-ਸੇਵੀ ਸੰਸਥਾ ਗੁਲਿਸਤਾਨ ਸੋਸਾਇਟੀ ਆਫ਼ ਸੀਨੀਅਰ ਸਿਟੀਜਨ ਦੇ ਸਹਿਯੋਗ ਨਾਲ ਲੜਕੀਆਂ ਨੂੰ ਸਵੈਰੁਜ਼ਗਾਰ ਕਰਨ ਵਾਸਤੇ ਚਲਾਇਆ ਜਾ ਰਿਹਾ ਹੈ। ਇਸ ਕੋਰਸ ਵਿੱਚ ਤਕਰੀਬਨ 19 ਵਿਦਿਆਰਥਣਾਂ ਨੇ ਮੈਡਮ ਖੁਸ਼ੀ ਦੀ ਅਗਵਾਈ ਵਿੱਚ ਸਿਲਾਈ-ਕਢਾਈ ਦੀ 6 ਮਹੀਨੇ ਦੀ ਟ੍ਰੇਨਿੰਗ ਸੰਪਨ ਕੀਤੀ। ਇਸ ਸਾਦਗੀ ਸਮਾਰੋਹ ਦੇ ਮੁਬਾਰਕ ਮੌਕੇ 'ਤੇ ਕੌਂਸਲਰ ਸ਼੍ਰੀਮਤੀ ਸਰਬਜੀਤ ਕੌਰ ਬਿੱਲਾ (ਵਾਰਡ ਨੰ:25) ਮੁੱਖ ਮਹਿਮਾਨ ਸਨ। ਸੋਸਾਇਟੀ ਦੇ ਸਰਪ੍ਰਸਤ ਅਜੀਤ ਗੋਸੁਆਮੀ ਵਲੋਂ ਸਾਰੇ ਆਏ ਮਹਿਮਾਨਾਂ ਨੂੰ ਜੀ ਆਇਆਂ ਕਿਹਾ ਗਿਆ ਅਤੇ ਉ.ਪੀ ਸ਼ਰਮਾ, ਸੱਤਪਾਲ ਅਤੇ ਬਹੁਤ ਸਾਰੇ ਮੌਜੂਦ ਸੀਨੀਅਰ ਮੈਂਬਰਾਂ ਨੇ ਬੱਚੀਆਂ ਨੂੰ ਆਸ਼ੀਰਵਾਦ ਦਿੱਤਾ। ਪ੍ਰੋ. ਕਸ਼ਮੀਰ ਕੁਮਾਰ ਇੰਟ੍ਰਨਲ ਕੋਆਰਡੀਨੇਟਰ, ਨੇਹਾ(ਸੀ. ਡੀ. ਕੰਸਲਟੈਂਟ) ਦੀ ਮੌਜੂਦਗੀ ਵਿੱਚ ਗੁਲਿਸਤਾਨ ਸੋਸਾਇਟੀ ਜਲੰਧਰ ਨੇ ਮੁੱਖ ਮਹਿਮਾਨ ਰਾਹੀਂ ਪਹਿਲੇ ਅਤੇ ਦੂਸਰੇ ਸਥਾਨ 'ਤੇ ਆਉਣ ਵਾਲੀਆਂ ਸਿਖਿਆਰਥਣਾਂ ਨੂੰ ਟ੍ਰੇਨਿੰਗ ਸਰਟੀਫਿਕੇਟ ਅਤੇ ਸਿਲਾਈ ਮਸ਼ੀਨਾਂ ਮੁਹੱਈਆ ਕਰਵਾਈਆਂ ਤਾਂਕਿ ਉਹ ਸਵੈਰੁਜ਼ਗਾਰ ਨਾਲ ਆਤਮ ਨਿਰਭਰ ਹੋ ਸਕਣ ਅਤੇ ਸਮਾਜ ਦਾ ਅਨਮੋਲ ਹਿੱਸਾ ਬਨਣ। ਇਸ ਮੁਬਾਰਕ ਮੌਕੇ ਜਿੱਥੇ ਮੈਂਬਰਾਂ ਨੇ ਵੱਖ-ਵੱਖ ਮੁੱਦਿਆਂ 'ਤੇ ਭਾਸ਼ਨ ਦਿੱਤਾ ਉਥੇ ਬੱਚਿਆਂ ਨੇ ਰੰਗ-ਬਿਰੰਗੀਆਂ ਪੁਸ਼ਾਕਾ ਵਿੱਚ ਸ਼ਾਮਿਲ ਹੋ ਕੇ ਆਪਣੇ ਹੁਨਰ ਦਾ ਮੁਜ਼ਾਰਾ ਕੀਤਾ। ਸਿੱਖਿਆਰਥਣਾਂ ਵਲੋਂ ਇਕ ਬਹੁਤ ਹੀ ਖੂਬਸੂਰਤ ਤਿਆਰ ਕੀਤਾ ਬੈਗ ਮੁੱਖ ਮਹਿਮਾਨਾਂ ਨੂੰ ਭੇਟ ਕੀਤਾ ਗਿਆ। ਵਾਤਾਵਰਣ ਨਾਲ ਪ੍ਰੇਮ ਦਰਸਾਉਂਦਿਆਂ ਸੋਸਾਇਟੀ ਦੀ ਤਰਫੋਂ ਮਹਿਮਾਨਾਂ ਨੂੰ ਸਜਾਵਟੀ ਪੌਦੇ ਤੋਹਫ਼ੇ ਵਜੋਂ ਦਿੱਤੇ ਗਏ ਤਾਂਕਿ ਉਹ ਵੀ ਵਾਤਾਵਰਣ ਪ੍ਰੇਮੀ ਬਨਣ। ਇੰਟ੍ਰਨਲ ਕੋਆਰਡੀਨੇਟਰ ਨੇ ਨਾਰੀ ਸ਼ਕਤੀ ਨੂੰ ਜਾਗ੍ਰਿਤ ਕਰਨ ਦਾ ਸੁਨੇਹਾ ਦਿੱਤਾ। ਸੀ. ਡੀ. ਕੰਸਲਟੈਂਟ ਨੇਹਾ ਅਤੇ ਮੈਡਮ ਖੁਸ਼ੀ ਦੇ ਯਤਨਾਂ ਸਦਕਾ ਇਹ ਸਮਾਰੋਹ ਨੇਪਰੇ ਚੜ੍ਹਿਆ।

# ਐੱਸ ਡੀ ਕਾਲਜ ਫਾਰ ਵੁਮੈਨ 'ਚ 2 ਦਿਨਾ ਟੇਲੈਂਟ ਹੰਟ ਸੰਪੰਨ

**ਸੁਲਤਾਨਪੁਰ ਲੋਧੀ, ( ਹਨੀ )** ਐਸ. ਡੀ. ਕਾਲਜ ਫਾਰ ਵੂਮੈਨ ਸੁਲਤਾਨਪੁਰ ਲੋਧੀ ਵਿਖੇ ਪ੍ਰਿੰਸੀਪਲ ਡਾ. ਵੰਦਨਾ ਸ਼ੁਕਲਾ ਦੀ ਅਗਵਾਈ ਅਤੇ ਯੂਥ ਕਲੱਬ ਦੇ ਇੰਚਾਰਜ ਮੈਡਮ ਰਜਿੰਦਰ ਕੌਰ ਦੀ ਦੇਖ ਰੇਖ ਵਿੱਚ ਦੋ ਦਿਨਾ ਟੇਲੈਂਟ ਹੰਟ ਦੇ ਦੂਜੇ ਦਿਨ ਵਿਦਿਆਰਥਣਾਂ ਸੋਲੋ ਡਾਂਸ, ਗਰੁੱਪ ਡਾਂਸ ਅਤੇ ਫੈਂਸੀ ਡਰੈੱਸ ਮੁਕਾਬਲੇ ਵਿੱਚ ਵਿਦਿਆਰਥਣਾਂ ਵੱਡੀ ਗਿਣਤੀ ਵਿਚ ਹਿੱਸਾ ਲਿਆ ਅਤੇ ਆਪਣੀ ਪ੍ਰਤਿਭਾ ਦਾ ਸ਼ਾਨਦਾਰ ਪ੍ਰਦਰਸ਼ਨ ਕੀਤਾ। ਸੋਲੋ ਡਾਂਸ ਮੁਕਾਬਲੇ ਵਿੱਚ ਬੀ ਕਾਮ ਭਾਗ ਤੀਜਾ ਦੀ ਅਮਨਦੀਪ ਕੌਰ ਜੇਤੂ ਰਹੀ। ਗਰੁੱਪ ਡਾਂਸ ਵਿਚ ਨਿਧੀ ਤੇ ਕੁਲਵਿੰਦਰ ਕੌਰ ਜੇਤੂ ਰਹੀਆਂ। ਇਸੇ ਤਰ੍ਹਾਂ ਫੈਂਸੀ ਡਰੈੱਸ ਵਿਚ ਜਪਜੀਤ ਕੌਰ ਜੇਤੂ ਰਹੀ। ਪ੍ਰਿੰਸੀਪਲ ਡਾ. ਵੰਦਨਾ ਸ਼ੁਕਲਾ ਨੇ ਵਿਦਿਆਰਥਣਾਂ ਵੱਲੋਂ ਦਿਖਾਈ ਪ੍ਰਤਿਭਾ ਦੀ ਭਰਪੂਰ ਸ਼ਲਾਘਾ ਕੀਤੀ। ਇਸ ਮੌਕੇ ਮੈਡਮ ਰਜਨੀ ਬਾਲਾ, ਰਾਜਬੀਰ ਕੌਰ, ਕਸ਼ਮੀਰ ਕੌਰ, ਸੁਨੀਤਾ ਕਲੇਰ, ਰੀਟਾ ਮਸੀਹ ਆਦਿ ਸਟਾਫ ਮੈਂਬਰ ਹਾਜ਼ਰ ਸਨ।



# ਕੇ ਐੱਲ ਆਰੀਆ ਗਰਲਜ਼ ਹਾਈ ਸਕੂਲ ਵਿਖੇ ਬਗੀਚਾ ਬਣਾਇਆ



**ਜਲੰਧਰ ( ਇਕਬਾਲ ਸਿੰਘ ਉੱਭੀ )** ਕੇ. ਐਲ. ਆਰਿਆ ਗਰਲਜ ਹਾਈ ਸਕੂਲ ਜਲੰਧਰ ਕੈਂਟ ਵਿਖੇ ਭਾਰਤ ਅਭਿਆਨ ਦੇ ਤਹਿਤ ਬਾਗ ਬਣਾਇਆ ਗਿਆ। ਵਿਦਿਆਰਥੀਆਂ ਨੇ ਗਮਲਿਆਂ ਵਿੱਚ ਪੌਦੇ ਅਤੇ ਹਰੀਆਂ ਸਬਜ਼ੀਆਂ ਲਗਾਈਆਂ। ਡਾਇਰੈਕਟਰ ਸੰਧਿਆ ਕੌਂਸਲ ਨੇ ਵਿਦਿਆਰਥੀਆਂ ਨੂੰ ਪੋਸ਼ਣ ਪ੍ਰਤੀ ਜਾਗਰੂਕ ਕਰਦੇ ਹੋਏ ਹਰੀਆਂ ਸਬਜੀਆਂ ਅਤੇ ਪੌਸ਼ਟਿਕ ਭੋਜਨ ਦਾ ਸੇਵਨ ਕਰਨ ਦੀ ਅਪੀਲ ਕੀਤੀ। ਉਨ੍ਹਾਂ ਵਿਦਿਆਰਥੀਆਂ ਨੂੰ ਵੱਖ-ਵੱਖ ਹਰੀਆਂ ਸਬਜੀਆਂ ਦੇ ਫਾਇਦਿਆਂ ਬਾਰੇ ਵੀ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਇਸ ਤੋਂ ਬਾਅਦ ਵਿਦਿਆਰਥੀਆਂ ਨੇ ਵੱਖ-ਵੱਖ ਥਾਵਾਂ ਤੋਂ ਇਕੱਠੇ ਕੀਤੇ ਕਰੇਲੇ, ਧਨੀਆ, ਲੌਕੀ, ਤੁਰਈ, ਤੁਲਸੀ ਦੇ ਪੌਦੇ ਸਕੂਲ ਦੇ ਗਮਲਿਆਂ ਵਿੱਚ ਲਗਾਏ। ਵਿਦਿਆਰਥੀਆਂ ਨੇ " ਲਗਾਏ ਪੌਦਿਆਂ ਦੀ ਸਾਂਭ ਸੰਭਾਲ " ਦਾ ਪ੍ਰਣ ਵੀ ਲਿਆ। ਸਿੱਖਿਆ ਵਿਭਾਗ ਵੱਲੋਂ ਅਧਿਆਪਕਾਂ ਨੂੰ ਸਕੂਲਾਂ ਵਿੱਚ ਬਾਗ ਤਿਆਰ ਕਰਨ ਦੀਆਂ ਹਦਾਇਤਾਂ ਵੀ ਦਿੱਤੀਆਂ ਗਈਆਂ। ਸ੍ਰੀਮਤੀ ਅਨੀਤਾ ਸ਼ਰਮਾ, ਸੀਨੀਅਰ ਅਧਿਆਪਕਾ ਨੇ ਕਿਹਾ ਕਿ ਪੋਸ਼ਣ ਜੀਵਨ ਦਾ ਇੱਕ ਤਰੀਕਾ ਹੋਣਾ ਚਾਹੀਦਾ ਹੈ ਜਿਸ ਲਈ ਇਹ ਜਰੂਰੀ ਹੈ ਕਿ ਇਸ ਲਈ ਲੋੜੀਂਦੀ ਸਾਰੀ ਸਮੱਗਰੀ ਲੋਕਾਂ ਦੀ ਪਹੁੰਚ ਵਿੱਚ ਹੋਵੇ।

# ਸ਼ਸਤਰ ਪੂਜਾ ਭਾਰਤੀ ਸੰਸਕ੍ਰਿਤੀ ਪ੍ਰੰਪਰਾਵਾਂ ਦੀ ਏਕਤਾ 'ਤੇ ਦਿੰਦੀ ਹੈ ਜ਼ੋਰ : ਮਿੱਕੀ ਪੰਡਿਤ



**ਟਾਂਡਾ ਉੜਮੁੜ (ਜਸਵਿੰਦਰ ਸੰਧੂ ਉਂਕਾਰ ਸਿੰਘ)**-ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਭਾਰਤੀ ਸੰਸਕ੍ਰਿਤੀ ਪ੍ਰੰਪਰਾਵਾਂ ਦੀ ਏਕਤਾ ਨੂੰ ਦਰਸਾਉਣ ਸਬੰਧੀ ਬੀਤੀ ਸ਼ਾਮ ਸ਼ਿਵ ਸੈਨਾ ਪੰਜਾਬ ਦੇ ਉੱਤਰ ਭਾਰਤ ਪ੍ਰਧਾਨ ਮਿੱਕੀ ਪੰਡਿਤ ਦੀ ਅਗਵਾਈ ਵਿਚ ਬਾਬਾ ਹਰਗੋਬਿੰਦ ਦਾਸ ਸਮਾਧ ਉੜਮੁਚਟ ਵਿਖੇ ਸ਼ਸਤਰ ਪੂਜਾ ਅਰਚਨਾ ਦਾ ਆਯੋਜਨ ਕੀਤਾ ਗਿਆ। ਜਿਸ ਵਿੱਚ ਸ਼ਿਵ ਸੈਨਾ ਦੋਆਬਾ ਪ੍ਰਧਾਨ ਰਾਹੁਲ ਖੰਨਾ, ਜ਼ਿਲਾ ਪ੍ਰਧਾਨ ਸ਼ਿਵਮ ਵੈਦ, ਅਖਿਲ ਵਾਲਮੀਕਿ ਧਰਮ ਸਮਾਜ (ਅਵਾਧਸ) ਪੰਜਾਬ ਦੇ ਚੇਅਰਮੈਨ ਗਗਨ ਭੱਟੀ, ਹਿੰਦੂ ਨੇਤਾ ਨਿਖਿਲੇਸ਼ ਜਸਰਾ ਨੈਨੂੰ ਅਤੇ ਹਰਜੀਤ ਸਿੰਘ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਸ਼ਸਤਰ ਪੂਜਾ ਅਰਚਨਾ ਤੋਂ ਪਹਿਲਾਂ ਮਹੰਤ ਕਿਸ਼ੋਰੀ ਦਾਸ ਨੇ ਪੂਰੀ ਵਿਧੀ ਪੂਰਵਕ ਅਨੁਸਾਰ ਹਵਨ ਯੱਗ ਕੀਤਾ, ਜਿਸ ਵਿੱਚ ਮਿੱਕੀ ਪੰਡਿਤ ਨੇ ਪੂਰਨ ਆਹੂਤੀ ਪਾ ਕੇ ਯੱਗ ਸੰਪੂਰਨ ਕੀਤਾ। ਇਸ ਮੌਕੇ 'ਤੇ ਹਾਜ਼ਰ ਇਕੱਠ ਨੂੰ ਸੰਬੋਧਨ ਕਰਦੇ ਹੋਏ ਮਿੱਕੀ ਪੰਡਿਤ ਨੇ ਕਿਹਾ ਕਿ ਭਾਰਤ ਦੀ ਸੰਸਕ੍ਰਿਤੀ ਦੇ ਕਣ- ਕਣ ਵਿਚ ਇਸ ਸ਼ਸਤਰ ਪੂਜਾ ਦੀ ਮਹੱਤਤਾ ਸਬੰਧੀ ਰੋਸ਼ਨੀ ਪਾਈ ਗਈ ਹੈ। ਉਨ੍ਹਾਂ ਕਿਹਾ ਕਿ ਸਸਤਰ ਪੂਜਾ ਭਾਰਤੀ ਸੰਸਕ੍ਰਿਤੀ ਪ੍ਰੰਪਰਾਵਾਂ ਦੀ ਏਕਤਾ 'ਤੇ ਜ਼ੋਰ ਦਿੰਦੀ ਹੈ। ਉਨ੍ਹਾਂ ਗਊ ਮਾਤਾ ਦੀ ਸੜਕਾਂ 'ਤੇ ਹੋ ਰਹੀ ਦੁਰਦਸ਼ਾ ਸਬੰਧੀ ਚਾਨਣਾ ਪਾਉਂਦੇ ਹੋਏ ਕਿਹਾ ਕਿ ਪੰਜਾਬ ਸਰਕਾਰ ਬੀਤੇ ਕਈ ਸਾਲਾਂ ਤੋਂ ਆਮ ਜਨਤਾ ਤੋਂ ਗਊ ਟੈਕਸ ਜਬਰੀ ਵਸੂਲ ਰਹੀ ਹੈ। ਪਰ ਗਊਆਂ ਦੀ ਦੇਖ-ਰੇਖ ਅਤੇ ਸਾਂਭ ਸੰਭਾਲ ਲਈ ਇਕ ਵੀ ਪੈਸਾ ਖਰਚ ਨਹੀਂ ਕਰ ਰਹੀ, ਇਸ ਲਈ ਸਰਕਾਰ ਜਾਂ ਟੈਕਸ ਬੰਦ ਕਰ ਦੇਵੇ ਜਾਂ ਫਿਰ ਗਊਆਂ ਦੇ ਰੱਖ ਰਖਾਵ ਦੀ ਪੂਰੀ ਜ਼ਿੰਮੇਵਾਰੀ ਨਿਭਾਏ। ਮਿੱਕੀ ਪੰਡਿਤ ਨੇ ਇਹ ਵੀ ਕਿਹਾ ਕਿ ਪੰਜਾਬ ਵਿਚ ਹਿੰਦੂਆਂ ਨਾਲ ਹੋ ਰਹੇ ਵਿਤਕਰੇ ਅਤੇ ਟ੍ਰੈਵਲ ਏਜੰਟਾਂ ਰਾਹੀਂ ਲੋਕਾਂ ਦੀ ਹੋ ਰਹੀ ਲੁੱਟ ਖੋਹ ਨੂੰ ਖਤਮ ਕਰਨ ਲਈ ਪੰਜਾਬ ਸਰਕਾਰ ਹਰ ਫਰੰਟ ਤੇ ਫੇਲ੍ਹ ਹੋ ਰਹੀ ਹੈ। ਉਨ੍ਹਾਂ ਕਿਹਾ ਕਿ ਆਪਣੀਆਂ ਮੰਗਾਂ ਨੂੰ ਪ੍ਰਵਾਨ ਕਰਵਾਉਣ ਲਈ ਸ਼ਿਵ ਸੈਨਾ ਪੰਜਾਬ ਸਾਰੇ ਹਿੰਦੂ ਸੰਗਠਨਾਂ ਦੇ ਸਹਿਯੋਗ ਨਾਲ ਜਲਦ ਹੀ ਅੰਮ੍ਰਿਤਸਰ ਤੋਂ ਚੰਡੀਗੜ੍ਹ ਤੱਕ ਭਗਵਾਂ ਮਾਰਚ ਕੱਢੇਗੀ ਤਾਂ ਜੋ ਕੁੰਭਕਰਨੀ ਨੀਂਦ ਸੁੱਤੀ ਪਈ ਸਰਕਾਰ ਨੂੰ ਜਗਾਇਆ ਜਾ ਸਕੇ। ਇਸ ਮੌਕੇ 'ਤੇ ਜਿੰਦਰ ਬਨਿਆਲ, ਸੁਧਾਂਸ਼ੂ ਮਲਹੋਤਰਾ, ਸ਼ੁਭਮ ਮਲਹੋਤਰਾ, ਯੋਵਨ ਅਤੇ ਹੋਰ ਹਾਜ਼ਰ ਸਨ।

# ਦੁਸਹਿਰੇ ਮੌਕੇ ਕਾਂਗਰਸ ਨੇ ਫੂਕਿਆ ਚਿੱਟੇ ਦਾ ਪੁਤਲਾ

**ਬਲਾਚੌਰ (ਜਤਿੰਦਰ ਪਾਲ ਸਿੰਘ ਕਲੇਰ )**
ਦੁਸਹਿਰੇ ਦੇ ਤਿਉਹਾਰ ਮੌਕੇ ਬਲਾਚੌਰ ਕਾਂਗਰਸ ਪਾਰਟੀ ਵੱਲੋਂ ਅਜੇ ਮੰਗੂਪੁਰ ਮੈਂਬਰ ਪੀ.ਪੀ.ਸੀ.ਸੀ. ਦੀ ਅਗਵਾਈ ਹੇਠ ਚਿੱਟੇ ਦਾ ਪੁਤਲਾ ਫੂਕਿਆ ਗਿਆ। ਮੰਗੂਪੁਰ ਨੇ ਕਿਹਾ ਕਿ ਇਹ ਤਿਉਹਾਰ ਸਦੀਆਂ ਤੋਂ ਬੁਰਾਈ 'ਤੇ ਅਛਾਈ ਦੀ ਜਿੱਤ ਵੱਜੋਂ ਅਸੀਂ ਮਨਾਉਂਦੇ ਹਾਂ ਅਤੇ ਅੱਜ ਦੇ ਸਮੇਂ ਵਿਚ ਸਮਾਜ ਵਿੱਚ ਸਭ ਤੋਂ ਵੱਡੀ ਬੁਰਾਈ ਨਸ਼ਿਆਂ ਦੀ ਹੈ ਜੋ ਕਿ ਘੁਣ ਵਾਂਗ ਸਾਡੀ ਨੌਜਵਾਨ ਪੀੜੀ ਨੂੰ ਖਤਮ ਕਰ ਰਹੀ ਹੈ। ਕਿਸੇ ਸਮੇਂ ਸਾਡੇ ਪੰਜਾਬ ਨੂੰ ਪੰਜ ਦਰਿਆਵਾਂ ਕਾਰਨ ਪੰਜਾਬ ਕਿਹਾ ਜਾਂਦਾ ਸੀ ਪਰ ਅੱਜ ਦੇ ਸਮੇਂ ਵਿੱਚ ਇਸ ਵਿੱਚ ਛੇਵਾਂ ਦਰਿਆ ਨਸ਼ੇ ਦਾ ਵਗ ਰਿਹਾ ਹੈ ਜਿਸ ਵਿਚ ਸਾਡੀ ਪੀੜੀ ਡੁੱਬਦੀ ਜਾ ਰਹੀ ਹੈ। ਅੱਜ ਇਸ ਬੁਰਾਈ ਨੂੰ ਖਤਮ ਕਰਨ ਲਈ ਅਸੀਂ ਇਸ ਚਿੱਟੇ ਦਾ ਪੁਤਲਾ ਫੂਕ ਰਹੇ ਹਾਂ। ਬੀਤੇ ਦਿਨੀ ਪਿੰਡ ਮੋਹਰਾਂ ਵਿਖੇ ਨਾਜਾਇਜ਼ ਸਰਾਬ ਦਾ ਠੇਕਾ ਖੋਲਿਆ ਜਾ ਰਿਹਾ ਸੀ ਜਿਸ ਦੇ ਵਿਰੋਧ ਵਿਚ ਪਿੰਡ ਵਾਲਿਆਂ ਨੇ ਠੇਕੇਦਾਰ ਅਤੇ ਸਰਕਾਰ ਦੇ ਖਿਲਾਫ ਰੋਸ ਪ੍ਰਦਰਸ਼ਨ ਕੀਤਾ ਅਤੇ ਜਦੋਂ ਤੱਕ ਬੰਦ ਨਹੀਂ ਹੋਇਆ ਉਸ ਉੱਪਰ ਧਰਨਾ ਦਿੱਤਾ। ਹਲਕਾ ਬਲਾਚੌਰ ਵਿਚ ਨਸ਼ਿਆਂ ਦੇ ਖਿਲਾਫ ਜਿੱਥੇ ਵੀ ਇਹ ਲੜਾਈ ਲੜੀ ਜਾਵੇਗੀ ਕਾਂਗਰਸ ਪਾਰਟੀ ਮੋਢੇ ਨਾਲ ਮੋਢਾ ਜੋੜ ਕੇ ਸਾਥ ਦਵੇਗੀ। ਇਸ ਮੌਕੇ ਬਲਾਕ ਬਲਾਚੌਰ ਸੰਮਤੀ ਚੇਅਰਮੈਨ ਧਰਮਪਾਲ, ਬਲਾਕ ਬਲਾਚੌਰ ਦੇ ਪ੍ਰਧਾਨ ਮੋਹਨ ਲਾਲ ਸੰਧੂ, ਬਲਾਕ ਸੜੋਆ ਦੇ ਪ੍ਰਧਾਨ ਤਿਲਕ ਰਾਜ ਸੂਦ, ਸਾਬਕਾ ਚੇਅਰਮੈਨ ਤਰਸੇਮ ਚੰਨਿਆਈ, ਜ਼ਿਲ੍ਹਾ ਯੂਥ ਕਾਂਗਰਸ ਪ੍ਰਧਾਨ ਹੀਰਾ ਖੇਪੜ, ਮਾਰਕਿਟ ਕਮੇਟੀ ਵਾਈਸ ਚੇਅਰਮੈਨ ਦੇਸ ਰਾਜ ਹਕਲਾ, ਬਲਾਚੌਰ ਸ਼ਹਿਰੀ ਪ੍ਰਧਾਨ ਸੁਰਿੰਦਰ ਸਿੰਘ ਸ਼ਿੰਦੀ, ਐਮ.ਸੀ. ਨਰੇਸ਼ ਕੁਮਾਰ, ਐਮ.ਸੀ. ਫਿੱਕੀ ਬਜਾਜ, ਐਮ.ਸੀ. ਲਾਲ ਬਹਾਦਰ ਗਾਂਧੀ, ਬਲਾਕ ਸੰਮਤੀ ਵਾਈਸ ਚੇਅਰਮੈਨ ਪ੍ਰਵੀਨ ਕੁਮਾਰ, ਜਸਵਿੰਦਰ ਕੁਮਾਰ ਸਿਆਣ, ਸਰਪੰਚ ਮਾਣੇਵਾਲ ਬਲਵਿੰਦਰ ਸਿੰਘ, ਸਰਪੰਚ ਕੁਲਵਿੰਦਰ ਸਿੰਘ, ਸਰਪੰਚ ਡੂਗਰੀ ਬੇਟ ਮੋਹਿੰਦਰ ਸਿੰਘ, ਸਰਪੰਚ ਗਰਲੌਂ ਬੇਟ ਗੁਰਮੇਲ ਚੰਦ, ਪਿਆਰਾ ਸਿੰਘ ਦੌਭਾਲੀ, ਲਾਲ ਚੌਭਾਲੀ ਆਦਿ ਹਾਜਰ ਸਨ।।



# ਨਰਿੰਦਰ ਸਿੰਘ ਬਾਜਵਾ ਬਲਾਕ ਪ੍ਰਧਾਨ ਨਿਯੁਕਤ



**ਮਹਿਤਪੁਰ (ਰਾਜਾ)** ਭਾਰਤੀ ਕਿਸਾਨ ਯੂਨੀਅਨ ਪੰਜਾਬ ਬਲਾਕ ਮਹਿਤਪੁਰ ਦੀ ਮੀਟਿੰਗ ਸੁੱਖ ਗਿੱਲ ਜ਼ਿਲ੍ਹਾ ਪ੍ਰਧਾਨ ਮੋਗਾ (ਜਨਰਲ ਸਕੱਤਰ ਪੰਜਾਬ) ਦੀ ਅਗਵਾਈ ਵਿੱਚ ਪਿੰਡ ਲੋਹਗੜ੍ਹ ਵਿਖੇ ਹੋਈ। ਜਿਸ ਵਿੱਚ ਨਰਿੰਦਰ ਸਿੰਘ ਬਾਜਵਾ ਨੂੰ ਬਲਾਕ ਮਹਿਤਪੁਰ ਦਾ ਪ੍ਰਧਾਨ ਚੁਣਿਆ ਗਿਆ। ਇਸ ਮੌਕੇ ਨਰਿੰਦਰ ਸਿੰਘ ਬਾਜਵਾ ਨੇ ਪ੍ਰਧਾਨ ਸੁਖ ਰਾਮ ਗਿੱਲ ਤੇ ਆਏ ਸਾਰੇ ਪਿੰਡਾਂ ਦੇ ਕਿਸਾਨਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਤੇ ਕਿਹਾ ਮੈਂ ਇਹ ਦਿੱਤੀ ਗਈ ਜ਼ਿੰਮੇਵਾਰੀ ਬਹੁਤ ਇਮਾਨਦਾਰੀ ਤੇ ਤਨਦੇਹੀ ਨਾਲ ਨਿਭਾਵਾਂਗਾ। ਇਸ ਮੌਕੇ ਪਰਾਲੀ ਦੇ ਮੁੱਦਿਆਂ 'ਤੇ ਗੱਲਬਾਤ ਵੀ ਕੀਤੀ ਗਈ ਤੇ ਪ੍ਰਧਾਨ ਸੁੱਖ ਗਿੱਲ ਨੇ ਪੰਜਾਬ ਸਰਕਾਰ ਨੂੰ ਅਪੀਲ ਕਰਦਿਆਂ ਕਿਹਾ ਕਿ ਕਿਸਾਨ ਪਰਾਲੀ ਦਾ ਖਰਚਾ ਨਹੀਂ ਭਰ ਸਕਦਾ। ਇਸ ਨੂੰ ਮੁਫ਼ਤ ਚੁੱਕਿਆ ਜਾਵੇ ਨਹੀਂ ਤਾਂ ਕਿਸਾਨ ਪਰਾਲੀ ਨੂੰ ਅੱਗ ਲਗਾਉਣ ਲਈ ਮਜਬੂਰ ਹੋਣਗੇ। ਸੁੱਖ ਗਿੱਲ ਨੇ ਕਿਸਾਨਾਂ ਨਾਲ ਵਾਅਦਾ ਕਰਦੇ ਹੋਏ ਕਿਹਾ ਕਿ ਕਿਸਾਨਾਂ ਦੀ ਹਰ ਮਦਦ ਲਈ ਯੂਨੀਅਨ ਉਨ੍ਹਾਂ ਦੇ ਨਾਲ ਹੈ। ਇਸ ਮੌਕੇ ਕੇਵਲ ਸਿੰਘ ਚਤਰੱਥ ਖਹਿਰਾ ਮੁਸਤਰਕਾ, ਜਸਵੰਤ ਸਿੰਘ, ਰਮਨਜੀਤ ਸਿੰਘ ਸਮਰਾ, ਲਖਵੀਰ ਸਿੰਘ ਗੋਬਿੰਦਪੁਰ, ਗੁਰਿੰਦਰ ਪੱਡਾ, ਅਵਤਾਰ ਸਿੰਘ ਢਾਡੀ, ਕੰਵਲਜੀਤ ਸਿੰਘ ਪੀਟਰ, ਇਕਬਾਲ ਸਿੰਘ, ਸੁਖਬੀਰ ਸਿੰਘ ਨੂਰਪੁਰ ਸਰਪੰਚ, ਜੋਗਿੰਦਰ ਸਿੰਘ ਗੋਂਸੁਵਾਲ, ਬਿੰਦਾ ਬੱਲ, ਜਸਬੀਰ ਸਿੰਘ ਝੁੱਗੀਆਂ, ਬਲਦੇਵ ਸਿੰਘ, ਪਰਸਨ ਸਿੰਘ ਖਿੰਡਾ ਪ੍ਰਧਾਨ, ਤਰਸੇਮ ਸਿੰਘ, ਸੋਮ ਲਾਲ ਪ੍ਰਧਾਨ, ਜੋਬਨਪ੍ਰੀਤ ਸਿੰਘ, ਗੁਰਪਾਲ ਸਿੰਘ ਆਦਿ ਹਾਜ਼ਰ ਸਨ।

# ਦੁਸਹਿਰੇ ਦੌਰਾਨ ਪ੍ਰਿਥਵੀ ਵੈੱਲਫੇਅਰ ਸੁਸਾਇਟੀ ਵੱਲੋਂ ਕੋਚ ਗੁਰਚਰਨ ਸਿੰਘ ਦਾ ਸਨਮਾਨ



**ਆਦਮਪੁਰ ( ਪਰਮਜੀਤ ਸਿੰਘ )**:— ਗੁਰਚਰਨ ਸਿੰਘ, ਜੋ ਕਿ ਬਤੌਰ ਡਾਇਰੈਕਟਰ ਸਿਹਤ ਸਿਖਿਆ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਪਿੰਡ ਕੰਦੋਲਾ ਵਿਖੇ ਕੰਮ ਕਰ ਰਹੇ ਹਨ, ਉਨ੍ਹਾਂ ਨੂੰ ਦੁਸਹਿਰਾ ਕਬੱਡੀ ਟੂਰਨਾਮੈਂਟ ਦੌਰਾਨ, ਹਰਿੰਦਰ ਸਿੰਘ ( ਪ੍ਰਧਾਨ : ਪ੍ਰਿਥਵੀ ਵੈਲਫੇਅਰ ਸੋਸਾਇਟੀ ਅਤੇ ਆਪ ਪਾਰਟੀ ਦੇ ਸੀਨੀਅਰ ਆਗੂ ) ਅਤੇ ਜਗਦੀਸ਼ ਪਸਰੀਚਾ ( ਚੇਅਰਮੈਨ : ਦੀ ਇਮਪਿਰਿਅਲ ਸਕੂਲ ) ਵਲੋਂ ਖਾਸ ਤੌਰ 'ਤੇ ਸਨਮਾਨਿਤ ਕੀਤਾ ਗਿਆ। ਗੁਰਚਰਨ ਸਿੰਘ, ਖੋ-ਖੋ, ਵਾਲੀਬਾਲ, ਅਤੇ ਦੌੜਾਂ ਦੇ ਮਾਹਿਰ ਕੋਚ ਹਨ। ਪਿਛਲੇ ਦਿਨੀਂ, ਪੰਜਾਬ ਸਿਖਿਆ ਵਿਭਾਗ ਵਲੋਂ ਚਲ ਰਹੀਆਂ ਖੇਡਾਂ ਵਿੱਚ ਇਨ੍ਹਾਂ ਦੀ ਸਿਖਲਾਈ ਸਦਕਾ ਆਦਮਪੁਰ ਬਲਾਕ ਦੀਆਂ ਖੋ-ਖੋ ਦੀਆਂ ਤਿੰਨ ਟੀਮਾਂ ਨੇ ਵੱਖ-ਵੱਖ ਉਚ ਸਥਾਨ ਪ੍ਰਾਪਤ ਕੀਤੇ। ਖੋ-ਖੋ ਅੰਡਰ 17 ( ਲੜਕੇ ) ਦੀ ਟੀਮ, ਜਲੰਧਰ ਜ਼ਿਲ੍ਹੇ ਵਿੱਚ ਪਹਿਲੇ ਸਥਾਨ 'ਤੇ ਰਹੀ। ਇਸ ਟੀਮ ਦੇ 6 ਖਿਡਾਰੀ ਪੰਜਾਬ ਲਈ ( ਸਟੇਟ ) ਲੈਵਲ ਲਈ ਵੀ ਚੁਣੇ ਗਏ, ਜਿਨ੍ਹਾਂ ਦੇ ਨਾਮ ਹਨ : ਖੁਸ਼ਨੂਰ ਸਿੰਘ, ਤਰਨਜੋਤ ਸਿੰਘ, ਜੈਲਾਲ ਦਾਸ, ਰਾਜਨ, ਪ੍ਰਦੀਪ ਲੇਹਰਾ ਅਤੇ ਸੁਖਜੀਤ ਸਿੰਘ। ਅੰਡਰ 14 ਖੋ- ਖੋ ( ਲੜਕਿਆਂ ) ਦੀ ਟੀਮ ( ਸੀਨੀਅਰ ਸੈਕੰਡਰੀ ਸਕੂਲ, ਖੁਰਦਪੁਰ ), ਜਲੰਧਰ ਜ਼ਿਲ੍ਹੇ ਵਿੱਚ ਪਹਿਲੇ ਸਥਾਨ 'ਤੇ ਰਹੀ। ਕੁਝ ਲੜਕੀਆਂ ਵੀ ਪੰਜਾਬ ਲਈ ( ਸਟੇਟ ) ਲੈਵਲ ਲਈ ਚੁਣੀਆਂ ਗਈਆਂ ਹਨ। ਅੰਡਰ 19 ( ਲੜਕੇ ) ਖੋ-ਖੋ ਦੀ ਟੀਮ ਜਲੰਧਰ ਜ਼ਿਲ੍ਹੇ ਵਿੱਚ ਤੀਜੇ ਸਥਾਨ 'ਤੇ ਰਹੀ। ਇਨ੍ਹਾਂ ਵਲੋਂ ਸਿਖਲਾਈ ਦਿੱਤੀ ਗਈ ਵਾਲੀਬਾਲ ਦੀ ਟੀਮ ਦੇ ਵੀ ਕੁਝ ਖਿਡਾਰੀ ਪੰਜਾਬ ਦੀ ਟੀਮ ਵਿੱਚ ਸ਼ਾਮਲ ਕੀਤੇ ਗਏ ਹਨ। ਇਲਾਕੇ ਵਿੱਚ " ਦਰੋਣਾਚਾਰੀਆ " ਵਜੋਂ ਜਾਣੇ ਜਾਂਦੇ ਕੋਚ ਗੁਰਚਰਨ ਸਿੰਘ ਤਕਰੀਬਨ 25 ਸਾਲ ਤੋਂ ਸਰਕਾਰੀ ਨੌਕਰੀ ਨਿਭਾ ਰਹੇ ਹਨ ਤੇ ਖੇਡਾਂ ਦੀ ਸਿਖਲਾਈ ਦੇ ਰਹੇ ਹਨ। ਜ਼ਿਕਰਯੋਗ ਹੈ ਕਿ ਗੁਰਚਰਨ ਸਿੰਘ ਪਿਛਲੇ 25 ਸਾਲਾਂ ਤੋਂ ਬੱਚਿਆਂ ਨੂੰ ਖੋ ਖੋ, ਵਾਲੀਬਾਲ ਤੇ ਅਥਲੈਟਿਕਸ ਦੀ ਕੋਚਿੰਗ ਦੇ ਰਹੇ ਹਨ। ਇਸ ਸਮੇਂ ਓਹ ਡੀ.ਪੀ.ਈ. ਦੇ ਨਾਲ ਨਾਲ ਸਮੁੱਚੇ ਆਦਮਪੁਰ ਬਲਾਕ ਦੇ ਸਪੋਰਟਸ ਇੰਚਾਰਜ ( ਬਲਾਕ ਮੈਂਟਰ ) ਦੀ ਵੀ ਸੇਵਾ ਕਰ ਰਹੇ ਹਨ। ਓਹਨਾਂ ਵਲੋਂ ਤਿਆਰ ਕੀਤੀ ਖੋ-ਖੋ ਦੀ ਟੀਮ ਦੇ ਖਿਡਾਰੀਆਂ ਨੇ ਜ਼ਿਲ੍ਹਾ ਤੇ ਸਟੇਟ ਟੂਰਨਾਮੈਂਟ ਜਿੱਤ ਕੇ ਨੈਸ਼ਨਲ ਪੱਧਰ ਤੱਕ ਖੇਡਣ ਦਾ ਰਿਕਾਰਡ ਬਣਾਇਆ ਹੋਇਆ ਹੈ। " ਪੰਜਾਬ ਖੋ-ਖੋ ਐਸੋਸੀਏਸ਼ਨ" ਨੇ ਉਹਨਾਂ ਨੂੰ ਆਪਣਾ ਮੈਂਬਰ ਬਣਾਇਆ ਹੋਇਆ ਹੈ।

ਇਸ ਮੌਕੇ ਕੋਚ ਗੁਰਵਿੰਦਰ ਸਿੰਘ, ਮਾਸਟਰ ਮੇਜਰ ਸਿੰਘ, ਮੋਹਨ ਲਾਲ ਨਿੱਕੂ, ਬਿੰਦਾ ਗਰੇਵਾਲ ( ਐਮ ਸੀ ), ਆਪ ਆਗੂ ਅਮਰੀਕ ਸਿੰਘ, ਰਾਮ ਲੁਭਾਇਆ, ਲਤੀਫ ਮੁਹੰਮਦ, ਗੋਰਾ, ਹਰਦੀਪ ਸਿੰਘ ਤੇ ਖੇਡਾਂ ਨਾਲ ਜੁੜੀਆਂ ਪ੍ਰਮੁੱਖ ਸ਼ਖ਼ਸੀਅਤਾਂ ਵੀ ਹਾਜ਼ਰ ਸਨ।

# ਗੰਧਲੇ ਹੋ ਰਹੇ ਵਾਤਾਵਰਣ ਤੋਂ ਬਚਾਅ ਲਈ ਦਰੱਖ਼ਤ ਲਗਾਉਣਾ ਜ਼ਰੂਰੀ - ਰੇਸ਼ਮ ਲਾਲ



**ਫਗਵਾੜਾ ( ਢੱਡਾ )** ਫਰੈਂਡਜ ਇੰਨਵਾਇਰਨਮੈਂਟ ਐਂਡ ਸੋਸ਼ਲ ਵੈਲਫੇਅਰ ਐਸੋਸੀਏਸ਼ਨ ਵਲੋਂ ਸਰਕਾਰੀ ਡਿਸਪੈਂਸਰੀ ਪਿੰਡ ਸੰਗਤਪੁਰ ਵਿਖੇ ਐਸੋਸੀਏਸ਼ਨ ਦੇ ਚੇਅਰਮੈਨ ਲਸ਼ਕਰ ਸਿੰਘ ਦੀ ਅਗਵਾਈ ਹੇਠ ਵਾਤਾਵਰਣ ਨੂੰ ਹਰਿਆ-ਭਰਿਆ ਰੱਖਣ ਦੇ ਮਕਸਦ ਨਾਲ ਬੂਟੇ ਲਗਾਏ ਗਏ। ਇਸ ਮੌਕੇ ਸਰਕਾਰੀ ਡਿਸਪੈਂਸਰੀ ਦੇ ਇੰਚਾਰਜ ਡਾ. ਪਰਦੀਪ ਕੁਮਾਰ ਨੇ ਜਿੱਥੇ ਐਸੋਸੀਏਸ਼ਨ ਦਾ ਧੰਨਵਾਦ ਕੀਤਾ ਉੱਥੇ ਬੂਟਿਆਂ ਦੀ ਸਾਂਭ ਸੰਭਾਲ ਦਾ ਜ਼ਿੰਮਾ ਵੀ ਲਿਆ। ਐਸੋਸੀਏਸ਼ਨ ਦੇ ਉਪ ਪ੍ਰਧਾਨ ਰੇਸ਼ਮ ਲਾਲ ਨੇ ਦੱਸਿਆ ਕਿ ਉਹਨਾਂ ਦੀ ਸੰਸਥਾ ਵਲੋਂ ਵੱਖ ਵੱਖ ਕਿਸਮਾਂ ਦੇ ਬੂਟੇ ਨਿਸ਼ਕਾਮ ਭਾਵਨਾ ਨਾਲ ਲਗਾਏ ਗਏ ਹਨ। ਉਹਨਾਂ ਲੋਕਾਂ ਨੂੰ ਵਾਤਾਵਰਣ ਦੀ ਸ਼ੁੱਧਤਾ ਪ੍ਰਤੀ ਜਾਗਰੂਕ ਵੀ ਕੀਤਾ ਅਤੇ ਕਿਹਾ ਕਿ ਧਰਤੀ 'ਤੇ ਗੰਧਲੇ ਹੋ ਰਹੇ ਵਾਤਾਵਰਣ ਅਤੇ ਬਦਲਦੇ ਮੌਸਮ ਚੱਕਰ ਤੋਂ ਬਚਾਅ ਲਈ ਵੱਧ ਤੋਂ ਵੱਧ ਬੂਟੇ ਲਗਾਉਣਾ ਅੱਜ ਦੇ ਸਮੇਂ ਦੀ ਮੰਗ ਹੈ। ਇਸ ਮੌਕੇ ਪਿਆਰਾ ਸਿੰਘ, ਆਰ.ਐਲ. ਜੱਸੀ ਤੋਂ ਇਲਾਵਾ ਰਘਬੀਰ ਸਿੰਘ ਵਾਲੀਆ, ਕਰਨਵੀਰ ਸਿੰਘ, ਰਾਜਵਿੰਦਰ ਸਿੰਘ ਪੁੰਨੀ, ਗੱਗੀ ਸਮੇਤ ਪਿੰਡ ਦੇ ਹੋਰ ਪਤਵੰਤੇ ਵੀ ਹਾਜਰ ਸਨ।

# ਲਾਇਲਪੁਰ ਖ਼ਾਲਸਾ ਕਾਲਜ ਫ਼ਾਰ ਵਿਮੈਨ ਦੀ ਵਿਦਿਆਰਥਣ ਪ੍ਰਗਤੀ ਨੇ ਪਾਰਲੀਮੈਂਟ 'ਚ ਦਿੱਤਾ ਭਾਸ਼ਣ



**ਜਲੰਧਰ (ਇਕਬਾਲ ਸਿੰਘ ਉੱਭੀ)**—ਲਾਇਲਪੁਰ ਖਾਲਸਾ ਕਾਲਜ ਫਾਰ ਵਿਮੈਨ, ਜਲੰਧਰ ਦੀ ਐਨ. ਐਸ. ਐਸ. ਵਲੰਟੀਅਰ ਤੇ ਬੀ. ਕਾਮ ਸਮੈਸਟਰ ਪੰਜਵਾਂ ਦੀ ਵਿਦਿਆਰਥਣ ਪ੍ਰਗਤੀ ਸ਼ਰਮਾ ਨੇ ਗਾਂਧੀ ਜੈਯੰਤੀ ਮੌਕੇ ਆਜ਼ਾਦੀ ਘੁਟਾਲੀਏ ਪੰਡਿਤ ਲਾਲ ਬਹਾਦਰ ਸ਼ਾਸਤਰੀ ਬਾਰੇ ਪਾਰਲੀਮੈਂਟ ਵਿਚ ਭਾਸ਼ਣ ਦਿੱਤਾ। ਕਾਲਜ ਪ੍ਰਿੰਸੀਪਲ ਡਾ. ਨਵਜੋਤ ਮੈਡਮ ਨੇ ਪ੍ਰਗਤੀ ਸ਼ਰਮਾ ਦੀ ਇਸ ਉਪਲੱਬਧੀ ਲਈ ਜਿਥੇ ਵਿਦਿਆਰਥਣ ਨੂੰ ਮੁਬਾਰਕਬਾਦ ਦਿੱਤੀ। ਉਥੇ ਉਸਦੇ ਰੋਸ਼ਨ ਭਵਿੱਖ ਲਈ ਸ਼ੁਭਕਾਮਨਾਵਾਂ ਵੀ ਦਿੱਤੀਆਂ। ਮੈਡਮ ਨੇ ਆਪਣੇ ਸੰਬੋਧਨ ਵਿਚ ਕਿਹਾ ਕਿ ਨੌਜਵਾਨ ਵਰਗ ਹੀ ਰਾਸ਼ਟਰ ਦਾ ਨਿਰਮਾਣ ਕਰਤਾ ਹੈ ਤੇ ਸਾਰੀਆਂ ਵਿੱਦਿਅਕ ਸੰਸਥਾਵਾਂ ਦੀ ਇਹ ਜ਼ਿੰਮੇਵਾਰੀ ਬਣ ਜਾਂਦੀ ਹੈ ਕਿ ਉਹ ਵਿਦਿਆਰਥਣਾਂ ਨੂੰ ਸਮੇਂ-ਸਮੇਂ ਸਿਰ ਜਾਣਕਾਰੀ ਪ੍ਰਦਾਨ ਕਰਦੀਆਂ ਰਹਿਣ। ਉਹਨਾਂ ਨੇ ਕਾਮਰਸ ਵਿਭਾਗ ਦੇ ਮੁਖੀ ਮੈਡਮ ਜਸਵਿੰਦਰ ਕੌਰ, ਐਨ.ਐਸ.ਐਸ. ਵਿਭਾਗ ਦੇ ਮੈਡਮ ਮਨਿਤਾ, ਮੈਡਮ ਮਨਜੀਤ ਕੌਰ ਤੇ ਮੈਡਮ ਆਤਮਾ ਸਿੰਘ ਵੱਲੋਂ ਵਿਦਿਆਰਥਣਾਂ ਨੂੰ ਅਗਵਾਈ ਦੇਣ ਲਈ ਪ੍ਰਸ਼ੰਸਾ ਕੀਤੀ।

# ਵਜ਼ੀਫੇ ਦੇ ਨਾਂਅ 'ਤੇ ਅਧਿਆਪਕਾਂ ਦੀ ਹੋ ਰਹੀ ਖੱਜਲ-ਖੁਆਰੀ



**ਮਹਿਤਪੁਰ (ਰਾਜਾ)**-ਮਹਿਤਪੁਰ ਵਿਖੇ ਸੈਂਟਰਲੀ ਸਪਾਂਸਰਡ ਵਜ਼ੀਫਾ ਸਕੀਮਾਂ ਸਬੰਧੀ ਅਧਿਆਪਕਾਂ ਦੀ ਹੋ ਰਹੀ ਖੱਜਲ ਖੁਆਰੀ ਸੰਬੰਧੀ ਮੀਟਿੰਗ ਹੋਈ, ਜਿਸ ਵਿੱਚ ਅਧਿਆਪਕ ਜਥੇਬੰਦੀ ਵੱਲੋਂ ਇਹ ਮੰਗ ਕੀਤੀ ਗਈ ਕਿ ਜਿਹੜੇ ਡਾਕੂਮੈਂਟਸ ਬੱਚਿਆਂ ਦੇ ਵਜ਼ੀਫਾ ਅਪਲਾਈ ਕਰਨ ਲਈ ਮੰਗੇ ਜਾ ਰਹੇ ਹਨ ਉਸ ਉੱਪਰ ਮਾਪਿਆਂ ਦਾ ਬਹੁਤ ਜ਼ਿਆਦਾ ਖਰਚਾ ਆ ਰਿਹਾ ਹੈ ਜਿਸ ਕਰਕੇ ਸਾਰੇ ਡਾਕੂਮੈਂਟਸ ਦੇਣ ਤੋਂ ਕੰਨੀ ਕਤਰਾ ਰਹੇ ਹਨ। ਇਸ ਕਰਕੇ ਅਧਿਆਪਕ ਜਥੇਬੰਦੀ ਸਬੰਧਤ ਵਿਭਾਗ ਤੋਂ ਮੰਗ ਕਰਦੀ ਹੈ ਕਿ ਮਾਪਿਆਂ ਅਤੇ ਅਧਿਆਪਕਾਂ ਨੂੰ ਇਸ ਖੱਜਲ ਖੁਆਰੀ ਤੋਂ ਬਚਾਇਆ ਜਾਵੇ ਅਤੇ ਇਸ ਦਾ ਕੋਈ ਠੋਸ ਹੱਲ ਕੱਢਿਆ ਜਾਵੇ। ਜਥੇਬੰਦੀ ਨੇ ਇਹ ਵੀ ਫੈਸਲਾ ਕੀਤਾ ਕਿ ਇਸ ਸਬੰਧੀ ਬਲਾਕ ਸਿੱਖਿਆ ਅਫਸਰ ਨੂੰ ਮੰਗ ਪੱਤਰ ਦਿੱਤਾ ਜਾਵੇਗਾ, ਫਿਰ ਵੀ ਵਿਭਾਗ ਵੱਲੋਂ ਇਸਦਾ ਕੋਈ ਠੋਸ ਹੱਲ ਨਾ ਕੱਢਿਆ ਗਿਆ ਤਾਂ ਇਸ ਸਬੰਧੀ ਆਪਣਾ ਸੰਘਰਸ਼ ਤਿੱਖਾ ਕੀਤਾ ਜਾਵੇਗਾ।
ਇਸ ਮੌਕੇ ਦਿਲਬਾਗ ਸਿੰਘ, ਸ਼ੇਖਰ ਚੰਦ, ਸੰਦੀਪ ਲਾਲ, ਜਗਜੀਤ ਸਿੰਘ, ਪਰਮਜੀਤ ਸਿੰਘ, ਸੁਭਾਸ਼ ਚੰਦਰ, ਸਤਿੰਦਰਜੀਤ ਸਿੰਘ, ਸੁਖਦੇਵ ਸਿੰਘ, ਲਖਵਿੰਦਰ ਸਿੰਘ, ਕਪਿਲ ਕਵਾਤਰਾ ਆਦਿ ਹਾਜਰ ਸਨ।

# ਚੋਰੀਸ਼ੁਦਾ ਤਿੰਨ ਮੋਟਰਸਾਈਕਲ ਤੇ ਦੋ ਐਕਟਿਵਾ ਸਮੇਤ ਤਿੰਨ ਕਾਬੂ



**ਗੜ੍ਹਸ਼ੰਕਰ (ਫੂਲਾ ਸਿੰਘ ਬੀਰਮਪੁਰ)** ਗੜ੍ਹਸ਼ੰਕਰ ਪੁਲਸ ਨੇ ਲੁੱਟਾਂ ਖੋਹਾਂ ਕਰਨ ਵਾਲੇ ਗਿਰੋਹ ਨੂੰ ਕਾਬੂ ਕੀਤਾ ਹੈ। ਮਿਲੀ ਜਾਣਕਾਰੀ ਮੁਤਾਬਕ ਪਿਛਲੇ ਕੁਝ ਦਿਨਾਂ ਤੋਂ ਇਲਾਕਾ ਥਾਣਾ ਗੜ੍ਹਸ਼ੰਕਰ, ਮਾਹਿਲਪੁਰ, ਚੱਬੇਵਾਲ ਅਤੇ ਮੇਹਟੀਆਣਾ ਵਿਚ ਰਾਹਗੀਰਾਂ ਨੂੰ ਘੇਰ ਕੇ ਸੱਟਾਂ ਮਾਰ ਕੇ ਲੁੱਟਾਂ ਖੋਹਾਂ ਦੀਆਂ ਵਾਰਦਾਤਾਂ ਕਰਨ ਵਾਲਾ ਗਿਰੋਹ ਕਾਫੀ ਸਰਗਰਮ ਹੋ ਗਿਆ ਸੀ। ਇਸ ਗਿਰੋਹ ਦੇ ਮੈਂਬਰ ਜ਼ਿਲ੍ਹਆ ਹੁਸ਼ਿਆਰਪੁਰ ਤੋਂ ਇਲਾਵਾ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ, ਜ਼ਿਲ੍ਹਾ ਕਪੂਰਥਲਾ ( ਫਗਵਾੜਾ ) ਵਿਚ ਕਾਫੀ ਵਾਰਦਾਤਾਂ ਕਰ ਰਹੇ ਸਨ ਅਤੇ ਨਾਲ ਦੀ ਨਾਲ ਨਸ਼ਾ ਤਸਕਰੀ ਵੀ ਕਰਦੇ ਸਨ। ਇਸ ਇੰਟਰ ਡਿਸਟ੍ਰਿਕਟ ਗਿਰੋਹ ਨੂੰ ਫੜਨ ਲਈ ਮਨਪ੍ਰੀਤ ਸਿੰਘ ਢਿੱਲੋਂ ਪੁਲਸ ਕਪਤਾਨ ( ਤਫਤੀਸ਼ ) ਹੁਸ਼ਿਆਰਪੁਰ ਅਤੇ ਦਲਜੀਤ ਸਿੰਘ ਖੱਖ ਉਪ ਪੁਲਸ ਕਪਤਾਨ ਸਬ ਡਵੀਜਨ ਗੜ੍ਹਸ਼ੰਕਰ ਦੀ ਨਿਗਰਾਨੀ ਹੇਠ ਇੱਕ ਸਪੈਸਲ ਇੰਨਵੈਸਟੀਗੇਸਨ ਟੀਮ ਗਠਿਤ ਕੀਤੀ ਗਈ ਸੀ। ਇਸ ਟੀਮ ਵਲੋਂ ਸਖਤ ਮਿਹਨਤ ਕਰਦੇ ਹੋਏ ਲੁੱਟਾਂ ਖੋਹਾਂ ਤੇ ਨਸ਼ਾ ਤਸਕਰੀ ਕਰਨ ਵਾਲੇ ਇਸ ਇੰਟਰ ਡਿਸਟ੍ਰਿਕਟ ਗਿਰੋਹ ਨੂੰ ਕਾਬੂ ਕੀਤਾ ਗਿਆ ਹੈ। ਦਲਜੀਤ ਸਿੰਘ ਖੱਖ ਉਪ ਪੁਲਸ ਕਪਤਾਨ ਸ. ਡ. ਗੜ੍ਹਸ਼ੰਕਰ ਦੀ ਹਦਾਇਤ 'ਤੇ ਇੰਸਪੈਕਟਰ ਕਰਨੈਲ ਸਿੰਘ ਮੁੱਖ ਅਫਸਰ ਥਾਣਾ ਗੜ੍ਹਸ਼ੰਕਰ ਦੀ ਨਿਗਰਾਨੀ ਹੇਠ ਏ ਐਸ.ਆਈ. ਰਮਨਦੀਪ ਕੌਰ ਦੀ ਪੁਲਸ ਪਾਰਟੀ ਨੇ ਲਿੰਕ ਰੋਡ ਪਦਰਾਣਾ ਦੇ ਸ਼ਮਸ਼ਾਨਘਾਟ ਲਾਗੇ ਇੱਕ ਮੋਟਰਸਾਇਕਲ 'ਤੇ ਜਾ ਰਹੇ ਤਿੰਨ ਵਿਅਕਤੀਆਂ ਨੂੰ ਕਾਬੂ ਕੀਤਾ, ਜਿਨ੍ਹਾਂ ਨੇ ਆਪਣੀ ਮੁੱਢਲੀ ਪੁੱਛਗਿਛ ਦੌਰਾਨ ਆਪਣੇ ਨਾਂਅ ਚੰਨਦੀਪ ਸਿੰਘ ਪੁੱਤਰ ਕਲਵਰਨ ਸਿੰਘ ਵਾਸੀ ਪਿੰਡ ਭਾਣਾ ਥਾਣਾ ਮਾਹਿਲਪੁਰ ਅਤੇ ਸੁਖਵਿੰਦਰ ਸਿੰਘ ਉਰਫ ਸੁੱਖਾ ਪੁਤਰ ਪੁੱਤਰ ਅਵਤਾਰ ਸਿੰਘ ਪਿੰਡ ਈਸਪੁਰ ਥਾਣਾ ਮੇਹਟੀਆਣਾ, ਹਰਦੀਪ ਸਿੰਘ ਉਰਫ ਦੀਪੂ ਪੁੱਤਰ ਤਜਿੰਦਰ ਸਿੰਘ ਵਾਸੀ ਪੰਜੋੜਾ ਥਾਣਾ ਮੇਹਟੀਆਣਾ ਜ਼ਿਲ੍ਹਾ ਹੁਸ਼ਿਆਰਪੁਰ ਦੱਸੇ। ਇੰਨ੍ਹਾਂ ਦੀ ਤਲਾਸ਼ੀ ਕਰਨ 'ਤੇ ਚੰਨਦੀਪ ਸਿੰਘ ਪਾਸੋਂ 550 ਗ੍ਰਾਮ ਨਸ਼ੀਲਾ ਪਦਾਰਥ, ਹਰਦੀਪ ਸਿੰਘ ਉਰਫ ਦੀਪੂ ਤੋਂ 510 ਗ੍ਰਾਮ ਨਸ਼ੀਲਾ ਪਦਾਰਥ, ਸੁਖਵਿੰਦਰ ਸਿੰਘ ਉਰਫ ਸੁੱਖਾ ਪਾਸੋਂ 530 ਗ੍ਰਾਮ ਨਸ਼ੀਲਾ ਪਦਾਰਥ ਅਤੇ 3500 ਰੁਪਏ ਸਮੇਤ ਲੁੱਟਾਂ ਖੋਹਾਂ ਲਈ ਵਰਤੇ ਲੋਹੇ ਦੀ ਰਾਡ ਅਤੇ ਦਾਤਰ ਬ੍ਰਾਮਦ ਕੀਤਾ ਹੈ।।

# ਬੱਚਿਆਂ ਨੇ ਰਾਵਣ ਦੇ ਪੁਤਲੇ ਬਣਾਏ



**ਸੁਲਤਾਨਪੁਰ ਲੋਧੀ (ਹਨੀ)**-ਪ੍ਰਿੰਸੀਪਲ ਪ੍ਰਭਦੀਪ ਕੌਰ ਮੋਗਾ ਦੀ ਅਗਵਾਈ ਹੇਠ ਦੁਸਹਿਰੇ ਸਬੰਧੀ ਸਮਾਗਮ ਕਰਵਾਇਆ ਗਿਆ। ਇਸ ਪ੍ਰੋਗਰਾਮ ਸਬੰਧੀ ਸਕੂਲ ਵਿੱਚ ਰਾਵਣ ਮੇਘਨਾਥ ਅਤੇ ਕੁੰਭਕਰਨ ਦੇ ਪੁਤਲੇ ਜਲਾਏ ਗਏ। ਛੇਵੀਂ ਤੋਂ ਦਸਵੀਂ ਕਲਾਸ ਦੇ ਬੱਚਿਆਂ ਵਿਚਕਾਰ ਰਾਵਨ ਦੇ ਪੁਤਲੇ ਬਣਾਉਣ ਦੀ ਹਾਊਸ ਪ੍ਰਤੀਯੋਗਤਾ ਕਰਵਾਈ ਗਈ, ਜਿਸ ਵਿਚ ਬੱਚਿਆਂ ਨੇ ਰਾਵਣ ਦੇ ਵੱਖ ਵੱਖ ਪੁਤਲੇ ਬਣਾਏ। ਕੋਮਲਪ੍ਰੀਤ ਦੁਆਰਾ ਸਪੀਚ ਦਿੱਤੀ ਅਤੇ ਪਾਰਥ ਮਿਸ਼ਰਾ ਸੱਤਵੀਂ ਕਲਾਸ ਅਤੇ ਅਵਲੀਨ ਕੌਰ ਅੱਠਵੀਂ ਕਲਾਸ ਨੇ ਦੁਸਹਿਰੇ ਸਬੰਧੀ ਕਵਿਤਾ ਪੇਸ਼ ਕੀਤੀ। ਕੇ ਜੀ ਵਿੰਗ ਦੇ ਬੱਚਿਆਂ ਨੇ ਕਾਗਜ ਦੇ ਰਾਵਣ ਬਣਾਏ। ਇਸ ਪੂਰੇ ਪ੍ਰੋਗਰਾਮ ਵਿੱਚ ਸਟੇਜ ਸੰਭਾਲਣ ਦਾ ਕੰਮ ਸੁਭੰਪ੍ਰੀਤ ਕੌਰ ਦਸਵੀਂ ਕਲਾਸ ਦੀ ਵਿਦਿਆਰਥਣ ਨੇ ਕੀਤਾ। ਇਸ ਮੌਕੇ ਸਕੂਲ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮੈਡਮ ਗੁਰਪ੍ਰੀਤ ਕੌਰ ਮੈਂਬਰ ਸ਼੍ਰੋਮਣੀ ਕਮੇਟੀ, ਡਾਇਰੈਕਟਰ ਇੰਜੀਨੀਅਰ ਹਰਨਿਆਮਤ ਕੌਰ ਅਤੇ ਪ੍ਰਸ਼ਾਸਕ ਇੰਜੀਨੀਅਰ ਨਿਮਰਤਾ ਕੌਰ ਨੇ ਬੱਚਿਆਂ ਅਤੇ ਸਾਰੇ ਸਟਾਫ ਮੈਂਬਰਾਂ ਨੂੰ ਦੁਸਹਿਰੇ ਦੇ ਦਿਹਾੜੇ ਦੀ ਵਧਾਈ ਦਿੱਤੀ।

# ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਦੁਸਹਿਰਾ



**ਫਿਲੌਰ (ਨਿਰਮਲ, ਬਿਕਰਮਜੀਤ ਸਿੰਘ ਕਨੇਡੀ)**-ਬਦੀ 'ਤੇ ਨੇਕੀ ਦੀ ਜਿੱਤ ਦਾ ਪ੍ਰਤੀਕ ਪਵਿੱਤਰ ਤਿਉਹਾਰ ਦੁਸਹਿਰਾ ਸਥਾਨਕ ਸਰਕਾਰੀ ਸੀਨੀਅਰ ਸਕੈਂਡਰੀ ਸਕੂਲ ਲੜਕੇ ਵਿਖੇ ਨਵਯੁਵਕ ਦੁਸਹਿਰਾ ਕਮੇਟੀ ਦੇ ਪ੍ਰਧਾਨ ਡਾ.ਰਾਕੇਸ਼ ਸ਼ਰਮਾ ਅਤੇ ਚੈਅਰਮੈਂਨ ਪ੍ਰਮੋਦ ਕੁਮਾਰ ਵਸਦਰਾਏ ਦੀ ਦੇਖ ਰੇਖ ਹੇਠ ਸਮੂਹ ਇਲਾਕਾ ਨਿਵਾਸੀਆਂ ਦੇ ਸਹਿਯੋਗ ਨਾਲ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਬਤੌਰ ਮੁੱਖ ਮਹਿਮਾਨ ਆਮ ਆਦਮੀ ਪਾਰਟੀ ਹਲਕਾ ਫਿਲੌਰ ਦੇ ਇੰਚਾਰਜ ਅਤੇ ਸੂਬਾ ਸੰਯੁਕਤ ਸਕੱਤਰ ਪ੍ਰਿੰਸੀਪਲ ਪ੍ਰੇਮ ਕੁਮਾਰ, ਸੰਤ ਬਾਬਾ ਜਰਨੈਲ ਸਿੰਘ, ਸੀਨੀਅਰ ਜੱਜ ਸ੍ਰੀਮਤੀ ਸ਼ਿਲਪੀ ਗੁਪਤਾ ਹਾਜਰ ਹੋਏ ਅਤੇ ਸਮੂਹ ਸੰਗਤਾਂ ਨੂੰ ਦੁਸਹਿਰਾ ਪਰਵ ਦੀਆਂ ਵਧਾਈਆਂ ਦਿੱਤੀਆਂ। ਭਗਵਾਨ ਰਾਮ ਜੀ ਦੀ ਜੀਵਨੀ ਨਾਲ ਸੰਬੰਧਤ ਮਨਮੋਹਕ ਝਾਕੀਆਂ ਕੱਢੀਆਂ ਗਈਆਂ ਅਤੇ ਦੀਦਾਰ ਏ ਸ਼ੰਕਰ ਆਰਟਸ ਗਰੁੱਪ ਵੱਲੋਂ ਧਾਰਮਿਕ ਨ੍ਰਿਤ ਪੇਸ਼ ਕੀਤਾ ਗਿਆ। ਇਸ ਮੌਕੇ ਸੰਬੋਧਨ ਕਰਦੇ ਹੋਏ ਪ੍ਰੇਮ ਕੁਮਾਰ ਨੇ ਕਿਹਾ ਕਿ ਦੁਸਹਿਰਾ ਤਿਉਹਾਰ ਆਪਸੀ-ਭਾਈਚਾਰਕ ਸਾਂਝ ਦਾ ਪ੍ਰਤੀਕ ਹੈ।

ਸਾਨੂੰ ਸਭਨਾਂ ਨੂੰ ਇਸ ਤੋਂ ਸੇਧ ਲੈ ਕੇ ਮਿਲ ਜੁਲ ਕੇ ਤਿਉਹਾਰ ਮਨਾਏ ਚਾਹੀਦੇ ਹਨ। ਇਹ ਪਵਿੱਤਰ ਤਿਉਹਾਰ ਸਾਨੂੰ ਆਪਣੇ ਅੰਦਰਲੀ ਬੁਰਾਈ ਨੂੰ ਖਤਮ ਕਰਕੇ ਚੰਗੇ ਮਾਰਗ 'ਤੇ ਚੱਲਣ ਲਈ ਪ੍ਰੇਰਿਤ ਕਰਦਾ ਹੈ। ਪ੍ਰਿੰਸੀਪਲ ਪ੍ਰੇਮ ਕੁਮਾਰ, ਸੰਤ ਜਰਨੈਲ ਸਿੰਘ ਅਤੇ ਜੱਜ ਸ੍ਰੀਮਤੀ ਸ਼ਿਲਪੀ ਗੁਪਤਾ ਨੇ ਲੇਜਰ ਤਕਨੀਕ ਨਾਲ ਰਾਵਨ, ਕੁੰਭਕਰਨ ਅਤੇ ਮੇਘਨਾਥ ਦੇ ਪੁਤਲੀਆਂ ਨੂੰ ਅਗਨ ਭੇਂਟ ਕੀਤੀ। ਇਸ ਮੌਕੇ ਵਿਜੈ ਡੋਗਰਾ ਈ.ਉ, ਪ੍ਰਮੋਦ ਕੁਮਾਰ ਵਸਦਰਾਏ, ਰਜਵੰਤ ਸਿੰਘ ਪ੍ਰਿੰਸੀਪਲ, ਥਾਣਾ ਮੱਖੀ ਸੁਰਿੰਦਰ ਕੁਮਾਰ, ਲਾਲਾ ਸੁਦੇਸ਼ ਗੁਪਤਾ, ਸੁਦੇਸ਼ ਗੋਇਲ, ਡਾ.ਵੈਭਵ ਸ਼ਰਮਾ ਕੌਂਸਲਰ, ਤਿਲਕ ਰਾਜ ਭਾਪਾ, ਰਵੀ ਕਾਂਤ ਗੁਪਤਾ, ਯਸ਼ਪਾਲ ਗਿੰਢਾ ਕੌਂਸਲਰ, ਸ਼ੰਕਰ ਸੰਧੂ ਕੌਂਸਲਰ, ਪਰਮਜੀਤ ਭਾਰਤੀ ਸਾਬਕਾ ਕੌਂਸਲਰ, ਲਖਵਿੰਦਰ ਜੌਹਲ, ਸੋਨੂ ਪੰਮਾ, ਪੂਰਨ ਚੰਦ ਸ਼ਰਮਾ, ਅਸਵਨੀ ਭਾਪਾ, ਬਲਵੀਰ ਸਿੰਘ ਚਾਚਾ, ਸੁਰਿੰਦਰ ਕੈਂਥ ਕੌਂਸਲਰ, ਸਨੀ ਤਿਖਾ, ਸੁਨੀਲ ਸ਼ਰਮਾ, ਇੰਦਰਜੀਤ ਸਿੰਘ ਲਾਂਬਾ, ਅਨਿਲ ਧੀਰ ਪਿੰਕਾ, ਰਾਕੇਸ਼ ਡੋਗਰਾ ਚੀਫ ਮੈਨੇਜਰ, ਰਾਏ ਵਰਿੰਦਰ ਸਾਬਕਾ ਕੌਂਸਲਰ, ਜੋਗਿੰਦਰ ਸਿੰਘ ਛਿਛੋਵਾਲ, ਅਵਤਾਰ ਸਿੰਘ ਜੌਹਲ, ਸਤਿਨਾਮ ਕਾਲਾ ਅਤੇ ਹੋਰ ਹਾਜਰ ਸਨ।

# ਨੇਕੀ ਦੀ ਬਦੀ 'ਤੇ ਜਿੱਤ ਦਾ ਪ੍ਰਤੀਕ ਦੁਸਹਿਰਾ ਧੂਮਧਾਮ ਨਾਲ ਮਨਾਇਆ

**ਨੂਰਮਹਿਲ ( ਬਾਲ ਕਿਸਨ ਬਾਲੀ,)** -ਨੂਰਮਹਿਲ 'ਚ ਰਾਮ ਲੀਲ੍ਹਾ ਕਮੇਟੀ ਵੱਲੋਂ ਨੇਕੀ ਦੀ ਬਦੀ 'ਤੇ ਜਿੱਤ ਦਾ ਪ੍ਰਤੀਕ ਦੁਸਹਿਰੇ ਦਾ ਤਿਉਹਾਰ ਧੂਮਧਾਮ ਨਾਲ ਮਨਾਇਆ ਗਿਆ। ਸਥਾਨਕ ਦੁਸਹਿਰਾ ਮੈਦਾਨ 'ਚ ਰਾਮਲੀਲ੍ਹਾ ਕਮੇਟੀ ਵਲੋਂ ਮੇਲੇ ਦਾ ਪ੍ਰਬੰਧ ਕੀਤਾ ਗਿਆ, ਜਿਸ 'ਚ ਹਜਾਰਾਂ ਦੀ ਗਿਣਤੀ ਚ ਪੁੱਜੇ ਲੋਕਾਂ ਵਲੋਂ ਭਗਵਾਨ ਸ੍ਰੀ ਰਾਮ, ਮਾਤਾ ਸੀਤਾ ਤੇ ਲਛਮਣ ਦੇ ਸਜਾਏ ਸਰੂਪਾਂ ਅੱਗੇ ਸੀਸ ਝੁਕਾਇਆ। ਦੁਸਹਿਰਾ ਮੈਦਾਨ 'ਚ ਰਾਵਣ, ਮੇਘਨਾਦ ਤੇ ਕੁੰਭਕਰਨ ਦੇ ਪੁਤਲੇ ਲਗਾਏ ਗਏ ਜਿਨ੍ਹਾਂ ਨੂੰ ਅਗਨੀ ਦੇਣ ਤੋਂ ਪਹਿਲਾਂ ਰਾਮ ਭਗਤ ਸ਼ਰਧਾਲੂਆਂ ਵੱਲੋਂ ਆਤਿਸ਼ਬਾਜੀ ਕਰ ਭੰਗੜੇ ਪਾਏ ਗਏ। ਮੁੱਖ ਮਹਿਮਾਨ ਵਜੋਂ ਵਿਧਾਇਕ ਇੰਦਰਜੀਤ ਕੌਰ ਮਾਨ, ਸਾਬਕਾ ਕੈਬਨਿਟ ਮੰਤਰੀ ਅਮਰਜੀਤ ਸਿੰਘ ਸਮਰਾ, ਹਲਕਾ ਇੰਚਾਰਜ ਕਾਂਗਰਸ ਪਾਰਟੀ ਨਵਜੋਤ ਸਿੰਘ ਦਹੀਆ, ਬਲਾਕ ਪ੍ਰਧਾਨ ਆਮ ਆਦਮੀ ਪਾਰਟੀ ਕਰਨੈਲ ਰਾਮ ਬਾਲੂ, ਸੰਤ ਕਰਮ ਦਾਸ, ਜੰਗ ਬਹਾਦਰ ਕੋਹਲੀ ਵਾਇਸ ਪ੍ਰਧਾਨ ਨਗਰ ਕੌਂਸਲ ਨੂਰਮਹਿਲ ਤੇ ਰਾਮ ਲੀਲ੍ਹਾ ਕਮੇਟੀ ਦੇ ਪ੍ਰਧਾਨ, ਹਮ ਸਭ ਨਿਊਜ, ਪੰਜਾਬ ਬੀਬੀ ਹਰਦੀਪ ਕੌਰ ਜੌਹਲ ਪ੍ਰਧਾਨ ਨਗਰ ਕੌਂਸਲ ਨੂਰਮਹਿਲ ਲਖਵੀਰ ਸਿੰਘ ਉੱਪਲ ਉਰਫ ਸੀਰ ਆਪ ਸੀਨੀਅਰ ਆਗੂ, ਮਨਜੀਤ ਸਿੰਘ ਕੰਦੋਲਾ ਨੰਬਰਦਾਰ ਨਗਰ ਕੌਂਸਲ ਪ੍ਰਧਾਨ ਸੁਰਿੰਦਰ ਕੁੰਦਰਾ, ਸੁਰਿੰਦਰ ਬਾਂਸਲ ਪੁੱਜੇ, ਜਿਨ੍ਹਾਂ ਇਲਾਕਾ ਵਾਸੀਆਂ ਨੂੰ ਇਸ ਸ਼ੁੱਭ ਦਿਹਾੜੇ ਦੀ ਵਧਾਈ ਦਿੱਤੀ।

ਸ਼ਾਮ ਸੂਰਜ ਛਿਪਦਿਆਂ ਹੀ ਰਾਵਣ, ਮੇਘਨਾਦ ਤੇ ਕੁੰਭਕਰਨ ਨੂੰ ਅਗਨੀ ਭੇਟ ਕੀਤੀ। ਸੁਮਨ ਸੇਖੜੀ ਐਮ.ਸੀ ਰਾਜਾ ਮਿਸਰ ਐਮ.ਸੀ, ਕ੍ਰਿਸ਼ਨਾ ਸੰਧੂ ਐਮ.ਸੀ, ਦੀਪਕ ਕੁਮਾਰ ਦੀਪੂ ਐਮ.ਸੀ, ਨੰਦ ਕਿਸ਼ੋਰ ਐਮ.ਸੀ, ਬਲਵੀਰ ਚੰਦ ਕੌਲਧਾਰ ਐਮ.ਸੀ, ਜੀਵਨ ਸਿੰਘ ਭੱਚੂ, ਇੰਦਰਜੀਤ ਸਿੰਘ ਜੌਹਲ, ਕੁਲਦੀਪ ਕੁਮਾਰ ਦੀਪਾ ਵਿਨੋਦ ਜੱਸਲ, ਸੁਰਿੰਦਰ ਸ਼ਰਮਾ, ਭੂਸ਼ਨ ਲਾਲ ਸਰਮਾ ਪ੍ਰਧਾਨ ਰਾਮਾ ਡਰਾਮਾ ਟਿਕ ਨੂਰਮਹਿਲ, ਰਕੇਸ਼ ਕਲੇਰ, ਸੁਮਨ ਲਤਾ ਪਾਠਕ ਸੁਭਾਸ਼ ਸੇਖੜੀ ਗਨੀ ਕੰਦੋਲਾ, ਦਵਿੰਦਰ ਸੰਧੂ, ਅਨਿਲ ਕੁਮਾਰ ਮੈਂਹਨ ਐਮ.ਸੀ, ਰਾਜੂ ਉੱਪਲ, ਦਵਿੰਦਰ ਪਾਲ ਚਾਹਲ ਪ੍ਰਧਾਨ ਆਪ ਦੋਆਬਾ ਜੋਨ ਜ਼ਿਲ੍ਹਾ ਜਲੰਧਰ, ਪਰਮਜੀਤ ਪੰਮਾ ਚਾਹਲ, ਗੁਰਪ੍ਰੀਤ ਸਿੰਘ ਜੌਹਲ ਜ਼ਿਲ੍ਹਾ ਯੂਥ ਵਿੰਗ ਸਕੱਤਰ, ਵੇਦ ਪ੍ਰਕਾਸ਼ ਸਿਧਮ, ਅਜੀਤ ਸਿਧਮ, ਰਾਜੀਵ ਮਿਸਰ, ਬੁੱਧੂ ਵੀਰਾਂ ਪਿੰਡ ਬਾਠਾ, ਨੰਥੂ ਰਾਮ, ਦੇਵ ਰਾਜ ਸੁੰਮਨ, ਹੰਸ ਰਾਜ ਸਿੱਧੂ, ਓਮ ਪ੍ਰਕਾਸ਼ ਕੁੰਦੀ, ਸਾਈ ਉਸਤਾਦ ਸ਼ਾਹ ਜੀ, ਪ੍ਰਮੋਦ ਸੇਖੜੀ ਅਭਿਸ਼ੇਕ ਸ਼ਰਮਾਂ ਮੈਡਮ ਪਰੀ ਧਾਲੀਵਾਲ, ਸ਼ਿਵਾ ਕੋਹਲੀ, ਪਰਮਿੰਦਰ ਸਿੰਘ ਸ਼ਾਮਪੁਰ ਸਾਬਕਾ ਚੇਅਰਮੈਨ ਸੁਰਜੀਤ ਕੁਮਾਰ, ਧਲਵੰਤ ਸਹਿਜਲ ਨਰਿੰਦਰ ਸੇਖੜੀ ਆਦਿ ਹਜਾਰ ਸਨ। ਸਟੇਜ ਸੈਕਟਰੀ ਦੀ ਭੂਮਿਕਾ ਰਜਿੰਦਰ ਕਾਲੜਾ ਤੇ ਸੌਰਵ ਲਵਲੀ ਕੁਮਾਰ ਵਲੋਂ ਬਾਖੂਬੀ ਨਿਭਾਈ ਗਈ।

# ਰਿਆਤ-ਬਾਹਰਾ 'ਵਰਸਿਟੀ ਵਿਖੇ ਸਾਈਬਰ ਜਾਗਰੂਕਤਾ ਮੁਹਿੰਮ




**ਮੋਹਾਲੀ, (ਗੁਰਜੀਤ ਸਿੰਘ ਬਿੱਲਾ)**: ਰਿਆਤ ਬਾਹਰਾ ਯੂਨੀਵਰਸਿਟੀ ਸਕੂਲ ਆਫ਼ ਇੰਜਨੀਅਰਿੰਗ ਐਂਡ ਟੈਕਨਾਲੋਜੀ ਦੇ ਕੰਪਿਊਟਰ ਸਾਇੰਸ ਵਿਭਾਗ ਵੱਲੋਂ 'ਸਾਈਬਰ ਜਾਗਰੂਕਤਾ' 'ਤੇ ਇੱਕ ਮੁਹਿੰਮ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਵਿਦਿਆਰਥੀਆਂ ਦੀ ਇੱਕ ਟੀਮ ਨੇ ਵੱਖ-ਵੱਖ ਵਿਭਾਗਾਂ ਨੂੰ ਸਾਈਬਰ ਖਤਰਿਆਂ ਬਾਰੇ ਜਾਗਰੂਕ ਕੀਤਾ। ਇਸ ਦੌਰਾਨ ਟੀਮ ਵੱਲੋਂ ਵੱਖ-ਵੱਖ ਵਿਭਾਗਾਂ ਦਾ ਦੌਰਾ ਕੀਤਾ ਗਿਆ ਅਤੇ ਵਿਦਿਆਰਥੀਆਂ ਨਾਲ ਆਪਣੇ ਨੈੱਟਵਰਕ ਅਤੇ ਡਾਟਾ ਨੂੰ ਸੁਰੱਖਿਅਤ ਬਣਾਉਣ ਲਈ ਵੱਖ-ਵੱਖ ਤਕਨੀਕਾਂ ਸਾਂਝੀਆਂ ਕੀਤੀਆਂ। ਟੀਮ ਵੱਲੋਂ ਸਕੂਲ ਆਫ ਇੰਜਨੀਅਰਿੰਗ ਐਂਡ ਟੈਕਨਾਲੋਜੀ ਦੇ ਵਿਦਿਆਰਥੀਆਂ ਨਾਲ ਗੱਲਬਾਤ ਕੀਤੀ ਅਤੇ ਉਨ੍ਹਾਂ ਨੂੰ ਵੱਖ-ਵੱਖ ਸਾਈਬਰ-ਹਮਲਿਆਂ ਜਾਂ ਵਾਇਰਸਾਂ ਤੋਂ ਆਪਣੀ ਜਾਣਕਾਰੀ ਅਤੇ ਡੇਟਾ ਨੂੰ ਸੁਰੱਖਿਅਤ ਰੱਖਣ ਬਾਰੇ ਜਾਣਕਾਰੀ ਦਿੱਤੀ। ਇਸ ਮੌਕੇ ਵਿਦਿਆਰਥੀਆਂ ਨੂੰ ਦੱਸਿਆ ਗਿਆ ਕਿ ਸੂਚਨਾ ਸੁਰੱਖਿਆ ਦੇ ਤਿੰਨ ਮੁੱਖ ਭਾਗ ਹਨ-ਗੁਪਤਤਾ, ਇਕਸਾਰਤਾ ਅਤੇ ਉਪਲੱਬਧਤਾ। ਟੀਮ ਨੇ ਵਿਦਿਆਰਥੀਆਂ ਨੂੰ ਆਪਣੀ ਈਮੇਲ ਅਤੇ ਸੋਸ਼ਲ ਮੀਡੀਆ ਖਾਤੇ ਦੀ ਸੁਰੱਖਿਆ ਲਈ ਮਜ਼ਬੂਤ, ਵਿਲੱਖਣ ਪਾਸਵਰਡ ਵਰਤਣ ਦਾ ਸੁਝਾਅ ਦਿੱਤਾ।

7-Oct tPage 9.qxd 10/6/2022 10:32 PM Page 1



# ਸਕੂਟਰ ਖਰੀਦਣ ਲਈ 90 ਹਜ਼ਾਰ ਦੇ ਸਿੱਕਿਆਂ ਦਾ ਢੇਰ ਲਾਇਆ



**ਰੋਪੜ ( ਬਿੰਦਰਾ)** ਵੱਡੀ ਰਕਮ ਵਿੱਚ ਲੈਣ -ਦੇਣ ਵਿੱਚ ਹਰ ਕੋਈ 2000 ਰੁਪਏ ਦੇ ਨੋਟ ਜਾਂ 500 ਰੁਪਏ ਦੇ ਨੋਟਾਂ ਦਾ ਪ੍ਰਯੋਗ ਕਰਦਾ ਹੈ। ਪਰ ਜਦ ਕੋਈ ਗਾਹਕ 90 ਹਜ਼ਾਰ ਦੇ ਸਿੱਕਿਆਂ ਦਾ ਢੇਰ ਲਾ ਦੇਵੇ ਤਾਂ ਦੁਕਾਨਦਾਰ ਨੇ ਹੈਰਾਨ ਹੋਣਾ ਹੀ ਹੈ। ਇਥੇ ਦੀ ਸਕੂਟਰ ਵੇਚਣ ਵਾਲੀ ਫਰਮ ਸੋਨੀ ਸੁਜ਼ੂਕੀ ਕੋਲ ਇਕ ਗਾਹਕ ਸਕੂਟਰ ਖਰੀਦਣ ਗਿਆ ਜਦ ਸਾਰੇ ਕਾਗਜ ਮੁਕੰਮਲ ਹੋ ਗਏ ਤਾਂ ਗਾਹਕ ਨੇ ਪੇਮੈਂਟ ਕਰਨ ਲਈ 90 ਹਜ਼ਾਰ ਰੁਪਏ ਦਾ ਢੇਰ ਲਾ ਦਿੱਤਾ। ਫਰਮ ਦੇ ਕਰਿੰਦੇ ਇਹ ਦੇਖ ਕੇ ਹੈਰਾਨ ਹੋ ਗਏ। ਉਨ੍ਹਾਂ ਨੇ ਗਾਹਕ ਨੂੰ ਮਾਲਕ ਕੋਲ ਭੇਜ ਦਿੱਤਾ, ਪਹਿਲਾਂ ਤਾਂ ਮਾਲਕ ਵੀ ਹੈਰਾਨ ਹੋਇਆ ਪਰ ਫਿਰ ਉਸ ਨੇ ਸਕੂਟਰ ਦੇਣ ਨੂੰ ਕਹਿ ਦਿੱਤਾ। ਕਰਿੰਦਿਆਂ ਨੂੰ ਸਿੱਕੇ ਗਿਣਨ ਵਿੱਚ ਕਈ ਘੰਟੇ ਲਗ ਗਏ। ਸਕੂਟਰ ਖਰੀਦਣ ਵਾਲੇ ਗਾਹਕ ਰਾਘਵ ਅਗਰਵਾਲ ਨੇ ਦੱਸਿਆ ਕਿ ਉਹਦਾ ਕੰਮ ਹੀ ਅਜਿਹਾ ਹੈ ਕਿ ਗਾਹਕ ਉਸ ਨੂੰ ਸਿੱਕੇ ਦੇਂਦੇ ਹਨ, ਮੇਰੇ ਕੋਲ ਹਜਾਰਾਂ ਸਿੱਕੇ ਇਕੱਠੇ ਹੋ ਗਏ ਸਨ। ਮੈਂ ਇਕ ਸਕੂਟਰ ਖਰੀਦਣਾ ਚਾਹੁੰਦਾ ਸੀ ਅੱਜ-ਕੱਲ੍ਹ ਸੋਨੀ ਸੁਜ਼ੂਕੀ ਵਾਲੇ ਗਾਹਕਾਂ ਨੂੰ ਕਈ ਰਿਆਇਤਾਂ ਦੇ ਰਹੇ ਹਨ, ਇਸ ਲਈ ਮੈਂ ਸਕੂਟਰ ਖਰੀਦਣ ਲਈ ਇਥੇ ਆਇਆ ਹਾਂ। ਉਸ ਦਾ ਕਹਿਣਾ ਸੀ ਕਿ ਉਸ ਨੇ ਸਿੱਕਿਆਂ ਬਦਲੇ ਨੋਟ ਬਦਲਣ ਦਾ ਯਤਨ ਕੀਤਾ ਪਰ ਇੰਤਜ਼ਾਮ ਨਾ ਹੋ ਸਕਿਆ। ਮੈਂ ਸਿੱਕਿਆਂ ਦਾ ਹੀ ਝੋਲਾ ਭਰ ਲਿਆਇਆ।

# ਤਖ਼ਤ ਸਾਹਿਬਾਨਾਂ ਤੋਂ ਚੱਲਣ ਵਾਲੇ ਖਾਲਸਾ ਮਾਰਚ ਇਤਿਹਾਸਕ ਹੋਣਗੇ: ਪ੍ਰੋ. ਚੰਦੂਮਾਜਰਾ

**ਬਲਾਚੌਰ (ਜਤਿੰਦਰ ਪਾਲ ਸਿੰਘ ਕਲੇਰ )** - ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਲੀਡਰ ਅਤੇ ਸਾਬਕਾ ਮੈਂਬਰ ਪਾਰਲੀਮੈਂਟ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ਨੇ 7 ਅਕਤੂਬਰ ਨੂੰ ਤਖ਼ਤ ਸ੍ਰੀ ਕੇਸਗੜ੍ਹ (ਸ੍ਰੀ ਆਨੰਦਪੁਰ ਸਾਹਿਬ), ਤਖ਼ਤ ਸ੍ਰੀ ਦਮਦਮਾ ਸਾਹਿਬ ਅਤੇ ਅੰਬਾਲਾ ਦੇ ਗੁਰਦੁਆਰਾ ਮੰਜੀ ਸਾਹਿਬ ਤੋਂ ਆਕਾਲ ਤਖ਼ਤ ਸ੍ਰੀ ਅੰਮ੍ਰਿਤਸਰ ਸਾਹਿਬ ਤੱਕ ਕੱਢੇ ਜਾਣ ਵਾਲੇ ਖਾਲਸਾ ਮਾਰਚ ਨੂੰ ਇਤਿਹਾਸਿਕ ਦੱਸਿਆ। ਇਸ ਸਮੇਂ ਉਨ੍ਹਾਂ ਹਲਕਾ ਮੋਹਾਲੀ, ਖਰੜ, ਚਮਕੌਰ ਸਾਹਿਬ, ਬੰਗਾ, ਨਵਾਂਸ਼ਹਿਰ, ਬਲਾਚੌਰ ਆਦਿ ਥਾਵਾਂ 'ਤੇ ਮੀਟਿੰਗਾਂ ਕਰਦਿਆਂ ਸਿੱਖ ਸੰਗਤਾਂ ਨੂੰ ਖਾਲਸਾ ਮਾਰਚ 'ਚ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕਰਨ ਲਈ ਪ੍ਰੇਰਿਆ। ਇਸ ਸਮੇਂ ਪ੍ਰੈੱਸ ਨੂੰ ਜਾਣਕਾਰੀ ਦਿੰਦਿਆ ਉਨ੍ਹਾਂ ਆਖਿਆ ਕਿ ਖਾਲਸਾ ਮਾਰਚ ਦੀ ਅਗਵਾਈ ਤਲਵੰਡੀ ਸਾਬੋ ਤੋਂ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਸੀਨੀਅਰ ਲੀਡਰ ਬਲਵਿੰਦਰ ਸਿੰਘ ਭੂੰਦੜ ਕਰਨਗੇ। ਸ੍ਰੀ ਆਨੰਦਪੁਰ ਸਾਹਿਬ ਤੋਂ ਚੱਲਣ ਵਾਲੇ ਮਾਰਚ ਦੀ ਅਗਵਾਈ ਪ੍ਰੋ. ਚੰਦੂਮਾਜਰਾ ਅਤੇ ਸਾਬਕਾ ਕੈਬਨਿਟ ਮੰਤਰੀ ਦਲਜੀਤ ਚੀਮਾ ਦੁਆਰਾ ਕੀਤੀ ਜਾਵੇਗੀ।ਇਸ ਸਮੇਂ ਉਨ੍ਹਾਂ ਦੱਸਿਆ ਕਿ ਇਹ ਰੋਸ ਮਾਰਚ ਪਿਛਲੇ ਦਿਨੀਂ ਮਾਨਯੋਗ ਸੁਪਰੀਮ ਕੋਰਟ ਵੱਲੋਂ ਸ਼੍ਰੋਮਣੀ ਕਮੇਟੀ ਖ਼ਿਲਾਫ ਲਏ ਫ਼ੈਸਲੇ ਦੇ ਵਿਰੋਧ ਵਿੱਚ ਕੱਢੇ ਜਾ ਰਹੇ ਹਨ। ਪ੍ਰੋ. ਚੰਦੂਮਾਜਰਾ ਨੇ ਕਿਹਾ ਕਿ ਸੁਪਰੀਮ ਕੋਰਟ ਵੱਲੋਂ ਹਰਿਆਣਾ ਲਈ ਵੱਖਰੇ ਗੁਰਦੁਆਰਾ ਐਕਟ 2014 ਨੂੰ ਮਾਨਤਾ ਦੇਣ ਨੇ ਸਿੱਖ ਹਿਰਦਿਆਂ ਨੂੰ ਵਲੂੰਧਰ ਕੇ ਰੱਖ ਦਿੱਤਾ । ਉਨ੍ਹਾਂ ਆਖਿਆ ਕਿ ਤਖ਼ਤ ਸਾਹਿਬਾਨਾਂ ਤੋਂ ਚੱਲਣ ਵਾਲਾ ਇਹ ਮਾਰਚ ਸਿੱਖ ਪੰਥ ਦੀ ਇਕਮੁੱਠਤਾ ਦਾ ਪ੍ਰਗਟਾਵਾ ਕਰੇਗਾ। ਪ੍ਰੋ. ਚੰਦੂਮਾਜਰਾ ਨੇ ਆਖਿਆ ਕਿ ਸ਼ਰੋਮਣੀ ਅਕਾਲੀ ਦਲ ਸਿੱਖਾਂ ਵਿੱਚ ਖ਼ਾਨਾਜੰਗੀ ਕਰਵਾ ਕੇ ਭਰਾ ਮਾਰੂ ਜੰਗ ਕਰਵਾਉਣ ਵਾਲੀਆਂ ਸਾਜ਼ਿਸ਼ਾਂ ਨੂੰ ਕਦੀ ਸਫ਼ਲ ਨਹੀਂ ਹੋਣ ਦੇਵੇਗਾ। ਪ੍ਰੋ. ਚੰਦੂਮਾਜਰਾ ਨੇ ਦੱਸਿਆ ਕਿ ਤਖ਼ਤ ਸ੍ਰੀ ਕੇਸਗੜ੍ਹ (ਆਨੰਦਪੁਰ ਸਾਹਿਬ), ਤਖ਼ਤ ਸ੍ਰੀ ਦਮਦਮਾ ਸਾਹਿਬ (ਤਲਵੰਡੀ ਸਾਬੋ), ਅਤੇ ਗੁਰਦੁਆਰਾ ਮੰਜੀ ਸਾਹਿਬ, ਅੰਬਾਲਾ ਤੋਂ ਚੱਲਣ ਵਾਲਾ ਇਹ ਖਾਲਸਾ ਮਾਰਚ ਸਵੇਰੇ 10 ਵਜੇ ਅਰਦਾਸ ਕਰਕੇ ਚੱਲੇਗਾ। ਉਨ੍ਹਾਂ ਆਖਿਆ ਕਿ ਖਾਲਸੇ ਦਾ ਇਹ ਇਕੱਠ ਸ਼ਾਮ 3 ਵਜੇ ਆਕਾਲ ਤਖ਼ਤ ਸ੍ਰੀ ਅੰਮ੍ਰਿਤਸਰ ਪਹੁੰਚ ਕੇ ਖਾਲਸਾ ਪੰਥ ਦੀ ਏਕਤਾ ਅਤੇ ਹੱਕ ਸੱਚ ਦੀ ਸਫ਼ਲਤਾ ਲਈ ਚੜ੍ਹਦੀ ਕਲਾ ਦੀ ਅਰਦਾਸ ਕਰੇਗਾ।

# ਮਾਨ ਦੀ ਭ੍ਰਿਸ਼ਟਾਚਾਰ ਵਿਰੁੱਧ ਮੁਹਿੰਮ ਪੱਖਪਾਤੀ ਤੇ ਇਕਪਾਸੜ - ਬਾਜਵਾ

**ਚੰਡੀਗੜ੍ਹ, (ਗੁਰਜੀਤ ਬਿੱਲਾ)**-ਭਗਵੰਤ ਮਾਨ ਸਰਕਾਰ ਵੱਲੋਂ ਭ੍ਰਿਸ਼ਟਾਚਾਰ ਵਿਰੁੱਧ ਵਿੱਢੀ ਮੁਹਿੰਮ 'ਤੇ ਗੰਭੀਰ ਸ਼ੰਕੇ ਅਤੇ ਚਿੰਤਾ ਜਾਹਰ ਕਰਦਿਆਂ, ਸੀਨੀਅਰ ਕਾਂਗਰਸੀ ਆਗੂ ਅਤੇ ਪੰਜਾਬ ਦੇ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਇਸ ਨੂੰ ਪੂਰੀ ਤਰ੍ਹਾਂ ਪੱਖਪਾਤੀ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਹੈ ਕਿ ਇਹ ਸਿਰਫ ਵਿਰੋਧੀ ਧਿਰ ਦੇ ਨੇਤਾਵਾਂ ਲਈ ਹੈ। ਬਾਜਵਾ ਨੇ ਕਿਹਾ ਜਦ ਆਮ ਆਦਮੀ ਪਾਰਟੀ (ਆਪ) ਸੱਤਾ ਵਿੱਚ ਆਈ ਅਤੇ ਭਗਵੰਤ ਮਾਨ ਨੇ ਮੁੱਖ ਮੰਤਰੀ ਵਜੋਂ ਸਹੁੰ ਚੁੱਕੀ ਤਾਂ ਮੈਨੂੰ ਉਮੀਦ ਸੀ ਕਿ ਉਹ ਵਿਰੋਧੀ ਧਿਰਾਂ ਨਾਲ ਪੱਖਪਾਤੀ ਨਹੀਂ ਹੋਣਗੇ ਅਤੇ ਨਿਰਪੱਖ ਰਹਿਣਗੇ, ਖਾਸ ਕਰਕੇ ਭ੍ਰਿਸ਼ਟਾਚਾਰ ਦੇ ਮਾਮਲਿਆਂ ਪਰੰਤੂ ਉਨ੍ਹਾਂ ਦੀ ਸਰਕਾਰ ਵੱਲੋਂ ਪੱਖਪਾਤ ਕੀਤਾ ਜਾ ਰਿਹਾ ਹੈ। ਕਰੀਬ ਸੱਤ ਮਹੀਨੇ ਪੁਰਾਣੀ ਸਰਕਾਰ ਦੀ ਭ੍ਰਿਸ਼ਟਾਚਾਰ ਦੇ ਖਿਲਾਫ ਮੁਹਿੰਮ ਪੂਰੀ ਤਰ੍ਹਾਂ ਇਕਪਾਸੜ ਰਹੀ ਹੈ ਅਤੇ ਸਿਰਫ ਕਾਂਗਰਸ ਲੀਡਰਸ਼ਿਪ ਨੂੰ ਘੇਰਨ ਅਤੇ ਠੀਕ ਕਰਨ 'ਤੇ ਤੁਲੀ ਹੋਈ ਹੈ। ਬਾਜਵਾ ਨੇ ਕਿਹਾ ਕਿ ਭਗਵੰਤ ਮਾਨ ਸਰਕਾਰ ਨੇ ਕੈਬਨਿਟ ਮੰਤਰੀ ਫੌਜਾ ਸਿੰਘ ਸਰਾਰੀ ਬਾਰੇ ਪੂਰੀ ਤਰ੍ਹਾਂ ਚੁੱਪ ਵੱਟੀ ਹੋਈ ਹੈ, ਜਿਸ ਦੀ ਆਪਣੇ ਓ.ਐੱਸ.ਡੀ ਤਰਸੇਮ ਲਾਲ ਕਪੂਰ ਦੀ ਮਦਦ ਨਾਲ ਸਰਕਾਰੀ ਅਧਿਕਾਰੀਆਂ ਤੋਂ ਪੈਸੇ ਵਸੂਲਣ ਦੀ ਆਡੀਓ ਕਲਿੱਪ ਕਰੀਬ ਇਕ ਮਹੀਨਾ ਪਹਿਲਾਂ ਵਾਇਰਲ ਹੋਈ ਸੀ। ਆਪਣੇ ਹੀ ਕੈਬਨਿਟ ਸਾਥੀ ਭਗਵੰਤ ਮਾਨ ਅਤੇ ਉਨ੍ਹਾਂ ਦੇ ਹੋਰ ਕੈਬਨਿਟ ਸਾਥੀ ਕਾਰਵਾਈ ਕਰਨ ਦੀ ਬਜਾਏ ਭ੍ਰਿਸ਼ਟ ਮੰਤਰੀ ਨੂੰ ਬਚਾਉਣ ਦੇ ਰਾਹ ਪੈ ਗਏ ਹਨ। ਜਦਕਿ ਦੂਜੇ ਪਾਸੇ ਭਗਵੰਤ ਮਾਨ ਨੇ ਕਾਂਗਰਸ ਦੇ ਸੀਨੀਅਰ ਆਗੂ ਕੈਪਟਨ ਸੰਦੀਪ ਸਿੰਘ ਸੰਧੂ ਅਤੇ ਗੁਰਦਾਸਪੁਰ ਦੇ ਵਿਧਾਇਕ ਬਰਿੰਦਰਮੀਤ ਸਿੰਘ ਪਾਹੜਾ ਵਰਗੇ ਆਗੂਆਂ ਦੁਆਲੇ ਵਿਜੀਲੈਂਸ ਬਿਊਰੋ ਨੂੰ ਲਾ ਦਿੱਤਾ ਹੈ। ਇਸ ਤੋਂ ਪਹਿਲਾਂ ਵੀ ਬਗੈਰ ਸਬੂਤਾਂ ਦੇ ਕਾਂਗਰਸ ਦੇ ਸੀਨੀਅਰ ਮੰਤਰੀਆਂ ਖਿਲਾਫ ਵਿਜੀਲੈਂਸ ਵੱਲੋਂ ਕੇਸ ਦਰਜ ਕੀਤੇ ਗਏ ਤੇ ਗ੍ਰਿਫ਼ਤਾਰੀਆਂ ਕੀਤੀਆਂ।

ਬਾਜਵਾ ਨੇ ਕਿਹਾ ਕਿ ਕੋਈ ਵੀ ਅੰਦਾਜਾ ਲਗਾ ਸਕਦਾ ਹੈ ਕਿ ਭਗਵੰਤ ਮਾਨ ਸਰਕਾਰ ਅਤੇ ਇਸ ਦੀ ਵਿਜੀਲੈਂਸ ਬਿਊਰੋ 'ਆਪ' ਆਗੂਆਂ ਅਤੇ ਮੰਤਰੀਆਂ ਦੀਆਂ ਗਲਤ ਹਰਕਤਾਂ ਤੋਂ ਪੂਰੀ ਤਰ੍ਹਾਂ ਅਣਜਾਣ ਕਿਉਂ ਹੈ। ਭਗਵੰਤ ਮਾਨ ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਨੇਤਾਵਾਂ ਦੇ ਸਬੰਧ ਚ ਪੂਰੀ ਤਰ੍ਹਾਂ ਦਿਆਲੂ ਹੈ, ਖਾਸ ਤੌਰ 'ਤੇ ਉਨ੍ਹਾਂ ਲੋਕਾਂ ਵਿਰੁੱਧ ਜੋ ਜਾਂਚ ਏਜੰਸੀਆਂ ਤੋਂ ਸੁਰੱਖਿਆ ਪ੍ਰਾਪਤ ਕਰਨ ਲਈ ਭਗਵਾ ਪਾਰਟੀ ਵਿਚ ਚਲੇ ਗਏ ਸਨ। ਬਾਜਵਾ ਨੇ ਪੁੱਛਿਆ ਕਿ 'ਆਪ' ਦੇ ਵਿਧਾਇਕ ਹਰਮੀਤ ਸਿੰਘ ਪਠਾਨਮਾਜਰਾ ਵਿਰੁੱਧ ਭਗਵੰਤ ਮਾਨ ਨੇ ਕੀ ਕਾਰਵਾਈ ਕੀਤੀ ਹੈ, ਜੋ ਆਪਣੀ ਦੂਜੀ ਪਤਨੀ ਨੂੰ ਪਰੇਸ਼ਾਨ ਕਰ ਰਿਹਾ ਸੀ ਅਤੇ ਪੰਜਾਬ ਪੁਲਸ 'ਤੇ ਉਸ ਦੇ ਖਿਲਾਫ ਪਤਨੀ ਦੀ ਸ਼ਿਕਾਇਤ 'ਤੇ ਮਾਮਲਾ ਦਰਜ ਨਾ ਕਰਨ ਲਈ ਦਬਾਅ ਪਾ ਰਿਹਾ ਸੀ। 'ਆਪ' ਦੇ ਇੱਕ ਹੋਰ ਵਿਧਾਇਕ ਮਨਵਿੰਦਰ ਸਿੰਘ ਗਿਆਸਪੁਰਾ ਨੇ ਇੱਕ ਔਰਤ ਨੂੰ ਧਮਕਾਇਆ ਅਤੇ ਉਸ 'ਤੇ ਰੁਪਏ ਦੇਣ ਲਈ ਦਬਾਅ ਪਾਇਆ। ਇੱਕ ਲੱਖ ਦੀ ਪ੍ਰੋਟੈਕਸ਼ਨ ਮਨੀ ਦਿੱਤੀ ਪਰ ਉਸ ਵਿਰੁੱਧ ਵੀ ਕੋਈ ਕਾਰਵਾਈ ਨਹੀਂ ਕੀਤੀ ਗਈ। ਜਲੰਧਰ 'ਚ 'ਆਪ' ਦੇ ਵਿਧਾਇਕ ਰਮਨ ਅਰੋੜਾ ਅਤੇ ਸੀਤਲ ਅੰਗੁਰਾਲ ਦੇ ਭਰਾ ਨੇ ਨਾ ਸਿਰਫ ਡੀਸੀਪੀ ਰੈਂਕ ਦੇ ਪੁਲਸ ਅਧਿਕਾਰੀ ਦੀ ਕੁੱਟਮਾਰ ਕੀਤੀ ਸਗੋਂ ਸਿਵਲ ਹਸਪਤਾਲ ਦੇ ਸਟਾਫ ਨਾਲ ਵੀ ਦੁਰਵਿਵਹਾਰ ਕੀਤਾ ਪਰ ਅਸੀਂ ਉਨ੍ਹਾਂ ਖਿਲਾਫ ਵੀ ਕੋਈ ਕਾਰਵਾਈ ਨਹੀਂ ਦੇਖਦੇ। 'ਆਪ' ਵਿਧਾਇਕ ਜਸਵੰਤ ਸਿੰਘ ਗੱਜਣਮਾਜਰਾ 'ਤੇ ਈਡੀ ਅਤੇ ਸੀਬੀਆਈ ਦੇ ਛਾਪੇ ਕਿਸੇ ਤੋਂ ਲੁਕੇ ਨਹੀਂ ਹਨ। ਬਾਜਵਾ ਨੇ ਕਿਹਾ ਕਿ ਪੰਜਾਬ ਦੇ ਸਿਹਤ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਹਰ ਰੋਜ ਕਿਸੇ ਨਾ ਕਿਸੇ ਵਿਵਾਦ ਵਿੱਚ ਘਿਰਦੇ ਰਹਿੰਦੇ ਹਨ ਪਰ ਭਗਵੰਤ ਮਾਨ ਹਮੇਸ਼ਾ ਹੀ ਉਨ੍ਹਾਂ ਨੂੰ ਕਲੀਨ ਚਿੱਟ ਦੇਣ ਲਈ ਉਤਾਵਲੇ ਰਹਿੰਦੇ ਹਨ। ਬਾਜਵਾ ਨੇ ਕਿਹਾ ਕਿ ਭਗਵੰਤ ਮਾਨ ਕਿਹੋ ਜਿਹੀ ਸਰਕਾਰ ਚਲਾ ਰਹੇ ਹਨ ਜੋ ਪੱਖਪਾਤ ਅਤੇ ਵਿਤਕਰੇ ਨਾਲ ਭਰੀ ਹੋਈ ਹੈ।

# ਸੀ ਟੀ ਵਰਲਡ ਸਕੂਲ 'ਚ ਦੁਸਹਿਰਾ ਧੂਮਧਾਮ ਨਾਲ ਮਨਾਇਆ



**ਜਲੰਧਰ -(ਸੈਲੀ ਐਲਬਰਟ)**- ਤਿਉਹਾਰਾਂ ਦੀ ਭਾਵਨਾ ਨੂੰ ਕਾਇਮ ਰੱਖਦੇ ਹੋਏ ਸੀ.ਟੀ ਵਰਲਡ ਸਕੂਲ ਵਿਖੇ ਦੁਸਹਿਰਾ ਬੜੀ ਧੂਮਧਾਮ ਨਾਲ ਮਨਾਇਆ ਗਿਆ। ਵਿਦਿਆਰਥੀਆਂ ਨੇ ਰਾਵਣ ਦਾ ਪੁਤਲਾ ਫੂਕਣ ਤੋਂ ਬਾਅਦ ਇੱਕ ਨਾਟਕ ਰਾਹੀਂ ਮਹਾਂਕਾਵਿ "ਰਾਮਾਇਣ" ਪੇਸ਼ ਕੀਤਾ। ਭਾਗੀਦਾਰਾਂ ਨੇ ਆਪਣੀ ਮਨਮੋਹਕ ਮੁਸਕਰਾਹਟ ਅਤੇ ਪੇਸ਼ਕਾਰੀ ਨਾਲ ਦਰਸ਼ਕਾਂ ਦਾ ਮਨ ਮੋਹ ਲਿਆ। ਉਹ ਆਕਰਸ਼ਕ ਪਹਿਰਾਵੇ ਵਿੱਚ ਸਜੇ ਹੋਏ ਸਨ ਅਤੇ ਹਰ ਕੋਈ ਉਨ੍ਹਾਂ ਨੂੰ ਇਸ ਤਰ੍ਹਾਂ ਦੇਖ ਕੇ ਖੁਸ਼ ਹੋਇਆ। ਮਹਿਮਾਨ ਚਰਨਜੀਤ ਸਿੰਘ ਚੰਨੀ, ਚੇਅਰਮੈਨ ਸੀਟੀ ਗਰੁੱਪ ਅਤੇ ਮਨਬੀਰ ਸਿੰਘ, ਮੈਨੇਜਿੰਗ ਡਾਇਰੈਕਟਰ ਸੀ.ਟੀ ਗਰੁੱਪ, ਕਲਾਕਾਰਾਂ ਦੇ ਆਤਮਵਿਸ਼ਵਾਸ ਅਤੇ ਊਰਜਾ ਦੇ ਪੱਧਰ ਨੂੰ ਦੇਖ ਕੇ ਦੰਗ ਰਹਿ ਗਏ ਅਤੇ ਐਕਟਿੰਗ ਵਿੱਚ ਲੀਨ ਹੋ ਗਏ। ਸੀ.ਟੀ ਵਰਲਡ ਸਕੂਲ ਦੇ ਪ੍ਰਿੰਸੀਪਲ ਮਧੂ ਸ਼ਰਮਾ ਨੇ ਅਜਿਹੇ ਸ਼ਾਨਦਾਰ ਪ੍ਰੋਗਰਾਮ ਲਈ ਸਿੱਖਿਆਰਥੀਆਂ ਅਤੇ ਵਿਦਿਆਰਥੀਆਂ ਦੇ ਯਤਨਾਂ ਦੀ ਸ਼ਲਾਘਾ ਕੀਤੀ ਅਤੇ ਟਿੱਪਣੀ ਕੀਤੀ ਕਿ ਇਹ ਤਿਉਹਾਰ ਇਸ ਗੱਲ ਦਾ ਸੰਕੇਤ ਹੈ ਕਿ ਦੂਜੇ ਦਿਨ ਕੁਝ ਗਲਤੀਆਂ ਸਭ ਦੇ ਸਾਹਮਣੇ ਆ ਜਾਂਦੀਆਂ ਹਨ। ।

# ਪੰਚਾਇਤ ਦੀ ਮਨਜ਼ੂਰੀ ਤੋਂ ਬਿਨਾਂ ਬਾਹਰੀ ਵਿਅਕਤੀ ਨਹੀਂ ਕਰਵਾ ਸਕਣਗੇ ਧਾਰਮਿਕ ਪ੍ਰੋਗਰਾਮ



**ਭੋਗਪੁਰ:-(ਗੁਰਪ੍ਰੀਤ ਸਿੰਘ ਭੋਗਲ)**-ਬਲਾਕ ਭੋਗਪੁਰ ਦੇ ਪਿੰਡ ਡੱਲਾ ਵਿਖੇ ਸਮੂਹ ਗਰਾਮ ਪੰਚਾਇਤ ਤੇ ਗ੍ਰਾਮ ਸਭਾ ਮੈਂਬਰਾਂ ਵੱਲੋਂ ਪੰਚਾਇਤ ਘਰ ਵਿਖੇ ਪਿਛਲੇ ਦਿਨੀਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦੀ ਨੀਅਤ ਨਾਲ ਆਏ ਇਕ ਖਾਸ ਫਿਰਕੇ ਦੇ ਬਾਹਰੀ ਲੋਕਾਂ ਵੱਲੋਂ ਪਿੰਡ ਵਿੱਚ ਪੰਚਾਇਤ ਦੀ ਮਨਜ਼ੂਰੀ ਤੋਂ ਬਿਨਾਂ ਕੀਤੀ ਦਖ਼ਲਅੰਦਾਜ਼ੀ ਤੇ ਜਬਰੀ ਘਰਾਂ ਵਿਚ ਵੜ ਕੇ ਕੀਤੇ ਜਾ ਰਹੇ ਧਰਮ ਪ੍ਰਚਾਰ ਖਿਲਾਫ ਆਮ ਇਜਲਾਸ ਕੀਤਾ ਗਿਆ। ਜਿਸ ਵਿੱਚ ਗ੍ਰਾਮ ਪੰਚਾਇਤ ਡੱਲਾ ਦੀ ਸਰਪੰਚ ਹਰਦੀਪ ਕੌਰ ਸੈਣੀ ਦੀ ਅਗਵਾਈ ਹੇਠ ਸਮੂਹ ਪਿੰਡ ਨਿਵਾਸੀਆਂ ਵੱਲੋਂ ਵੱਖ ਵੱਖ ਮਤਿਆਂ ਨੂੰ ਸਰਬਸੰਮਤੀ ਨਾਲ ਪ੍ਰਵਾਨਗੀ ਦਿੱਤੀ ਗਈ ਤਾਂ ਜੋ ਪਿੰਡ ਵਿੱਚ ਕੋਈ ਵੀ ਧਾਰਮਿਕ ਜਾਂ ਸਮਾਜਿਕ ਅਣਸੁਖਾਵੀਂ ਘਟਨਾ ਵਾਪਰਨ ਤੋਂ ਬਚਾਇਆ ਜਾ ਸਕੇ। ਇਸ ਇਜਲਾਸ ਵਿੱਚ ਸਮੂਹ ਨਗਰ ਨਿਵਾਸੀਆਂ ਵੱਲੋਂ ਪਿੰਡ ਵਿੱਚ ਕਿਸੇ ਵੀ ਧਰਮ ਦੇ ਬਾਹਰੀ ਵਿਅਕਤੀ ਵੱਲੋਂ ਪਿੰਡ ਵਿਚ ਘਰ ਘਰ ਜਾ ਕੇ ਧਰਮ ਪ੍ਰਚਾਰ ਕਰਨ ਤੇ ਪਿੰਡ ਵਿੱਚ ਵੱਖ ਵੱਖ ਕੰਪਨੀਆਂ ਦੇ ਨੁਮਾਇੰਦਿਆਂ ਵਲੋਂ ਘਰਾਂ ਵਿੱਚ ਜਾ ਕੇ ਕੀਤੀ ਜਾਂਦੀ ਮਸ਼ਹੂਰੀ ਉੱਪਰ ਵੀ ਰੋਕ ਲਗਾਈ ਗਈ। ਇਸ ਦੇ ਨਾਲ ਹੀ ਸਮੂਹ ਪਿੰਡ ਨਿਵਾਸੀਆਂ ਵੱਲੋਂ ਫੈਸਲਾ ਕੀਤਾ ਗਿਆ ਹੈ ਕਿ ਪਿੰਡ ਦੇ ਬਾਹਰ ਰਹਿ ਰਹੇ ਸਿੱਖ, ਹਿੰਦੂ, ਮੁਸਲਮਾਨ ਤੇ ਇਸਾਈ ਭਾਈਚਾਰੇ ਤੇ ਗ੍ਰੰਥੀ ਸਿੰਘ, ਪੰਡਤ, ਮੌਲਵੀ ਤੇ ਪਾਦਰੀ ਵੱਲੋਂ ਜੇਕਰ ਪਿੰਡ ਵਿੱਚ ਕੋਈ ਧਾਰਮਿਕ ਸਮਾਗਮ ਕੀਤਾ ਜਾਵੇਗਾ ਤਾਂ ਉਸ ਦੀ ਮਨਜ਼ੂਰੀ ਪਿੰਡ ਦੀ ਪੰਚਾਇਤ ਕੋਲੋਂ ਲੈਣੀ ਜਰੂਰੀ ਹੋਵੇਗੀ। ਸਰਪੰਚ ਹਰਦੀਪ ਕੌਰ ਸੈਣੀ ਨੇ ਦੱਸਿਆ ਕਿ ਪਿੰਡ ਨਿਵਾਸੀਆਂ ਨੇ ਜਾਤ-ਪਾਤ ਤੋਂ ਉੱਪਰ ਉੱਠ ਕੇ ਇਹ ਫੈਸਲਾ ਕੀਤਾ ਕਿ ਪਿੰਡ ਵਿੱਚ ਕੇਵਲ ਇੱਕ ਸ਼ਮਸ਼ਾਨਘਾਟ ਦੀ ਵਰਤੋਂ ਕਰਦਿਆਂ ਸੰਸਕਾਰ ਕੀਤਾ ਜਾਵੇਗਾ। ਜਿਸ ਵਿੱਚ ਕਿਸੇ ਵੀ ਧਰਮ ਦੇ ਵਿਅਕਤੀ ਨੂੰ ਕੋਈ ਇਤਰਾਜ਼ ਨਹੀਂ ਹੋਵੇਗਾ। ਬੱਚਿਆਂ ਦੀ ਪੜ੍ਹਾਈ ਤੇ ਬਜੁਰਗਾਂ ਦੀ ਸਿਹਤ ਨੂੰ ਮੱਦੇਨਜ਼ਰ ਰੱਖਦਿਆਂ ਪਿੰਡ ਵਿਚ ਚੱਲ ਰਹੇ ਲਾਊਡ ਸਪੀਕਰਾਂ ਨੂੰ ਵੀ ਵੱਖ ਵੱਖ ਸਰਕਲ ਬਣਾ ਕੇ ਚਲਾਇਆ ਜਾਵੇਗਾ ਤਾਂ ਜੋ ਧੁਨੀ ਪ੍ਰਦਰਸ਼ਨ ਉੱਪਰ ਰੋਕ ਲਗਾਈ ਜਾ ਸਕੇ ਇਸ ਮੌਕੇ ਪੰਚਾਇਤ ਮੈਂਬਰ ਰਾਜਵਿੰਦਰ ਕੌਰ, ਉਰਮਿਲਾ ਦੇਵੀ, ਅਮਰਜੀਤ ਸਿੰਘ, ਗੁਰਮੀਤ ਸਿੰਘ, ਸਰਬਜੀਤ ਸਿੰਘ ਤੇ ਸਮੂਹ ਨਗਰ ਨਿਵਾਸੀ ਮੌਜੂਦ ਸਨ।

# ਅੰਤਰਰਾਜੀ ਨਸ਼ਾ ਤਸਕਰੀ ਗਰੋਹ ਦੇ ਤਿੰਨ ਮੈਂਬਰ ਚੜ੍ਹੇ ਪੁਲਸ ਅੜਿੱਕੇ



**ਨੂਰਪੁਰਬੇਦੀ (ਸੁਰਜੀਤ ਸਿੰਘ ਕਾਹਲੋਂ)**- ਪੰਜਾਬ ਸਰਕਾਰ ਵੱਲੋਂ ਨਸ਼ੇ ਖਿਲਾਫ ਛੇੜੀ ਹੋਈ ਮੁਹਿੰਮ ਦੇ ਤਹਿਤ ਨੂਰਪੁਰਬੇਦੀ ਪੁਲਸ ਨੂੰ ਉਸ ਵੇਲੇ ਵੱਡੀ ਸਫਲਤਾ ਮਿਲੀ ਜਦੋਂ ਇੰਟਰਸਟੇਟ ਨਸ਼ਾ ਤਸਕਰੀ ਕਰਨ ਵਾਲੇ ਇਕ ਗਰੋਹ ਦੇ ਤਿੰਨ ਆਰੋਪੀ ਪੁਲਿਸ ਦੇ ਅੜਿੱਕੇ ਚੜ੍ਹ ਗਏ। ਪੂਰੇ ਮਾਮਲੇ ਸਬੰਧੀ ਜਾਣਕਾਰੀ ਦਿੰਦੇ ਹੋਏ ਥਾਣਾ ਮੁਖੀ ਨੂਰਪੁਰਬੇਦੀ ਗੁਰਸੇਵਕ ਸਿੰਘ ਬਰਾੜ ਨੇ ਦੱਸਿਆ ਕਿ ਬੀਤੇ ਲੰਬੇ ਸਮੇਂ ਤੋਂ ਇਹ ਆਰੋਪੀ ਸਰਬਜੀਤ ਸਿੰਘ ਪੁੱਤਰ ਬਾਲੂ ਰਾਮ ਪਿੰਡ ਰਾਮਪੁਰ ਕਲਾਂ, ਬਲਵੀਰ ਚੰਦ ਉਰਫ ਬੀਰਾ ਪੁੱਤਰ ਸੰਤ ਰਾਮ ਪਿੰਡ ਟਿੱਬਾ ਨੰਗਲ, ਬਲਵਿੰਦਰ ਕੁਮਾਰ ਪੁੱਤਰ ਗੁਰਮੇਲ ਚੰਦ ਪਿੰਡ ਬਾਲੇਵਾਲ ਜੰਮੂ ਕਸ਼ਮੀਰ ਸਟੇਟ ਤੋਂ ਭੁੱਕੀ ਚੂਰਾ ਪੋਸਤ ਲਿਆ ਕੇ ਜ਼ਿਲ੍ਹਾ ਰੂਪਨਗਰ ਸਹਿਤ ਵੱਖ ਵੱਖ ਸਥਾਨਾਂ ਦੇ ਵਿਚ ਸਮੱਗਲਿੰਗ ਕਰ ਰਹੇ ਸੀ।

ਇਨ੍ਹਾਂ ਨੂੰ ਕਾਬੂ ਕਰਨ ਦੇ ਲਈ ਪੁਲਸ ਵੱਲੋਂ ਗੁਪਤ ਸੂਚਨਾ ਦੇ ਆਧਾਰ ਤੇ ਨੂਰਪੁਰਬੇਦੀ ਗੜ੍ਹਸ਼ੰਕਰ ਮੁੱਖ ਮਾਰਗ 'ਤੇ ਪੈਂਦੇ ਪਿੰਡ ਹੀਰਪੁਰ ਵਿਖੇ ਨਾਕਾਬੰਦੀ ਕੀਤੀ ਹੋਈ ਸੀ ਜਿੱਥੇ ਪੁਲਸ ਵਿਭਾਗ ਦੇ ਕਰਮਚਾਰੀ ਰਣਜੀਤ ਸਿੰਘ ਸੁਖਵਿੰਦਰ ਸਿੰਘ ਇਤਿਆਦਿ ਤੈਨਾਤ ਸਨ। ਇੱਥੇ ਜਾਂਚ ਪੜਤਾਲ ਦੌਰਾਨ ਪੁਲੀਸ ਵੱਲੋਂ ਇਕ ਗੱਡੀ ਟਰੈਕਸ ਵ੍ਹਾਈਟ ਰੰਗ ਨੰਬਰ ਪੀ ਬੀ ਬਾਰਾਂ ਐਲ ਅਠੱਤਰ ਛਪੰਜਾ ਨੂੰ ਜਾਂਚ ਲਈ ਰੋਕਿਆ।

ਜਿਸ ਵਿੱਚੋਂ ਤਲਾਸ਼ੀ ਦੌਰਾਨ ਪੁਲਸ ਨੂੰ ਇਕ ਕੁਇੰਟਲ ਪੰਜ ਸੌ ਗ੍ਰਾਮ ਚੂਰਾ ਪੋਸਤ ਭੁੱਕੀ ਬਰਾਮਦ ਹੋਈ। ਪੁਲਸ ਨੇ ਤਿੰਨਾਂ ਆਰੋਪੀਆਂ ਦੇ ਖਿਲਾਫ ਐੱਨ ਡੀ ਪੀ ਸੀ ਐਕਟ ਦੀ ਧਾਰਾ ਤਹਿਤ ਪਰਚਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕੀਤੀ ਹੈ। ਥਾਣਾ ਮੁਖੀ ਗੁਰਸੇਵਕ ਸਿੰਘ ਬਰਾੜ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਨ੍ਹਾਂ ਤੋਂ ਪੁੱਛਗਿੱਛ ਜਾਰੀ ਹੈ।

# ਅੰਡਰ ਆਰਮ ਕ੍ਰਿਕਟ ਟੂਰਨਾਮੈਂਟ 'ਚ ਪ੍ਰਾਪਤ ਕੀਤਾ ਪਹਿਲਾ ਸਥਾਨ



**ਫਿਲੌਰ (ਨਿਰਮਲ)**- ਐੱਸ. ਬੀ. ਐੱਸ. ਐਵਰਸਾਈਨ ਕਾਨਵੈਂਟ ਸਕੂਲ, ਪ੍ਰਤਾਬਪੁਰਾ (ਫਿਲੌਰ) ਨੇ ਜ਼ਿਲ੍ਹਾ ਅੰਡਰਆਰਮ ਕ੍ਰਿਕਟ ਟੂਰਨਾਮੈਂਟ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ। ਸਕੂਲ ਅੰਡਰਆਰਮ ਕ੍ਰਿਕਟ ਐਸੋਸੀਏਸ਼ਨ ਆਫ ਜਲੰਧਰ ਵਲੋਂ ਪਹਿਲਾ ਜਲੰਧਰ ਜ਼ਿਲ੍ਹਾ ਪੱਧਰੀ ਅੰਡਰਆਰਮ ਕ੍ਰਿਕਟ ਟੂਰਨਾਮੈਂਟ ਅੰਡਰ-14 ਲੜਕੇ ਡੀ. ਆਰ. ਵੀ. ਡੀ. ਏ. ਵੀ ਕਾਲਜ ਫਿਲੌਰ ਵਿਖੇ ਕਰਵਾਇਆ ਗਿਆ। ਜਿਸ ਵਿੱਚ ਜ਼ਿਲ੍ਹੇ ਦੀਆਂ ਵੱਖ-ਵੱਖ ਟੀਮਾਂ ਨੇ ਭਾਗ ਲਿਆ। ਇਸ ਟੂਰਨਾਮੈਂਟ ਵਿੱਚ ਐੱਸ. ਬੀ. ਐੱਸ. ਐਵਰਸਾਈਨ ਕਾਨਵੈਂਟ ਸਕੂਲ, ਪ੍ਰਤਾਬਪੁਰਾ (ਫਿਲੌਰ) ਦੀ ਟੀਮ ਦੇ ਖਿਡਾਰੀਆਂ ਨੇ ਵਧੀਆ ਪ੍ਰਦਰਸ਼ਨ ਕਰਦੇ ਹੋਏ ਪਹਿਲਾ ਸਥਾਨ ਹਾਸਿਲ ਕਰਕੇ ਆਪਣੇ ਅਤੇ ਇਲਾਕੇ ਦਾ ਨਾਂਅ ਰੌਸ਼ਨ ਕੀਤਾ। ਇਸ ਮੌਕੇ 'ਤੇ ਕੋਚ ਨਰਿੰਦਰ ਕੁਮਾਰ ਨੇ ਦੱਸਿਆ ਕੇ ਟੀਮ ਦੇ ਖਿਡਾਰੀਆਂ ਨੇ ਵਧੀਆ ਖੇਡ ਪ੍ਰਦਰਸ਼ਨ ਕਰਦੇ ਹੋਏ ਜ਼ਿਲ੍ਹੇ 'ਚੋਂ ਜਿੱਥੇ ਪਹਿਲਾ ਸਥਾਨ ਹਾਸਿਲ ਕੀਤਾ ਉੱਥੇ ਹੀ ਐੱਸ. ਬੀ. ਐੱਸ ਐਵਰਸਾਈਨ ਕਾਨਵੈਂਟ ਸਕੂਲ, ਪ੍ਰਤਾਬਪੁਰਾ (ਫਿਲੌਰ) ਦੇ ਖਿਡਾਰੀ ਅਰਮਾਨ ਪਵਾਰ ਨੇ ਖੇਡ ਵਿੱਚ ਵਧੀਆ ਪ੍ਰਦਰਸ਼ਨ ਕਰਦੇ ਹੋਏ ਮੈਨ ਆਫ ਦਾ ਸੀਰੀਜ ਦਾ ਅਵਾਰਡ ਆਪਣੇ ਨਾਂਅ ਕੀਤਾ ਅਤੇ ਕੋਚ ਨਰਿੰਦਰ ਕੁਮਾਰ ਨੇ ਭਵਿੱਖ ਵਿੱਚ ਹੋਣ ਵਾਲੇ ਪੰਜਾਬ ਅੰਡਰਆਰਮ ਕ੍ਰਿਕਟ ਟੂਰਨਾਮੈਂਟ ਖੇਡ ਮੈਦਾਨ ਵਿੱਚ ਹੋਰ ਵਧੀਆ ਪ੍ਰਦਰਸ਼ਨ ਦੀ ਤਿਆਰੀ ਲਈ ਖਿਡਾਰੀਆਂ ਨੂੰ ਉਤਸ਼ਾਹਿਤ ਕੀਤਾ। ਬੱਚਿਆਂ ਦੇ ਵਾਪਸੀ ਦੇ ਸੁਆਗਤ ਵਿੱਚ ਸਕੂਲ ਚੇਅਰਮੈਨ ਅਸ਼ਵਨੀ ਕੁਮਾਰ ਸਰਮਾ, ਸਕੂਲ ਮੁਖੀ ਸ੍ਰੀਮਤੀ ਨੀਲਮ ਸਰਮਾ ਨੇ ਪੂਰੀ ਟੀਮ ਨੂੰ ਉਹਨਾਂ ਦੀ ਇਸ ਵੱਡੀ ਜਿੱਤ 'ਤੇ ਵਧਾਈ ਦਿੱਤੀ ਅਤੇ ਭਵਿੱਖ ਵਿੱਚ ਹੋਰ ਅੱਗੇ ਵਧਣ ਲਈ ਪ੍ਰੇਰਿਤ ਕੀਤਾ।

# ਸੇਂਟ ਸੋਲਜਰ ਦੇ ਵਿਦਿਆਰਥੀਆਂ ਨੇ ਮਨਾਇਆ ਦੁਸਹਿਰਾ



**ਜਲੰਧਰ (ਇਕਬਾਲ ਸਿੰਘ ਉੱਭੀ)**- ਸੇਂਟ ਸੋਲਜਰ ਗਰੁੱਪ ਆਫ਼ ਇੰਸਟੀਚਿਊਸ਼ਨਜ਼ ਦੇ ਵਿਦਿਆਰਥੀਆਂ ਵਲੋਂ ਦੁਸਹਿਰਾ ਮਨਾਇਆ ਗਿਆ। ਜਿਸ ਵਿੱਚ ਵਿਦਿਆਰਥੀਆਂ ਨੇ ਸ਼੍ਰੀ ਰਾਮ, ਲਕਸ਼ਮਣ, ਸੀਤਾ ਮਾਤਾ, ਦੁਰਗਾ ਮਾਤਾ, ਹਨੂਮਾਨ ਜੀ ਦਾ ਰੂਪ ਧਾਰਨ ਕਰ ਸੰਸਥਾ ਵਿੱਚ ਪਹੁੰਚੇ। ਇਸ ਮੌਕੇ 'ਤੇ ਯੂ.ਕੇ.ਜੀ ਦੇ ਵਿਦਿਆਰਥੀਆਂ ਨੇ ਰਾਮ ਜੀ ਦੀ ਨਿਕਲੀ ਸਵਾਰੀ, ਐਲ.ਕੇ.ਜੀ ਦੇ ਵਿਦਿਆਰਥੀਆਂ ਵਲੋਂ ਡਾਂਡਿਆ ਅਤੇ ਲਵ ਕੁਸ਼ ਕਥਾ ਪੇਸ਼ ਕੀਤੀ ਗਈ। ਵਿਦਿਆਰਥੀਆਂ ਨੇ ਰਾਵਣ ਦਹਨ ਕਰਦੇ ਹੋਏ ਦੁਸਹਿਰੇ 'ਤੇ ਅਧਾਰਿਤ ਲਘੂ ਨਾਟਿਕਾ ਪੇਸ਼ ਕੀਤੀ ਅਤੇ ਕਵਿਤਾ ਵੀ ਸੁਣਾਈ। ਚੇਅਰਮੈਨ ਅਨਿਲ ਚੋਪੜਾ, ਵਾਇਸ ਚੇਅਰਪਰਸਨ ਸ਼੍ਰੀਮਤੀ ਸੰਗੀਤਾ ਚੋਪੜਾ ਨੇ ਸਭ ਨੂੰ ਦੁਸਹਿਰੇ ਦੀ ਵਧਾਈ ਦਿੰਦੇ ਹੋਏ ਬੱਚਿਆਂ ਨੂੰ ਦੱਸਿਆ ਕਿ ਇਹ ਤਿਉਹਾਰ ਬੁਰਾਈ ਉੱਤੇ ਚੰਗਿਆਈ ਦੀ ਜਿੱਤ ਦਾ ਪ੍ਰਤੀਕ ਹੈ ਅਤੇ ਸਾਨੂੰ ਵੀ ਸ਼੍ਰੀਰਾਮ ਦੀ ਤਰ੍ਹਾਂ ਹਮੇਸ਼ਾ ਸੱਚ ਦੇ ਰਸਤੇ 'ਤੇ ਚੱਲਣਾ ਚਾਹੀਦਾ ਹੈ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਮਾਤਾ - ਪਿਤਾ ਦੀ ਆਗਿਆ ਦਾ ਪਾਲਣ ਕਰਨ ਦਾ ਸੰਦੇਸ਼ ਦਿੱਤਾ।

# ਬੀਤ ਦੇ ਲੋਕਾਂ ਨੇ ਦੁਸਹਿਰਾ ਧਰਨਾ ਲਾ ਕੇ ਮਨਾਇਆ



**ਗੜ੍ਹਸ਼ੰਕਰ/ਮਾਹਿਲਪੁਰ (ਫੂਲਾ ਸਿੰਘ ਬੀਰਮਪੁਰ, ਸੁਖਵਿੰਦਰ ਸਫਰੀ)**-ਤਹਿਸੀਲ ਗੜ੍ਹਸ਼ੰਕਰ ਅਧੀਨ ਪੈਂਦੇ ਇਲਾਕਾ ਬੀਤ ਦੇ ਪਿੰਡ ਮਹਿੰਦਵਾਣੀ ਵਿਖੇ ਲੋਕ ਬਚਾਓ ਪਿੰਡ ਬਚਾਓ ਸੰਘਰਸ਼ ਕਮੇਟੀ ਪੰਜਾਬ ਤੇ ਹਿਮਾਚਲ ਪ੍ਰਦੇਸ਼ ਵੱਲੋਂ ਸਾਬਣ ਫੈਕਟਰੀ ਦੇ ਪ੍ਰਦੂਸ਼ਣ ਅਤੇ ਭਾਰੀ ਵਾਹਨਾਂ/ਟਿੱਪਰਾਂ ਦੇ ਖਿਲਾਫ ਲਗਾਏ ਗਏ ਪੱਕੇ ਮੋਰਚੇ ਦੀ ਲਗਾਤਾਰਤਾ ਵਿੱਚ ਚਲਦਿਆਂ ਧਰਨੇ ਦੇ 62ਵੇਂ ਦਿਨ ਸਮੂਹ ਕਮੇਟੀ ਮੈਂਬਰਾਂ, ਇਲਾਕਾ ਬੀਤ ਦੀਆਂ ਮੁੱਖ ਸਖਸ਼ੀਅਤਾਂ,ਜੁਝਾਰੂ,ਸੂਝਵਾਨ, ਵਾਤਾਵਰਣ ਪ੍ਰੇਮੀਆਂ, ਬੁੱਧੀਜੀਵੀ ਤੇ ਜਨਤਕ ਜੱਥੇਬੰਦੀਆਂ ਦੇ ਮੈਂਬਰਾਂ,ਨੌਜਵਾਨ, ਬੱਚੇ,ਬਜ਼ੁਰਗ,ਔਰਤਾਂ ਤੇ ਮਰਦਾਂ ਦੁਆਰਾ ਦੁਸਹਿਰਾ ਪਿੰਡ ਮਹਿੰਦਵਾਣੀ ਵਿੱਚ ਚੱਲ ਰਹੇ ਪੱਕੇ ਮੋਰਚੇ ਵਿੱਚ ਮਨਾਇਆ ਗਿਆ। ਬੀਤ ਦੇ ਲੋਕਾਂ ਵਲੋਂ ਲੋਕ ਬਚਾਓ ਪਿੰਡ ਬਚਾਓ ਸ਼ੰਘਰਸ਼ ਕਮੇਟੀ ਪੰਜਾਬ ਤੇ ਹਿਮਾਚਲ ਪ੍ਰਦੇਸ਼ ਵਲੋਂ ਆਯੋਜਿਤ ਸੰਗ੍ਰਾਮ ਵਿੱਚ ਭਰਮੀ ਸ਼ਮੂਲੀਅਤ ਕਰਕੇ ਪ੍ਰਦੂਸ਼ਣ ਦੇ ਖਿਲਾਫ ਆਪਣੀ ਅਵਾਜ ਬੁਲੰਦ ਕੀਤੀ। ਇਸ ਮੌਕੇ ਪੂਰੇ ਬੀਤ ਵਲੋਂ ਹਾਅ ਦਾ ਨਾਅਰਾ ਮਾਰਦਿਆਂ ਆਪਣੇ ਪ੍ਰਣ ਨੂੰ ਦ੍ਰਿੜ ਕਰਦਿਆਂ ਕਿਹਾ ਕਿ ਜਦੋਂ ਤੱਕ ਗੂੰਗੇ ਬੋਲੇ ਕੁੰਭ ਕਰਨੀ ਨੀਂਦ ਸੁੱਤੇ ਪੰਜਾਬ ਤੇ ਹਿਮਾਚਲ ਪ੍ਰਸ਼ਾਸਨ ਦੇ ਕੰਨਾਂ 'ਤੇ ਜੂੰਅ ਨਹੀਂ ਸਰਕਦੀ ਅਤੇ ਰਾਵਣ ਰੂਪੀ ਫੈਕਟਰੀ ਮਾਲਕ ਪ੍ਰਦੂਸ਼ਣ ਫੈਲਾ ਕੇ ਮਨੁੱਖਤਾ ਦਾ ਘਾਣ ਕਰਨ ਤੋਂ ਬਾਜ ਨਹੀਂ ਆਉਂਦਾ ਤਦ ਤੱਕ ਸ਼ਾਂਤਮਈ ਢੰਗ ਨਾਲ ਪ੍ਰਦਰਸ਼ਨ ਨਿਰੰਤਰ ਜਾਰੀ ਰਹੇਗਾ। ਕਮੇਟੀ ਵੱਲੋਂ ਲਗਾਏ ਗਏ ਪੱਕੇ ਮੋਰਚੇ ਦੇ 62ਵੇਂ ਦਿਨ 'ਤੇ ਸ਼ਮੂਲੀਅਤ ਕਰਨ ਆਏ ਸਾਰੇ ਸੰਘਰਸ਼ੀ ਸਾਥੀਆਂ ਤੇ ਸਖਸ਼ੀਅਤਾਂ ਦਾ ਕਮੇਟੀ ਵਲੋਂ ਵਿਸ਼ੇਸ਼ ਧੰਨਵਾਦ ਕੀਤਾ ਗਿਆ।

# ਪਰਾਲੀ ਸਾੜਨ ਤੋਂ ਰੋਕਣ ਲਈ ਜ਼ਿਲ੍ਹੇ 'ਚ 81 ਕਲੱਸਟਰ ਅਫ਼ਸਰ ਤਾਇਨਾਤ : ਡਿਪਟੀ ਕਮਿਸ਼ਨਰ



**ਹੁਸ਼ਿਆਰਪੁਰ ( ਓ ਪੀ ਰਾਣਾ )**- ਪਰਾਲੀ ਸਾੜਨ ਨੂੰ ਰੋਕਣ ਲਈ ਅਤੇ ਕਿਸਾਨਾਂ ਨੂੰ ਪਰਾਲੀ ਪ੍ਰਬੰਧਨ ਦੇ ਨਵੇਂ ਤਰੀਕਿਆਂ ਤੋਂ ਜਾਣੂ ਕਰਵਾਉਣ ਲਈ ਜ਼ਿਲ੍ਹਾ ਹੁਸ਼ਿਆਰਪੁਰ ਵਿਚ 81 ਕਲੱਸਟਰ ਅਫ਼ਸਰ ਤਾਇਨਾਤ ਕੀਤੇ ਗਏ ਹਨ। ਇਹ ਜਾਣਕਾਰੀ ਇਸ ਸਬੰਧੀ ਮੀਟਿੰਗ ਦੀ ਪ੍ਰਧਾਨਗੀ ਡਿਪਟੀ ਕਮਿਸ਼ਨਰ ਸੰਦੀਪ ਹੰਸ ਨੇ ਦਿੰਦਿਆਂ ਦੱਸਿਆ ਕਿ ਇਨ੍ਹਾਂ ਹਰੇਕ ਕਲੱਸਟਰ ਅਫ਼ਸਰ ਅਧੀਨ 15 ਤੋਂ 20 ਨੋਡਲ ਅਫ਼ਸਰ ਵੀ ਲਗਾਏ ਗਏ ਹਨ, ਜਿਹੜੇ ਕਿ ਕਿਸਾਨ ਨੂੰ ਪਰਾਲੀ ਨਾ ਸਾੜਨ ਲਈ ਪ੍ਰੇਰਿਤ ਕਰਨ, ਉਨ੍ਹਾਂ ਨੂੰ ਮਸ਼ੀਨਾਂ ਦੀ ਉਪਲਬੱਧਤਾ ਵਿਚ ਸਹਾਇਤਾ ਕਰਨ ਅਤੇ ਪਰਾਲੀ ਸਾੜਨ ਨਾਲ ਹੋਣ ਵਾਲੇ ਨੁਕਸਾਨ ਤੋਂ ਜਾਣੂ ਕਰਵਾਉਣ ਦਾ ਕੰਮ ਕਰਨਗੇ। ਉਨ੍ਹਾਂ ਕਿਹਾ ਕਿ ਜਿਥੇ ਕਿਤੇ ਵੀ ਰਿਮੋਟ ਸੈਂਸਿੰਗ ਰਾਹੀਂ ਪਰਾਲੀ ਸਾੜਨ ਦੀ ਘਟਨਾ ਦਾ ਪਤਾ ਚੱਲੇਗਾ, ਉਥੇ ਇਹ ਨੋਡਲ ਅਫ਼ਸਰ ਮੌਕੇ 'ਤੇ ਜਾ ਕੇ ਰਿਪੋਰਟ ਕਰੇਗਾ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਜ਼ਿਲ੍ਹੇ ਵਿਚ 76500 ਹੈਕਟੇਅਰ ਰਕਬੇ ਵਿਚ ਝੋਨੇ ਦੀ ਬੀਜਾਈ ਕੀਤੀ ਗਈ ਹੈ, ਜਿਸ ਤੋਂ 5 ਲੱਖ ਟਨ ਪਰਾਲੀ ਪੈਦਾ ਹੋਣ ਦਾ ਅਨੁਮਾਨ ਹੈ। ਉਨ੍ਹਾਂ ਕਿਹਾ ਕਿ ਪਰਾਲੀ ਦੇ ਸੁਚੱਜੇ ਪ੍ਰਬੰਧਨ ਲਈ ਜ਼ਿਲ੍ਹੇ ਵਿਚ ਇਨ ਸੀਟੂ ਅਤੇ ਐਕਸ ਸੀਟੂ ਨੂੰ ਲੋਕ ਪ੍ਰਿਆ ਬਣਾਉਣ ਲਈ ਉਪਰਾਲੇ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਪਰਾਲੀ ਪ੍ਰਬੰਧਨ ਦੀਆਂ ਮਸ਼ੀਨਾਂ ਦੀ ਉਪਲਬੱਧਤਾ ਲਈ ਪਿੰਡ ਪੱਧਰ 'ਤੇ ਮੈਪਿੰਗ ਪ੍ਰਕਿਰਿਆ ਅਪਣਾਈ ਜਾ ਰਹੀ ਹੈ ਅਤੇ 'ਆਈ ਖੇਤ' ਅਪਲੀਕੇਸ਼ਨ 'ਤੇ ਕਿਸਾਨ ਸਮੂਹਾਂ, ਸਹਿਕਾਰੀ ਸਭਾਵਾਂ ਅਤੇ ਕਸਟਮਰ ਹਾਇਰਿੰਗ ਸੈਂਟਰਾਂ ਵਿਚ ਮਸ਼ੀਨਰੀ ਦੀ ਉਪਲੱਧਤਾ ਬਾਰੇ ਜਾਣਕਾਰੀ ਆਨਲਾਈਨ ਕੀਤੀ ਗਈ ਹੈ, ਜਿਨ੍ਹਾਂ ਨੂੰ ਕਿਸਾਨ ਇਸ ਐਪ ਰਾਹੀਂ ਪ੍ਰਾਪਤ ਕਰ ਸਕਦੇ ਹਨ। ਉਨ੍ਹਾਂ ਕਿਹਾ ਕਿ ਮਸ਼ੀਨਰੀ ਦੀ ਵਰਤੋਂ ਨਿਯਮਤ ਸਮੀਖਿਆ ਨੂੰ ਵੀ ਯਕੀਨੀ ਬਣਾਇਆ ਜਾ ਰਿਹਾ ਹੈ, ਤਾਂ ਜੋ ਕੋਈ ਵੀ ਸੰਦ ਜਾਂ ਮਸ਼ੀਨ ਅਣ-ਵਰਤੀ ਨਾ ਰਹੇ। ਉਨ੍ਹਾਂ ਕਿਹਾ ਕਿ ਪਰਾਲੀ ਦੇ ਐਕਸ ਸੀਟੂ ਪ੍ਰਬੰਧਨ ਰਾਹੀਂ ਕਿਸਾਨ ਪਰਾਲੀ ਦੀਆਂ ਗੱਠਾਂ ਬਣਾ ਕੇ ਆਪਣੀ ਆਮਦਨ ਵਿਚ ਵਾਧਾ ਕਰ ਸਕਦੇ ਹਨ। ਇਸ ਸਬੰਧੀ ਜ਼ਿਲ੍ਹੇ ਵਿਚ ਬੇਲਰ ਮਸ਼ੀਨਾਂ ਵੀ ਉਪਲਬੱਧ ਕਰਵਾਈਆਂ ਜਾ ਰਹੀਆਂ ਹਨ, ਜਿਨ੍ਹਾਂ ਦੀ ਮਦਦ ਨਾਲ ਵਧੇਰੇ ਰਕਬੇ ਵਿਚ ਪਰਾਲੀ ਦੇ ਸੁਚੱਜੇ ਪ੍ਰਬੰਧਨ ਨੂੰ ਯਕੀਨੀ ਬਣਾਇਆ ਜਾ ਸਕੇਗਾ। ਸੰਦੀਪ ਹੰਸ ਨੇ ਦੱਸਿਆ ਕਿ ਪਰਾਲੀ ਨੂੰ ਅੱਗ ਲਾਉਣ ਦੀਆਂ ਘਟਨਾਵਾਂ ਨੂੰ ਰੋਕਣ ਲਈ ਪਿੰਡਾਂ ਵਿਚ ਵੱਡੇ ਪੱਧਰ 'ਤੇ ਜਾਗਰੂਕਤਾ ਮੁਹਿੰਮ ਚਲਾਈ ਗਈ ਹੈ ਅਤੇ ਇਸ ਤਹਿਤ ਕੈਂਪ ਲਗਾਉਣ ਤੋਂ ਇਲਾਵਾ ਜਾਗਰੂਕਤਾ ਵੈਨਾਂ ਰਾਹੀਂ ਪਰਾਲੀ ਨਾ ਸਾੜ ਕੇ ਇਸ ਦੇ ਸੁਚੱਜੇ ਪ੍ਰਬੰਧਨ ਦਾ ਸੁਨੇਹਾ ਘਰ-ਘਰ ਪਹੁੰਚਾਇਆ ਜਾ ਰਿਹਾ ਹੈ। ਇਸ ਤੋਂ ਇਲਾਵਾ ਪਰਾਲੀ ਨੂੰ ਅੱਗ ਲਾਉਣ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕ ਕਰਦੀਆਂ 350 ਵਾਲ ਪੇਂਟਿੰਗ ਵੀ ਬਣਾਈਆਂ ਗਈਆਂ ਹਨ। ਉਨ੍ਹਾਂ ਦੱਸਿਆ ਪ੍ਰਸ਼ਾਸਨ ਵਲੋਂ ਅੱਗ ਲੱਗਣ ਦੀਆਂ ਘਟਨਾਵਾਂ 'ਤੇ ਸਖਤ ਨਜ਼ਰ ਰੱਖੀ ਜਾ ਰਹੀ ਹੈ ਅਤੇ ਜਿਹੜੇ ਪਿੰਡਾਂ ਵਿਚ ਪਿਛਲੇ ਸਾਲ ਪਰਾਲੀ ਸਾੜਨ ਦੇ ਮਾਮਲੇ ਸਾਹਮਣੇ ਆਏ ਸਨ, ਉਥੇ ਵਧੇਰੇ ਚੌਕਸੀ ਵਰਤੀ ਜਾ ਰਹੀ ਹੈ। ਉਨ੍ਹਾਂ ਸਬੰਧਤ ਅਧਿਕਾਰੀਆਂ ਨੂੰ ਪਰਾਲੀ ਸਾੜਨ ਦੀਆਂ ਘਟਨਾਵਾਂ 'ਤੇ ਸਖਤ ਨਿਗਰਾਨੀ ਨੂੰ ਯਕੀਨੀ ਬਣਾਉਣ ਦੀਆਂ ਹਦਾਇਤਾਂ ਦਿੱਤੀਆਂ ਅਤੇ ਉਲੰਘਣਾ ਕਰਨ 'ਤੇ ਏ.ਟੀ.ਆਰ ਐਪ ਜ਼ਰੀਏ ਬਣਦੀ ਕਾਰਵਾਈ ਅਮਲ ਵਿਚ ਲਿਆਉਣ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਕਿਹਾ ਕਿ ਪਰਾਲੀ ਨੂੰ ਸਾੜਨ ਕਾਰਨ ਵਾਤਾਵਰਣ ਦੇ ਹੋ ਰਹੇ ਨੁਕਸਾਨ ਦੇ ਮੱਦੇਨਜ਼ਰ ਮਾਣਯੋਗ ਸੁਪਰੀਮ ਕੋਰਟ, ਕੌਮੀ ਗਰੀਨ ਟ੍ਰਿਬਿਊਨਲ ਅਤੇ ਏਅਰ ਕੁਆਲਟੀ ਮੈਨੇਜਮੈਂਟ ਕਮਿਸ਼ਨ ਵਲੋਂ ਬੇਹੱਦ ਸਖਤ ਰੁਖ ਅਖਤਿਆਰ ਕੀਤਾ ਗਿਆ ਹੈ। ਇਸ ਲਈ ਇਸ ਸਬੰਧੀ ਕੋਈ ਵੀ ਅਣਗਹਿਲੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਉਨ੍ਹਾਂ ਅਧਿਕਾਰੀਆਂ ਨੂੰ ਜਾਗਰੂਕਤਾ ਮੁਹਿੰਮ ਵਿਚ ਹੋਰ ਤੇਜ਼ੀ ਲਿਆਉਂਦਿਆਂ ਵੱਧ ਤੋਂ ਵੱਧ ਕਿਸਾਨਾਂ ਨੂੰ ਇਸ ਸਬੰਧੀ ਜਾਗਰੂਕ ਕਰਨ ਦੀ ਹਦਾਇਤ ਕੀਤੀ। ਉਨ੍ਹਾਂ ਅਧਿਕਾਰੀਆਂ ਨੂੰ ਕਿਹਾ ਕਿ ਇਸ ਕੰਮ ਨੂੰ ਉਹ ਆਪਣੀ ਕੇਵਲ ਦਫ਼ਤਰੀ ਡਿਊਟੀ ਨਾ ਸਮਝਣ, ਬਲਕਿ ਆਪਣਾ ਇਖਲਾਕੀ ਫਰਜ਼ ਵੀ ਸਮਝਣ। ਇਸ ਮੌਕੇ ਐਸ.ਡੀ.ਐਮ. ਪ੍ਰੀਤਇੰਦਰ ਸਿੰਘ ਤੇ ਕੰਵਲਜੀਤ ਸਿੰਘ, ਮੁੱਖ ਖੇਤੀਬਾੜੀ ਅਫ਼ਸਰ ਗੁਰਦੇਵ ਸਿੰਘ, ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਐਸ.ਡੀ.ਓ. ਜਤਿੰਦਰ ਤੋਂ ਇਲਾਵਾ ਸਮੂਹ ਕਲੱਸਟਰ ਅਫ਼ਸਰ ਹਾਜ਼ਰ ਸਨ।

# ਦੁਸਹਿਰੇ ਦਾ ਤਿਉਹਾਰ ਧੂਮਧਾਮ ਨਾਲ ਮਨਾਇਆ



**ਬਿਲਗਾ (ਵਿਜੇ ਕੁਮਾਰ)** -ਇਤਿਹਾਸਕ ਨਗਰ ਬਿਲਗਾ ਵਿਖੇ ਦੁਸਹਿਰਾ ਕਮੇਟੀ ਬਿਲਗਾ ਅਤੇ ਰਾਮ ਲੀਲਾ ਕਮੇਟੀ ਵੱਲੋਂ ਸਮੂਹ ਨਗਰ ਨਿਵਾਸੀਆਂ ਦੇ ਸਹਿਯੋਗ ਦੇ ਨਾਲ ਦੁਸਹਿਰੇ ਦਾ ਤਿਉਹਾਰ ਸਰਧਾ ਭਾਵਨਾ ਅਤੇ ਧੂਮਧਾਮ ਨਾਲ ਮਨਾਇਆ ਗਿਆ। ਇਸ ਮੌਕੇ ਤੇ ਦੁਸਹਿਰੇ ਨਾਲ ਸਬੰਧਤ ਸੁੰਦਰ ਝਾਕੀਆਂ ਦਾ ਆਯੋਜਨ ਕੀਤਾ ਗਿਆ। ਰਾਵਣ ਅਤੇ ਸ਼੍ਰੀ ਰਾਮ ਦੀ ਸੈਨਾ ਵਿਚਕਾਰ ਯੁੱਧ ਹੋਇਆ। ਇਸ ਮੌਕੇ 'ਤੇ ਬੀਬੀ ਇੰਦਰਜੀਤ ਕੌਰ ਮਾਨ ਵਿਧਾਇਕ ਦਾ ਪੱਤੀ ਨੀਲੋਵਾਲ ਵਿਖੇ ਪਹੁੰਚਣ 'ਤੇ ਨਿੱਘਾ ਸਵਾਗਤ ਕੀਤਾ ਗਿਆ। ਉਨ੍ਹਾਂ ਦੁਸਹਿਰਾ ਕਮੇਟੀ ਵੱਲੋ ਸਜਾਈਆਂ ਗਈਆਂ ਸੁੰਦਰ ਝਾਕੀਆਂ ਦੀ ਭਰਪੂਰ ਸ਼ਾਲਾਘਾ ਕਰਦੇ ਹੋਏ ਸਮੂਹ ਇਲਾਕਾ ਨਿਵਾਸੀਆਂ ਨੂੰ ਦੁਸਹਿਰੇ ਦੇ ਤਿਉਹਾਰ ਦੀਆਂ ਵਧਾਈਆਂ ਦਿੱਤੀਆਂ। ਦੁਸਹਿਰਾ ਗਰਾਂਉਂਡ ਵਿੱਚ ਸੁੰਦਰ ਝਾਕੀਆਂ ਦਾ ਦਰਸ਼ਕਾਂ ਨੇ ਭਰਪੂਰ ਅਨੰਦ ਮਾਣਿਆ। ਡਾ:ਨਵਜੋਤ ਸਿੰਘ ਦਾਹੀਆ ਹਲਕਾ ਇੰਚਾਰਜ ਨਕੋਦਰ ਕਾਂਗਰਸ ਪਾਰਟੀ ਦਾ ਦੁਸਹਿਰਾ ਗਰਾਊਂਡ ਵਿੱਚ ਪਹੁੰਚਣ 'ਤੇ ਨਿੱਘਾ ਸਵਾਗਤ ਕੀਤਾ ਗਿਆ। ਉਨ੍ਹਾਂ ਇਲਾਕਾ ਨਿਵਾਸੀਆਂ ਨੂੰ ਦੁਸਹਿਰੇ ਦੇ ਤਿਉਹਾਰ ਦੀਆਂ ਵਧਾਈਆਂ ਦਿੱਤੀਆਂ। ਸਹਿਯੋਗ ਕਰਨ ਵਾਲਿਆਂ ਤੇ ਪੰਤਵੰਤੇ ਸੱਜਣਾਂ ਨੂੰ ਸਨਮਾਨ ਚਿੰਨ੍ਹ ਦੇਕੇ ਸਨਮਾਨਿਤ ਕੀਤਾ ਗਿਆ। ਵੱਡੀ ਗਿਣਤੀ ਵਿੱਚ ਆਏ ਦਰਸ਼ਕਾਂ ਨੇ ਇਸ ਤਿਉਹਾਰ ਦਾ ਖੂਬ ਅਨੰਦ ਮਾਣਿਆ। ਇਸ ਮੌਕੇ 'ਤੇ ਪਤਵੰਤੇ ਸੱਜਣ ਤੇ ਇਲਾਕੇ ਦੇ ਲੋਕ ਵੱਡੀ ਗਿਣਤੀ ਵਿੱਚ ਮੌਜੂਦ ਸਨ ।

# ਲਾਇਲਪੁਰ ਖ਼ਾਲਸਾ ਕਾਲਜ ਦੇ ਬੀ ਪੀ ਟੀ ਭਾਗ ਪਹਿਲਾ ਦਾ ਨਤੀਜਾ ਰਿਹਾ ਸ਼ਾਨਦਾਰ



**ਜਲੰਧਰ (ਸ਼ੈਲੀ ਐਲਬਰਟ)**- ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਐਲਾਨੇ ਬੈਚੁਲਰ ਆਫ ਫਿਜ਼ਿਓਥਰੈਪੀ (ਬੀ.ਪੀ.ਟੀ.) ਭਾਗ ਪਹਿਲਾ ਦੇ ਨਤੀਜੇ 'ਚ ਲਾਇਲਪੁਰ ਖ਼ਾਲਸਾ ਕਾਲਜ ਦੀ ਵਿਦਿਆਰਥਣ ਅਨਸ਼ੀਤਾ ਨੇ 1100 ਵਿਚੋਂ 778 ਅੰਕ ਪ੍ਰਾਪਤ ਕਰਕੇ ਯੂਨੀਵਰਸਿਟੀ ਮੈਰਿਟ ਵਿਚ ਪੰਜਵਾਂ ਸਥਾਨ, ਅੰਸ਼ੂ ਨੇ 770 ਅੰਕ ਪ੍ਰਾਪਤ ਕਰਕੇ ਸਤਵਾਂ ਸਥਾਨ, ਸ਼ਾਇਨਾ ਸ਼ਰਮਾ ਨੇ 766 ਅੰਕ ਪ੍ਰਾਪਤ ਕਰਕੇ ਅੱਠਵਾਂ ਸਥਾਨ ਅਤੇ ਸਿਮਰਨਜੀਤ ਕੌਰ ਨੇ 742 ਅੰਕ ਪ੍ਰਾਪਤ ਕਰਕੇ ਬਾਰ੍ਹਵਾਂ ਸਥਾਨ ਹਾਸਲ ਕੀਤਾ। ਸਰਦਾਰਨੀ ਬਲਬੀਰ ਕੌਰ ਪ੍ਰਧਾਨ ਗਵਰਨਿੰਗ ਕੌਂਸਲ ਅਤੇ ਪ੍ਰਿੰਸੀਪਲ ਡਾ. ਗੁਰਪਿੰਦਰ ਸਿੰਘ ਸਮਰਾ ਨੇ ਵਿਸ਼ੇਸ਼ ਤੌਰ 'ਤੇ ਵਿਦਿਆਰਥਣਾਂ ਅਤੇ ਅਧਿਆਪਕਾਂ ਨੂੰ ਵਧਾਈ ਦਿੱਤੀ। ਡੀਨ ਅਕੈਡਮਿਕ ਅਫੇਅਰਜ਼ ਪ੍ਰੋ. ਜਸਰੀਨ ਕੌਰ ਨੇ ਇਸ ਮੌਕੇ ਵਧਾਈ ਦਿੰਦੇ ਹੋਏ ਵਿਦਿਆਰਥਣਾਂ ਦੇ ਚੰਗੇ ਭਵਿੱਖ ਦੀ ਕਾਮਨਾ ਕੀਤੀ। ਵਿਦਿਆਰਥਣਾਂ ਨੇ ਆਪਣੀ ਇਸ ਉਪਲਬਧੀ ਦਾ ਸਿਹਰਾ ਅਧਿਆਪਕਾਂ ਨੂੰ ਅਤੇ ਕਾਲਜ ਦੇ ਵਧੀਆ ਪੜ੍ਹਾਈ ਦੇ ਵਾਤਾਵਰਣ ਨੂੰ ਦਿੱਤਾ। ਇਸ ਮੌਕੇ ਡਾ. ਰਾਜੂ ਸ਼ਰਮਾ, ਮੁਖੀ ਫਿਜ਼ਿਓਥਰੈਪੀ ਵਿਭਾਗ, ਡਾ. ਜਸਵਿੰਦਰ ਕੌਰ ਮੁਖੀ ਜ਼ੁਆਲੋਜੀ ਵਿਭਾਗ, ਪ੍ਰੋ. ਨਵਦੀਪ ਕੌਰ ਮੁਖੀ ਇਕਨਾਮਿਕਸ ਵਿਭਾਗ ਅਤੇ ਡਾ. ਪ੍ਰਿਯਾਂਕ ਸ਼ਾਰਦਾ ਵੀ ਹਾਜ਼ਰ ਸਨ।- (ਫੋਟੋ ਨਾਲ ਨੱਥੀ )

# ਸਾਂਸਦ ਡਾ: ਅਸ਼ੋਕ ਕੁਮਾਰ ਮਿੱਤਲ ਵਿਦੇਸ਼ ਮਾਮਲਿਆਂ ਦੀ ਸਥਾਈ ਸੰਸਦੀ ਕਮੇਟੀ ਦੇ ਮੈਂਬਰ ਨਿਯੁਕਤ



**ਜਲੰਧਰ: (ਸ਼ੈਲੀ)**-ਸੰਸਦ ਮੈਂਬਰ (ਰਾਜ ਸਭਾ) ਡਾ: ਅਸ਼ੋਕ ਕੁਮਾਰ ਮਿੱਤਲ ਨੂੰ ਵਿਦੇਸ ਮੰਤਰਾਲੇ ਲਈ ਰਾਜ ਸਭਾ ਦੀ ਸੰਸਦੀ ਸਟੈਂਡਿੰਗ ਕਮੇਟੀ ਦਾ ਮੈਂਬਰ ਨਿਯੁਕਤ ਕੀਤਾ ਗਿਆ ਹੈ। ਇਸ ਤਰ੍ਹਾਂ ਡਾ: ਮਿੱਤਲ ਨੂੰ ਸੰਸਦ ਮੈਂਬਰ ਬਣਨ ਦੇ ਪਹਿਲੇ ਕਾਰਜਕਾਲ ਵਿੱਚ ਹੀ ਇਕ ਵੱਡੀ ਜ਼ਿੰਮੇਵਾਰੀ ਸੌਂਪੀ ਗਈ ਹੈ। ਵਿਦੇਸ਼ ਮਾਮਲਿਆਂ ਦੀ ਸੰਸਦੀ ਕਮੇਟੀ ਚੋਟੀ ਦੀਆਂ 5 ਸਭ ਤੋਂ ਮਹੱਤਵਪੂਰਨ ਕਮੇਟੀਆਂ ਦਾ ਇਕ ਹਿੱਸਾ ਹੈ। ਰਾਜ ਸਭਾ ਤੋਂ ਕਮੇਟੀ ਦੇ ਹੋਰ ਮੈਂਬਰਾਂ ਵਿੱਚ ਕਪਿਲ ਸਿੱਬਲ, ਪ੍ਰਕਾਸ਼ ਜਾਵੜੇਕਰ, ਸ੍ਰੀਮਤੀ ਜਯਾ ਬੱਚਨ, ਰੰਜਨ ਗੋਗੋਈ (ਭਾਰਤ ਦੇ ਸਾਬਕਾ ਚੀਫ ਜਸਟਿਸ) ਅਤੇ ਹੋਰ ਚੋਟੀ ਦੇ ਸੰਸਦ ਮੈਂਬਰ ਸਾਮਲ ਹਨ। ਕਮੇਟੀ ਦੇ ਚੇਅਰਮੈਨ ਪੀ ਪੀ ਚੌਧਰੀ ਹਨ। 'ਲੋਕ ਸਭਾ' ਤੋਂ ਕਮੇਟੀ ਦੇ ਹੋਰ ਮੈਂਬਰਾਂ ਵਿੱਚ ਕਲਿਆਣ ਬੈਨਰਜੀ, ਸ੍ਰੀਮਤੀ ਹਰਸਿਮਰਤ ਕੌਰ ਬਾਦਲ, ਸ੍ਰੀਮਤੀ ਪ੍ਰਨੀਤ ਕੌਰ, ਸ੍ਰੀਮਤੀ ਨਵਨੀਤ ਰਵੀ ਰਾਣਾ, ਸ੍ਰੀਮਤੀ ਪੂਨਮ ਪ੍ਰਮੋਦ ਮਹਾਜਨ ਅਤੇ ਹੋਰ ਚੋਟੀ ਦੇ ਸਾਂਸਦ ਸ਼ਾਮਲ ਹਨ।

# ਪੀ ਸੀ ਐੱਮ ਐੱਸ ਡੀ ਕਾਲਜ ਵਿਖੇ ਪੰਜਾਬੀ ਵਿਭਾਗ ਨੇ ਲੇਖ ਲੇਖਨ ਮੁਕਾਬਲਾ ਕਰਵਾਇਆ



**ਜਲੰਧਰ ( ਇਕਬਾਲ ਸਿੰਘ ਉੱਭੀ )** ਪ੍ਰੇਮ ਚੰਦ ਮਾਰਕੰਡਾ ਐਸ.ਡੀ. ਕਾਲਜ ਫਾਰ ਵੂਮੈਨ, ਜਲੰਧਰ ਵਿਖੇ ਅੰਮ੍ਰਿਤਾ ਪ੍ਰੀਤਮ ਸਾਹਿਤ ਸਭਾ (ਪੰਜਾਬੀ ਵਿਭਾਗ) ਵੱਲੋਂ ਰਾਸ਼ਟਰ ਪਿਤਾ ਮਹਾਤਮਾ ਗਾਂਧੀ ਦੇ ਜਨਮ ਦਿਵਸ ਨੂੰ ਸਮਰਪਿਤ "ਅਹਿੰਸਾ ਦੇ ਪੁਜਾਰੀ: ਮਹਾਤਮਾ ਗਾਂਧੀ" ਵਿਸ਼ੇ 'ਤੇ ਅੰਤਰ-ਕਲਾਸ ਲੇਖ ਲੇਖਨ ਮੁਕਾਬਲਾ ਕਰਵਾਇਆ ਗਿਆ। ਇਸ ਮੁਕਾਬਲੇ ਵਿੱਚ ਵੱਖ-ਵੱਖ ਸਟਰੀਮ ਦੇ ਲਗਭਗ ਪੰਦਰਾਂ ਵਿਦਿਆਰਥੀਆਂ ਨੇ ਬੜੇ ਉਤਸ਼ਾਹ ਨਾਲ ਭਾਗ ਲਿਆ ਅਤੇ ਮਹਾਤਮਾ ਗਾਂਧੀ ਜੀਵਨ, ਸ਼ਖ਼ਸੀਅਤ ਅਤੇ ਵਿਚਾਰਧਾਰਾ ਸੰਬਧੀ ਲੇਖ ਲਿਖੇ। ਇਸ ਲੇਖ ਲੇਖਨ ਮੁਕਾਬਲੇ ਵਿੱਚ ਬੀ.ਏ. ਸਮੈਸਟਰ ਪੰਜਵੇਂ ਦੀ ਵਿਦਿਆਰਥਣ ਪੂਜਾ ਨੇ ਪਹਿਲਾ, ਗੀਤੀਕਾ ਅਤੇ ਲਵਲੀਨ ਨੇ ਦੂਜਾ ਅਤੇ ਬੀ.ਏ. ਸਮੈਸਟਰ ਪਹਿਲੇ ਦੀਆਂ ਵਿਦਿਆਰਥਣਾਂ ਮਮਤਾ ਵਾਲੀਆ ਅਤੇ ਪ੍ਰੀਤੀ ਨੇ ਤੀਜਾ ਸਥਾਨ ਹਾਸਲ ਕੀਤਾ। ਇਸ ਮੁਕਾਬਲੇ ਵਿੱਚ ਜੇਤੂ ਰਹਿਣ ਵਾਲੇ ਵਿਦਿਆਰਥੀਆਂ ਨੂੰ ਇਨਾਮ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ 'ਤੇ ਪ੍ਰਧਾਨ ਨਰੇਸ਼ ਕੁਮਾਰ ਬੁਧੀਆ, ਪ੍ਰਬੰਧਕ ਕਮੇਟੀ ਦੇ ਹੋਰ ਮੈਂਬਰਾਂ ਅਤੇ ਪ੍ਰਿੰਸੀਪਲ ਪ੍ਰੋ. (ਡਾ.) ਪੂਜਾ ਪਰਾਸ਼ਰ ਨੇ ਜੇਤੂਆਂ ਨੂੰ ਵਧਾਈ ਦਿੱਤੀ ਅਤੇ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਲਈ ਅਜਿਹੇ ਸਮਾਗਮ ਕਰਵਾਉਣ ਲਈ ਪੰਜਾਬੀ ਵਿਭਾਗ ਦੇ ਯਤਨਾਂ ਦੀ ਸ਼ਲਾਘਾ ਕੀਤੀ।

# ਜ਼ਿੰਦਾਦਿਲ ਇਨਸਾਨ ਸਨ ਪਰੇਮ ਸਿੰਘ ਸੰਘੇੜਾ : ਪ੍ਰੋ. ਬੁੱਟਰ



**ਜਲੰਧਰ: (ਕੇਸਰ)**—ਗ਼ਦਰੀ ਦੇਸ਼ ਭਗਤ ਬਾਬਾ ਭਗਤ ਸਿੰਘ ਬਿਲਗਾ ਦੇ ਛੋਟੇ ਸਪੁੱਤਰ ਕਾਮਰੇਡ ਪਰੇਮ ਸਿੰਘ ਸੰਘੇੜਾ ਦੇ ਅਕਾਲ ਚਲਾਣੇ 'ਤੇ ਸਾਹਿਤ ਕਲਾ ਕੇਂਦਰ ਜਲੰਧਰ ਨੇ ਇਕ ਸ਼ੋਕ ਸਭਾ ਦਾ ਆਯੋਜਨ ਕੀਤਾ। ਇਸ ਵਿਚ ਕਾਮਰੇਡ ਸੰਘੇੜਾ ਦੀਆਂ ਲੋਕ ਹਿਤੈਸ਼ੀ ਗਤੀਵਿਧੀਆਂ ਦੀ ਪ੍ਰਸੰਸਾ ਕਰਦਿਆਂ ਕੇਂਦਰ ਦੇ ਪ੍ਰਧਾਨ ਡਾ. ਗੋਪਾਲ ਸਿੰਘ ਬੁੱਟਰ ਨੇ ਸੰਘੇੜਾ ਪਰਵਾਰ ਨਾਲ ਹਮਦਰਦੀ ਦਾ ਪ੍ਰਗਟਾਵਾ ਕੀਤਾ। ਉਨ੍ਹਾਂ ਨੇ ਕਿਹਾ ਕਿ ਬਾਬਾ ਭਗਤ ਸਿੰਘ ਬਿਲਗਾ ਅਤੇ ਉਨ੍ਹਾਂ ਦੇ ਵੱਡੇ ਸਪੁੱਤਰ ਕਾਮਰੇਡ ਕੁਲਬੀਰ ਸਿੰਘ ਸੰਘੇੜਾ ਨੇ ਜਿੱਥੇ ਆਗੂ ਦੇ ਰੂਪ ਵਿਚ ਲੋਕ ਹਿਤੈਸ਼ੀ ਲਹਿਰਾਂ ਦੀ ਅਗਵਾਈ ਕੀਤੀ, ਉਥੇ ਪ੍ਰੇਮ ਸਿੰਘ ਸੰਘੇੜਾ ਨੇ ਆਪਣੇ ਬਾਪ ਅਤੇ ਵੱਡੇ ਭਰਾ ਦੇ ਨਕਸ਼ੇ ਕਦਮਾਂ 'ਤੇ ਚੱਲਦਿਆਂ ਸਾਰੀ ਉਮਰ ਲੋਕ ਯੁੱਧ ਨੂੰ ਸਮਰਪਤ ਕਰੀ ਰੱਖੀ। ਇਸ ਸਭਾ ਵਿਚ ਕੇਂਦਰ ਦੇ ਸਰਪ੍ਰਸਤ ਇੰਜੀਨੀਅਰ ਸੀਤਲ ਸਿੰਘ ਸੰਘਾ, ਮੀਤ ਪ੍ਰਧਾਨ ਮਨੋਹਰ ਖਹਿਰਾ ਅਤੇ ਜਨਰਲ ਸਕੱਤਰ ਨਰਿੰਦਰਪਾਲ ਕੰਗ ਨੇ ਵੀ ਕਾਮਰੇਡ ਸੰਘੇੜਾ ਨੂੰ ਆਪਣੀ ਸ਼ਰਧਾ ਦੇ ਫ਼ੁੱਲ ਭੇਂਟ ਕੀਤੇ। ਵਰਨਣਯੋਗ ਹੈ ਕਿ ਕਾਮਰੇਡ ਪਰੇਮ ਸਿੰਘ ਸੰਘੇੜਾ ਸੰਖੇਪ ਬਿਮਾਰੀ ਉਪਰੰਤ 3 ਅਕਤੂਬਰ ਨੂੰ ਜਲੰਧਰ ਦੇ ਔਕਸਫੋਰਡ ਹਸਪਤਾਲ ਵਿਚ ਚਲਾਣਾ ਕਰ ਗਏ ਸਨ। ਉਨ੍ਹਾਂ ਦਾ ਅੰਤਿਮ ਸੰਸਕਾਰ 7 ਅਕਤੂਬਰ ਨੂੰ ਪਿੰਡ ਬਿਲਗਾ ਵਿਖੇ ਸਵੇਰੇ 11 ਵਜੇ ਕੀਤਾ ਜਾਵੇਗਾ।

# ਸ੍ਰੀ ਰਾਧਾ ਕ੍ਰਿਸ਼ਨ ਕੁੰਜ ਤਲਵੰਡੀ ਚੌਧਰੀਆਂ ਵਿਖੇ ਭੰਡਾਰਾ ਕਰਵਾਇਆ



**ਸੁਲਤਾਨਪੁਰ ਲੋਧੀ, (ਰਾਜਵੀਰ ਸਿੰਘ / ਬਲਵਿੰਦਰ ਸਿੰਘ ਧਾਲੀਵਾਲ)** ਸ਼੍ਰੀ ਰਾਧਾ ਕ੍ਰਿਸ਼ਨ ਕੁੰਝ (ਸੁਵਾਮੀ ਦੀ ਕੁਟੀਆ) ਤਲਵੰਡੀ ਚੌਧਰੀਆਂ ਵਿਖੇ ਨਵਰਾਤਿਆਂ ਨੂੰ ਸਮਰਪਿਤ ਸੁਵਾਮੀ ਹਰੀ ਓਮ ਮਹਾਰਾਜ ਦੀ ਅਗਵਾਈ ਵਿਚ ਸਮੂਹ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਹਵਨ ਜੱਗ ਕਰਵਾਉਣ ਉਪਰੰਤ ਕੰਜਕਾਂ ਪੂਜਨ ਕੀਤਾ ਗਿਆ। ਹਵਨ ਕਰਨ ਸਮੇਂ ਸੁਵਾਮੀ ਹਰੀ ਓਮ ਮਹਾਰਾਜ ਨੇ ਮੰਤਰ ਪੜੇ ਅਤੇ ਹਾਜ਼ਰ ਸੇਵਾਦਾਰਾਂ ਨੇ ਹਵਨ ਵਿਚ ਸਮੱਗਰੀ ਪਾਉਣ ਦੀ ਸੇਵਾ ਨਿਭਾਈ। ਨਵਰਾਤੇ ਦੇ ਸ਼ੁੱਭ ਅਵਸਰ 'ਤੇ ਭੰਡਾਰਾ ਵੀ ਕਰਵਾਇਆ, ਜਿਸ ਵਿਚ ਸਾਧੂ, ਸੰਤਾਂ ਅਤੇ ਸੰਗਤਾਂ ਨੇ ਭਜਨ ਕੀਤਾ। ਗੱਲਬਾਤ ਕਰਦਿਆਂ ਮਨਜੀਤ ਸਿੰਘ ਬੱਬ, ਹਰੀਸ਼ ਸ਼ਰਮਾ, ਜੀਵਨ ਲਾਲ, ਪ੍ਰਮੋਦ ਕੁਮਾਰ ਪੱਪੂ ਨੇ ਸਾਂਝੇ ਤੌਰ ਤੇ ਕਿਹਾ ਕਿ ਆਖਰੀ ਨਵਰਾਤੇ ਵਾਲੇ ਦਿਨ ਦੁਰਗਾ ਪੂਜਾ ਕਰਨ ਲਈ ਅਸੀਂ ਕੰਜਕਾਂ ਦੀ ਭਾਲ ਵਿਚ ਰਹਿੰਦੇ ਹਾਂ। ਦੁਰਗਾ ਮਾਂ ਦੀ ਜੋਤ ਜਗਾਉਣ ਉਪਰੰਤ ਸੱਤ ਕੰਜਕਾਂ ਦੀ ਪੂਜਾ ਕਰਕੇ ਵਰਤ ਅਪਾਰਿਆ ਜਾਂਦਾ ਹੈ। ਉਹਨਾਂ ਆਖਿਆ ਕਿ ਜਿਸ ਤਰ੍ਹਾਂ ਅਸੀਂ ਕੰਜਕਾਂ ਵੇਲੇ ਲੜਕੀਆਂ ਦੀ ਪੂਜਾ ਕਰਦੇ ਹਾਂ। ਇਸੇ ਤਰ੍ਹਾਂ ਸਾਨੂੰ ਭਵਿੱਖ ਵਿਚ ਵੀ ਲੜਕੀਆਂ ਅਤੇ ਔਰਤਾਂ ਦਾ ਮਾਨ ਸਨਮਾਨ ਕਰਦੇ ਰਹਿਣਾ ਚਾਹੀਦਾ ਹੈ। ਅਧੁਨਿਕ ਯੁੱਗ ਹੋਣ ਕਰਕੇ ਕਈ ਲੋਕ ਲੜਕੀਆਂ ਨੂੰ ਜੰਮਣ ਤੋਂ ਪਹਿਲਾਂ ਹੀ ਕਤਲ ਕਰ ਦਿੰਦੇ ਹਨ। ਜਿਸ ਕਾਰਨ ਲੜਕੀਆਂ ਦਾ ਅਨੁਪਾਤ ਦਿਨ-ਬਾ-ਦਿਨ ਘੱਟ ਰਿਹਾ ਹੈ। ਜਦ ਕਿ ਲੜਕੀਆਂ ਮੁੰਡਿਆਂ ਨਾਲੋਂ ਕਿਤੇ ਵੱਧ ਪੜ੍ਹ ਲਿਖ ਕੇ ਸਰਕਾਰੀ ਅਤੇ ਗੈਰ ਸਰਕਾਰੀ ਵੱਡੇ ਅਹੁੱਦਿਆਂ 'ਤੇ ਵੱਡੀਆਂ ਮੱਲ੍ਹਾਂ ਮਾਰ ਰਹੀਆਂ ਹਨ। ਯੂਰਪ ਦੇਸ਼ਾਂ ਵਿਚ ਵੀ ਭਾਰਤੀ ਲੜਕੀਆਂ ਸਰਕਾਰੀ, ਰਾਜਨੀਤਿਕ ਅਤੇ ਨਿੱਜੀ ਕਾਰੋਬਾਰ ਵਿਚ ਚੰਗਾ ਨਿਮਾਣਾ ਖੱਟ ਰਹੀਆਂ ਹਨ।

ਇਸ ਮੌਕੇ, ਧੀਰਜ ਕੁਮਾਰ ਸ਼ਰਮਾ, ਕੀਰਤਨਪਾਲ ਸਿੰਘ ਸੰਧੂ, ਅਵਤਾਰ ਸਿੰਘ ਮੱਲ੍ਹੀ, ਸੁੱਚਾ ਸਿੰਘ ਮੱਲ੍ਹੀ, ਪ੍ਰਦੀਪ ਕੁਮਾਰ ਸ਼ਰਮਾ, ਕਰਮਜੀਤ ਸਿੰਘ ਸ਼ਿੰਦੀ, ਪ੍ਰਦੀਪ ਸਿੰਘ ਸਹਿਗਲ, ਗੁਰਮੇਟ ਸਿੰਘ, ਹਰਦੇਵ ਸਿਘ ਵਰਤੀਆ, ਰਣਬੀਰ ਸਿੰਘ, ਅਰਜਨ ਵਿਵੇਕ, ਪਲਵ, ਪਵਨ ਕੁਮਾਰ ਮੜ੍ਹੀਆ, ਗਗਨ, ਜੋਤੀ ਸੰਧੂ, ਰਾਜੂ ਦਿੱਲੀ ਵਾਲਾ ਅਤੇ ਹੋਰ ਸੇਵਾਦਾਰ ਹਾਜ਼ਰ ਸਨ।

7-OCT-PAGE-10.qxd 10/6/2022 10:36 PM Page 1



# ਪਤੀ ਤੇ ਸੱਸ ਤੋਂ ਤੰਗ ਆ ਕੇ ਲੜਕੀ ਨੇ ਕੀਤੀ ਖ਼ੁਦਕੁਸ਼ੀ

### ਪਤੀ ਤੇ ਸੱਸ ਵਿਰੁੱਧ ਮਾਮਲਾ ਦਰਜ

**ਸ੍ਰੀ ਮੁਕਤਸਰ ਸਾਹਿਬ, (ਸ਼ਮਿੰਦਰਪਾਲ, ਪੂਜਾ)**-ਸਹੁਰਾ ਪਰਵਾਰ ਤੋਂ ਤੰਗ ਆ ਕੇ ਵਿਆਹੁਤਾ ਵੱਲੋਂ ਸੁਸਾਈਡ ਕਰ ਲਿਆ ਗਿਆ। ਇਸ ਮਾਮਲੇ ਵਿੱਚ ਥਾਣਾ ਸਿਟੀ ਸ੍ਰੀ ਮੁਕਤਸਰ ਸਾਹਿਬ ਦੀ ਪੁਲਸ ਨੇ ਮ੍ਰਿਤਕਾ ਦੇ ਪਤੀ ਤੇ ਉਸ ਦੀ ਸੱਸ ਵਿਰੁੱਧ ਮਾਮਲਾ ਦਰਜ ਕਰ ਲਿਆ ਹੈ। ਇਸ ਮਾਮਲੇ ਸੰਬੰਧੀ ਪੁਲਸ ਨੂੰ ਦਿੱਤੀ ਸ਼ਿਕਾਇਤ ਵਿੱਚ ਬਲਦੇਵ ਸਿੰਘ ਵਾਸੀ ਸ੍ਰੀ ਮੁਕਤਸਰ ਸਾਹਿਬ ਨੇ ਦੱਸਿਆ ਕਿ ਉਸ ਦੀ ਲੜਕੀ ਰਜਿੰਦਰ ਕੌਰ ਉਰਫ ਰਿੰਕੂ, ਜੋ ਕਿ ਸਾਢੇ 3 ਸਾਲ ਤੋਂ ਜਗਦੀਪ ਸਿੰਘ ਵਾਸੀ ਥਾਂਦੇਵਾਲਾ ਰੋਡ, ਸ੍ਰੀ ਮੁਕਤਸਰ ਸਾਹਿਬ ਨਾਲ ਸ਼ਾਦੀਸ਼ੁਦਾ ਸੀ। ਮੈਂ ਆਪਣੀ ਲੜਕੀ ਦੇ ਵਿਆਹ ਦੌਰਾਨ ਇਸ ਦੇ ਸਹੁਰੇ ਪਰਵਾਰ ਵੱਲੋਂ ਮੰਗ ਕਰਨ ਤੇ 8 ਲੱਖ ਰੁਪਏ ਦਾ ਖਰਚਾ ਕੀਤਾ ਸੀ, ਪਰ ਕਰੀਬ 6 ਮਹੀਨੇ ਬਾਅਦ ਹੀ ਮੇਰੀ ਲੜਕੀ ਤੋਂ ਉਸ ਦਾ ਪਤੀ ਜਗਦੀਪ ਸਿੰਘ ਤੇ ਸੱਸ ਮਨਦੀਪ ਕੌਰ ਉਰਫ ਰੋਜੀ ਦਾਜ ਦਹੇਜ ਦੀ ਮੰਗ ਕਰਨ ਲੱਗ ਪਏ ਤੇ ਉਸ ਦੀ ਕੁੱਟਮਾਰ ਕਰਨ ਲੱਗੇ ਅਤੇ ਕੁੱਟਮਾਰ ਕਰਕੇ ਕਈ ਵਾਰ ਘਰੋਂ ਕੱਢ ਦਿੰਦੇ ਸਨ ਅਤੇ ਅਸੀਂ ਆਪਣੀ ਲੜਕੀ ਨੂੰ ਘਰ ਲੈ ਆਉਂਦੇ ਸੀ। ਇਸ ਸੰਬੰਧੀ ਅਸੀਂ ਕਈ ਵਾਰ ਪੰਚਾਇਤੀ ਤੌਰ 'ਤੇ ਦੋਨਾਂ ਧਿਰਾਂ ਦਾ ਰਾਜ਼ੀਨਾਮਾ ਹੋਣ 'ਤੇ ਲੜਕੀ ਨੂੰ ਇਨ੍ਹਾਂ ਘਰ ਛੱਡ ਆਉਂਦੇ ਸੀ, ਪਰ ਫਿਰ ਵੀ ਇਹ ਆਪਣੀ ਆਦਤ ਤੋਂ ਬਾਜ਼ ਨਹੀਂ ਆਏ ਤੇ ਦਹੇਜ ਲਈ ਲੜਕੀ ਨੂੰ ਪ੍ਰੇਸ਼ਾਨ ਕਰਨ ਲੱਗੇ। ਕਰੀਬ 8 ਮਹੀਨਾਂ ਪਹਿਲਾਂ ਇਨ੍ਹਾਂ ਨੇ ਲੜਕੀ ਦੀ ਕੁੱਟਮਾਰ ਕਰਕੇ ਹੋਰ ਦਾਜ ਲਿਆਉਣ ਲਈ ਘਰੋਂ ਕੱਢ ਦਿੱਤਾ ਸੀ ਤੇ ਕਿਹਾ ਸੀ ਕਿ ਜੇ ਤੂੰ ਸਾਡੇ ਘਰ ਵਸਣਾ ਹੈ ਤਾਂ ਆਪਣੇ ਮਾਤਾ-ਪਿਤਾ ਤੋਂ ਸਾਡੇ ਲਈ ਕਾਰ ਲੈਣ ਲਈ 5 ਲੱਖ ਰੁਪਏ ਲੈ ਆਵੀਂ, ਜਿਸ ਕਰਕੇ ਮੇਰੀ ਲੜਕ ਪ੍ਰੇਸ਼ਾਨ ਰਹਿਣ ਲੱਗੀ। ਕਰੀਬ 4 ਦਿਨ ਪਹਿਲਾਂ ਮੇਰੀ ਬੇਟੀ ਰਜਿੰਦਰ ਕੌਰ ਮੇਰੀ ਪਤਨੀ ਨਾਲ ਬਜ਼ਾਰ ਗਈ ਸੀ ਤਾਂ ਬਜ਼ਾਰ ਵਿੱਚ ਜਗਦੀਪ ਸਿੰਘ ਵੱਲੋਂ ਕਾਫੀ ਕੁੱਝ ਕਿਹਾ ਗਿਆ, ਜਿਸ ਕਰਕੇ ਲੜਕੀ ਕਾਫੀ ਪ੍ਰੇਸ਼ਾਨ ਰਹਿਣ ਲੱਗੀ ਤੇ ਬੀਤੇ ਦਿਨੀਂ ਮੇਰੀ ਲੜਕੀ ਨੇ ਸਟੋਰ ਵਿੱਚ ਵੜ ਕੇ ਆਪਣੀ ਚੁੰਨੀ ਨਾਲ ਫਾਹਾ ਲੈ ਕੇ ਆਪਣੇ ਸਹੁਰੇ ਪਰਿਵਾਰ ਤੋਂ ਤੰਗ ਆ ਕੇ ਆਪਣੀ ਜੀਵਨ ਲੀਲ੍ਹਾ ਖਤਮ ਕਰ ਲਈ। ਜਦ ਇਸ ਬਾਰੇ ਮੇਰੀ ਪਤਨੀ ਨੂੰ ਪਤਾ ਲੱਗਾ ਤਾਂ ਉਸ ਵੱਲੋਂ ਰੌਲਾ ਪਾਇਆ ਗਿਆ, ਪਰ ਲੜਕੀ ਦੀ ਮੌਤ ਹੋ ਚੁੱਕੀ ਸੀ। ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਜਗਦੀਪ ਸਿੰਘ ਤੇ ਮਨਦੀਪ ਕੌਰ ਰੌਜੀ ਵਿਰੁੱਧ ਆਈਪੀਸੀ ਦੀ ਧਾਰਾ 306, 498 ਏ ਤੇ 34 ਅਧੀਨ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## 2 ਕਿੱਲੋ ਗਾਂਜੇ ਤੇ 440 ਗੋਲੀਆਂ ਲੋਮੋਟਿਲ ਸਮੇਤ ਦੋ ਗ੍ਰਿਫਤਾਰ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)** : ਦੋ ਵੱਖ-ਵੱਖ ਮਾਮਿਲਆਂ 'ਚ ਪੁਲਸ ਵੱਲੋਂ 2 ਕਿੱਲੋ ਗਾਂਜੇ ਤੇ 440 ਗੋਲੀਆਂ ਲੋਮੋਟਿਲ ਸਮੇਤ ਦੋ ਵਿਅਕਤੀਆਂ ਨੂੰ ਗ੍ਰਿਫਤਾਰ ਕੀਤੇ ਜਾਣ ਦਾ ਦਾਅਵਾ ਕੀਤਾ ਗਿਆ ਹੈ। ਪੁਲਸ ਵੱਲੋਂ ਕੀਤੇ ਗਏ ਦਾਅਵਿਆਂ ਮੁਤਾਬਿਕ ਮੰਡੀ ਗੋਬਿੰਦਗੜ੍ਹ ਦੇ ਮੇਨ ਚੌਕ 'ਚ ਰਾਤ 11 ਵਜੇ ਦੇ ਕਰੀਬ ਸ਼ੱਕੀ ਵਾਹਨਾਂ ਦੀ ਚੈਕਿੰਗ ਕੀਤੀ ਜਾ ਰਹੀ ਸੀ ਤਾਂ ਅਮਲੋਹ ਸਾਈਡ ਤੋਂ ਪੈਦਲ ਤੁਰਿਆ ਆ ਰਿਹਾ ਕਥਿਤ ਵਿਅਕਤੀ ਆਰਿਫ ਵਾਸੀ ਵਿਸ਼ਕਰਮਾ ਨਗਰ, ਮੰਡੀ ਗੋਬਿੰਦਗੜ੍ਹ ਪੁਲਸ ਪਾਰਟੀ ਨੂੰ ਦੇਖ ਕੇ ਹੱਥ 'ਚ ਫੜਿਆ ਹੋਇਆ ਲਿਫਾਫਾ ਸੁੱਟ ਕੇ ਪਿੱਛੇ ਮੁੜਨ ਲੱਗਿਆ ਤਾਂ ਐੱਸ.ਐੱਚ.ਓ. ਥਾਣਾ ਮੰਡੀ ਗੋਬਿੰਦਗੜ੍ਹ ਸਬ-ਇੰਸਪੈਕਟਰ ਆਕਾਸ਼ ਦੱਤ ਵੱਲੋਂ ਸਾਥੀ ਕਰਮਚਾਰੀਆਂ ਦੀ ਮੱਦਦ ਨਾਲ ਆਰਿਫ ਨੂੰ ਕਾਬੂ ਕਰਕੇ ਉਸ ਵੱਲੋਂ ਸੁੱਟੇ ਗਏ ਲਿਫਾਫੇ ਦੀ ਤਲਾਸ਼ੀ ਕੀਤੀ ਗਈ ਤਾਂ ਉਕਤ ਲਿਫਾਫੇ 'ਚੋਂ 440 ਨਸ਼ੀਲੀਆਂ ਗੋਲੀਆਂ ਲੋਮੋਟਿਲ ਬਰਾਮਦ ਹੋਣ 'ਤੇ ਆਰਿਫ ਨੂੰ ਅ/ਧ 22 ਐੱਨ.ਡੀ.ਪੀ.ਐੱਸ. ਐਕਟ ਤਹਿਤ ਗ੍ਰਿਫਤਾਰ ਕਰ ਲਿਆ ਗਿਆ। ਇੱਕ ਵੱਖਰੇ ਮਾਮਲੇ 'ਚ ਰਾਤ 9 ਵਜੇ ਦੇ ਕਰੀਬ ਗਸ਼ਤ ਕਰ ਰਹੀ ਖੇੜਾ ਚੌਕੀ ਦੀ ਪੁਲਸ ਪਾਰਟੀ ਨੂੰ ਗੁਰਦੁਆਰਾ ਰਮਾਣਾ ਸਾਹਿਬ ਨਜ਼ਦੀਕ ਹੱਥ 'ਚ ਵਜ਼ਨਦਾਰ ਲਿਫਾਫਾ ਚੁੱਕੀ ਇੱਕ ਪੈਦਲ ਤੁਰਿਆ ਆਉਂਦਾ ਵਿਅਕਤੀ ਦਿਖਾਈ ਦਿੱਤਾ, ਜੋ ਪੁਲਸ ਪਾਰਟੀ ਨੂੰ ਦੇਖ ਕੇ ਘਬਰਾ ਗਿਆ, ਜਿਸ ਉੱਪਰ ਸ਼ੱਕ ਪੈਣ 'ਤੇ ਖੇੜਾ ਚੌਕੀ ਦੀ ਇੰਚਾਰਜ ਸਬ-ਇੰਸਪੈਕਟਰ ਰਮਨਦੀਪ ਕੌਰ ਵੱਲੋਂ ਉਕਤ ਵਿਅਕਤੀ ਦੀ ਤਲਾਸ਼ੀ ਕਰਵਾਈ ਗਈ ਤਾਂ ਕਥਿਤ ਵਿਅਕਤੀ ਸ਼ਿੰਦਰਪਾਲ ਵਾਸੀ ਪਿੰਡ ਸੁਰਲ ਕਲਾਂ ਥਾਣਾ ਸਦਰ ਰਾਜਪੁਰਾ ਦੇ ਕਬਜ਼ੇ 'ਚੋਂ 2 ਕਿੱਲੋਂ ਗਾਂਜਾ ਬਰਾਮਦ ਹੋਇਆ. ਜਿਸ 'ਤੇ ਥਾਣਾ ਬਡਾਲੀ ਆਲਾ ਸਿੰਘ ਵਿਖੇ ਮੁਕੱਦਮਾ ਦਰਜ ਕਰਕੇ ਉਸ ਨੂੰ ਗ੍ਰਿਫਤਾਰ ਕਰ ਲਿਆ।

# ਜ਼ਮੀਨਾਂ ਦੇ ਮਾਲਕੀ ਹੱਕ ਪੰਚਾਇਤਾਂ ਨੂੰ ਦੇਣ ਦਾ ਬਿੱਲ ਵਿਧਾਨ ਸਭਾ 'ਚ ਪਾਸ ਕਰਨ ਦਾ ਵਿਰੋਧ

**ਬਠਿੰਡੇ (ਪਰਵਿੰਦਰ ਜੀਤ ਸਿੰਘ)** ਵਿਧਾਨ ਸਭਾ ਦੇ ਸੈਸਨ ਦੌਰਾਨ 30 ਸਤੰਬਰ ਨੂੰ ਸਦਨ ਵੱਲੋਂ ਜੁਮਲਾ ਮਸਤਰਕਾ ਮਾਲਕਾਨ ਜ਼ਮੀਨ (ਸਾਂਝੀ ਪੇਂਡੂ ਜ਼ਮੀਨ) ਦੀ ਪੂਰਨ ਮਾਲਕੀ ਗ੍ਰਾਮ ਪੰਚਾਇਤਾਂ ਨੂੰ ਦੇਣ ਲਈ ਪੰਜਾਬ ਵਿਲੇਜ ਕਾਮਨ ਲੈਂਡਜ (ਰੈਗੂਲੇਸ਼ਨ) ਐਕਟ 1961 ਦੀ ਧਾਰਾ 2 (ਜੀ) ਨੂੰ ਸੋਧ ਕੇ ਜੁਮਲਾ ਮਸਤਰਕਾ ਮਾਲਕਾਨ ਜ਼ਮੀਨ ਦੀ ਮਾਲਕੀ ਦੇ ਹੱਕ ਗ੍ਰਾਮ ਪੰਚਾਇਤ ਨੂੰ ਦੇਣ ਦੇ ਬਿੱਲ ਦੀ ਕਿਰਤੀ ਕਿਸਾਨ ਯੂਨੀਅਨ ਵੱਲੋਂ ਸਖਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਗਈ ਹੈ, ਕਿਉਂਕਿ ਇਸ ਬਿੱਲ ਦੇ ਕਾਨੂੰਨ ਬਣ ਜਾਣ ਨਾਲ ਲੱਖਾਂ ਏਕੜ ਜ਼ਮੀਨ ਸਰਕਾਰ ਵੱਲੋਂ ਅਬਾਦਕਾਰ ਕਿਸਾਨਾਂ ਕੋਲੋਂ ਖੋਹ ਲਈ ਜਾਵੇਗੀ ਤੇ ਲੱਖਾਂ ਅਬਾਦਕਾਰ ਕਿਸਾਨਾਂ ਦੀ ਰੋਜ਼ੀ ਰੋਟੀ ਖੁੱਸ ਜਾਵੇਗੀ ਤੇ ਪੰਜਾਬ ਵਿੱਚ ਕਈ ਪਿੰਡ ਵੀ ਉਜਾੜਨੇ ਪੈਣਗੇ, ਕਿਉਂਕਿ ਬੇਜ਼ਮੀਨੇ ਕਿਸਾਨਾਂ ਨੇ ਪਿੰਡ ਵੀ ਇਸ ਸਾਂਝੀ ਜ਼ਮੀਨ 'ਤੇ ਵਸਾਏ ਹੋਏ ਹਨ। ਕਿਰਤੀ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਬਠਿੰਡਾ ਦੇ ਪ੍ਰਧਾਨ ਅਮਰਜੀਤ ਹਨੀ, ਜ਼ਿਲ੍ਹਾ ਸਕੱਤਰ ਸਵਰਨ ਸਿੰਘ ਪੂਹਲੀ ਨੇ ਸਰਕਾਰ ਕੋਲੋਂ ਮੰਗ ਕੀਤੀ ਕਿ ਇਸ ਬਿੱਲ ਨੂੰ ਵਾਪਸ ਲਿਆ ਜਾਵੇ ਤੇ ਪਿੰਡਾਂ ਦੀਆਂ ਸਾਂਝੀਆਂ ਜ਼ਮੀਨਾਂ ਦੇ ਅਬਾਦਕਾਰ ਕਿਸਾਨਾਂ ਨੂੰ ਮਾਲਕੀ ਹੱਕ ਦਿੱਤੇ ਜਾਣ ਤੇ ਇਹ ਜ਼ਮੀਨ ਬੇਜ਼ਮੀਨੇ ਤੇ ਛੋਟੇ ਕਿਸਾਨਾਂ ਵਿੱਚ ਵੰਡੀ ਜਾਵੇ। ਉਨ੍ਹਾਂ ਹੋਰ ਕਿਹਾ ਕਿ ਇਹ ਸਾਂਝੀਆਂ ਜ਼ਮੀਨਾਂ ਈਸਟ ਪੰਜਾਬ ਹੋਲਡਿੰਗਜ (ਕੰਸੋਲੀਡੇਸਨ ਐਂਡ ਪ੍ਰੀਵੈਨਸ਼ਨ ਆਫ਼ ਫਰੈਗਮੈਂਟੇਸਨ) ਐਕਟ, 1948 (ਈਸਟ ਐਕਟ 50 ਆਫ 1948) ਦੀ ਧਾਰਾ 18 ਅਧੀਨ ਚਰਾਂਦਾਂ, ਰੱਖਾਂ ਵਗੈਰਾ ਲਈ ਕਲਰ ਬੰਜਰ ਜ਼ਮੀਨਾਂ ਰੱਖੀਆਂ ਗਈਆਂ ਸਨ, ਪਰ ਇਨ੍ਹਾਂ ਜ਼ਮੀਨਾਂ ਦੀ ਕਦੀ ਵੀ ਇਸ ਮਕਸਦ ਲਈ ਵਰਤੋਂ ਨਹੀਂ ਕੀਤੀ ਗਈ। ਇਸ ਲਈ ਗ਼ਰੀਬ ਤੇ ਬੇਜ਼ਮੀਨੇ ਕਿਸਾਨਾਂ ਨੇ ਇਨ੍ਹਾਂ ਜ਼ਮੀਨਾਂ ਨੂੰ ਆਪਣੇ ਲਹੂ ਪਸੀਨੇ ਦੀ ਕਮਾਈ ਨਾਲ ਜਰਖੇਜ਼ ਬਣਾ ਲਿਆ ਤੇ ਅਬਾਦਕਾਰ ਕਿਸਾਨ ਪਿਛਲੀ ਅੱਧੀ ਸਦੀ ਤੋਂ ਵੱਧ ਸਮੇਂ ਤੋਂ ਇਨ੍ਹਾਂ ਜ਼ਮੀਨਾਂ 'ਤੇ ਖੇਤੀ ਕਰਕੇ ਆਪਣੇ ਪਰਵਾਰ ਨਾਲ ਰਹੇ ਹਨ ਤੇ ਬਹੁਤੇ ਕਿਸਾਨਾਂ ਦੇ ਨਾਂਅ 'ਤੇ ਇਨ੍ਹਾਂ ਜ਼ਮੀਨਾਂ ਵਿੱਚ ਬੰਬੀਆਂ ਲੱਗੀਆਂ ਤੇ ਘਰ ਵੀ ਬਣੇ ਹੋਏ ਹਨ। ਉਨ੍ਹਾਂ ਹੋਰ ਕਿਹਾ ਕਿ ਪੰਜਾਬ ਸਰਕਾਰ ਦੀ ਮਾਅਰਕੇਬਾਜ ਸੋਚ ਕਾਰਨ ਇਹ ਬਿੱਲ ਸਦਨ ਵਿੱਚ ਪਾਸ ਕੀਤਾ ਗਿਆ ਹੈ, ਕਿਉਂਕਿ ਸਰਕਾਰ ਦੇ ਪੰਚਾਇਤ ਮੰਤਰੀ ਦੀ ਪੰਚਾਇਤੀ ਜ਼ਮੀਨਾਂ ਛੁਡਵਾਉਣ ਦੀ ਮਾਅਰਕੇਬਾਜ਼ ਮੁਹਿੰਮ ਠੁੱਸ ਹੋ ਕੇ ਰਹਿ ਗਈ ਹੈ। ਉਨ੍ਹਾਂ ਕਿਹਾ ਕਿ ਸਾਂਝੀਆਂ ਜ਼ਮੀਨਾਂ ਦੇ ਮੌਜੂਦਾ ਸਮੇਂ ਦੇ ਉਪਰੋਕਤ ਅਸਲ ਤੱਥਾਂ ਨੂੰ ਨਹੀਂ ਵਿਚਾਰਿਆ ਗਿਆ। ਉਨ੍ਹਾਂ ਵੱਲੋਂ ਇਸ ਬਿੱਲ ਨੂੰ ਸਰਬਸੰਮਤੀ ਨਾਲ ਪਾਸ ਕਰਾਉਣ ਲਈ ਸਮੁੱਚੀ ਵਿਰੋਧੀ ਧਿਰ ਦੀ ਵੀ ਜ਼ੋਰਦਾਰ ਨਿਖੇਧੀ ਕੀਤੀ ਤੇ ਕਿਹਾ ਕਿ ਵਿਰੋਧੀ ਧਿਰ ਨਿੱਕੇ-ਨਿੱਕੇ ਮਸਲਿਆਂ ਨੂੰ ਤਾਂ ਬਹੁਤ ਤੂਲ ਦੇਂਦੀ ਹੈ, ਪਰ ਲੱਖਾਂ ਅਬਾਦਕਾਰ ਕਿਸਾਨਾਂ ਦੇ ਹਿੱਤਾਂ ਦੀ ਪੈਰਵੀ ਕਰਨ ਦੀ ਬਜਾਏ ਹੁਕਮਰਾਨਾਂ ਨਾਲ ਰਲ ਜਾਂਦੀ ਹੈ। ਉਨ੍ਹਾਂ ਗਵਰਨਰ ਪੰਜਾਬ ਨੂੰ ਅਪੀਲ ਕੀਤੀ ਕਿ ਉਹ ਗਰੀਬ, ਬੇਜ਼ਮੀਨੇ ਅਬਾਦਕਾਰ ਕਿਸਾਨਾਂ ਦੇ ਹਿੱਤਾਂ ਦੀ ਪਹਿਰੇਦਾਰੀ ਕਰਨ ਤੇ ਇਸ ਬਿੱਲ 'ਤੇ ਦਸਤਖਤ ਨਾ ਕਰਨ। ਉਨ੍ਹਾਂ ਪੰਜਾਬ ਸਰਕਾਰ ਨੂੰ ਚਿਤਵਾਨੀ ਦਿੱਤੀ ਕਿ ਸਾਂਝੀਆਂ ਜ਼ਮੀਨਾਂ ਦੇ ਆਬਾਦਕਾਰਾਂ ਦੀਆਂ ਜ਼ਮੀਨਾਂ ਖੋਹਣ ਦੇ ਮਨਸੂਬਿਆਂ ਵਿਰੁੱਧ ਜ਼ੋਰਦਾਰ ਸੰਘਰਸ਼ ਕੀਤਾ ਜਾਵੇਗਾ।

## ਅਰੋੜਬੰਸ ਧਰਮਸ਼ਾਲਾ ਦੇ ਵਿਕਾਸ ਲਈ ਸਪੀਕਰ ਵੱਲੋਂ ਡੇਢ ਲੱਖ ਦਾ ਚੈੱਕ ਭੇਟ

**ਕੋਟਕਪੂਰਾ, (ਰਛਪਾਲ ਭੁੱਲਰ)** ਜੈਤੋ ਸੜਕ 'ਤੇ ਸਥਿਤ ਅਰੋੜਬੰਸ ਧਰਮਸ਼ਾਲਾ ਵਿਖੇ ਏਅਰ ਕੰਡੀਸ਼ਨਰ ਲਵਾਉਣ ਦੀ ਸੇਵਾ ਦੇ ਮੱਦੇਨਜ਼ਰ ਕੁਲਤਾਰ ਸਿੰਘ ਸੰਧਵਾਂ ਸਪੀਕਰ ਪੰਜਾਬ ਵਿਧਾਨ ਸਭਾ ਨੇ ਡੇਢ ਲੱਖ ਰੁਪਏ ਦਾ ਚੈੱਕ ਟਰੱਸਟ ਦੇ ਪ੍ਰਧਾਨ ਗੋਪਾਲ ਸਿੰਘ ਮਦਾਨ ਸਮੇਤ ਸਮੂਹ ਅਹੁਦੇਦਾਰਾਂ ਤੇ ਮੈਂਬਰਾਂ ਨੂੰ ਸੌਂਪਦਿਆਂ ਆਖਿਆ ਕਿ ਮਨੁੱਖਤਾ ਦੀ ਭਲਾਈ ਵਾਲੇ ਸੇਵਾ ਕਾਰਜਾਂ ਲਈ ਗ੍ਰਾਂਟ ਦੀ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ। ਪ੍ਰਧਾਨ ਗੋਪਾਲ ਸਿੰਘ ਮਦਾਨ ਸਮੇਤ ਟਹਿਲ ਸਿੰਘ ਕਾਲੜਾ, ਜਗਦੀਸ਼ ਛਾਬੜਾ, ਜੈਮਲ ਸਿੰਘ ਮੱਕੜ, ਮਨਜੀਤ ਸਿੰਘ ਘੁਲਿਆਣੀ, ਕਿਰਪਾਲ ਸਿੰਘ ਮੱਕੜ, ਡਾ ਵਿਜੈ ਨਰੂਲਾ, ਗੁਰਿੰਦਰ ਸਿੰਘ ਮਹਿੰਦੀਰੱਤਾ, ਭੁਪਿੰਦਰ ਸਿੰਘ ਪਾਲੀ, ਗੁਲਸ਼ਨ ਕੁਮਾਰ ਛਾਬੜਾ, ਮੋਹਰ ਸਿੰਘ ਮੱਕੜ, ਜੋਗਿੰਦਰ ਸਿੰਘ ਜੋਗਾ ਆਦਿ ਨੇ ਸੰਧਵਾਂ ਦੇ ਧਿਆਨ ਵਿੱਚ ਲਿਆਂਦਾ ਕਿ ਧਰਮਸ਼ਾਲਾ ਦਾ ਹਾਲ ਵੱਡਾ ਹੋਣ ਕਰਕੇ ਇਸ ਵਿੱਚ 6 ਵੱਡੇ ਦੋ-ਦੋ ਟਨ ਵਾਲੇ ਏਅਰ ਕੰਡੀਸ਼ਨਰ ਲੱਗਣ ਕਾਰਨ ਡੇਢ ਲੱਖ ਰੁਪਏ ਦੀ ਰਕਮ ਥੋੜੀ ਹੈ। ਸੰਧਵਾਂ ਨੇ ਸਾਢੇ 3 ਲੱਖ ਰੁਪਿਆ ਹੋਰ ਦੇਣ ਦਾ ਵਿਸ਼ਵਾਸ ਦਿਵਾਉਂਦਿਆਂ ਆਖਿਆ ਕਿ ਸਮਾਜ ਸੇਵਾ ਦੇ ਕਾਰਜਾਂ ਲਈ ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਦੀ ਅਗਵਾਈ ਵਾਲੀ 'ਆਪ' ਸਰਕਾਰ ਨੇ ਜ਼ਿਆਦਾ ਧਿਆਨ ਕੇਂਦਰਤ ਕੀਤਾ ਹੋਇਆ ਹੈ। ਇਸ ਮੌਕੇ ਉਪਰੋਕਤ ਤੋਂ ਇਲਾਵਾ ਮਨਪ੍ਰੀਤ ਸਿੰਘ ਮਨੀ ਧਾਲੀਵਾਲ, ਅਮਨਦੀਪ ਸਿੰਘ ਸੰਧੂ, ਜਗਤਾਰ ਸਿੰਘ ਜੱਗਾ, ਸੁਖਵੰਤ ਸਿੰਘ ਪੱਕਾ, ਗੁਰਮੀਤ ਸਿੰਘ ਗਿੱਲ, ਗੁਰਵਿੰਦਰ ਸਿੰਘ ਜਲਾਲੇਆਣਾ, ਗੁਰਮੀਤ ਸਿੰਘ ਮੀਤਾ ਆਦਿ ਸਮੇਤ ਹੋਰ ਵੀ ਅਨੇਕਾਂ ਉੱਘੀਆਂ ਸ਼ਖ਼ਸੀਅਤਾਂ ਤੇ ਪਤਵੰਤੇ ਹਾਜ਼ਰ ਸਨ।

# ਦੁਸਹਿਰੇ ਦਾ ਤਿਉਹਾਰ ਵੱਖ-ਵੱਖ ਥਾਈਂ ਧੂਮ-ਧਾਮ ਨਾਲ ਮਨਾਇਆ










## ਦੁਸਹਿਰੇ ਮੌਕੇ ਪੰਜਾਬ ਸਰਕਾਰ ਦਾ ਪੁਤਲਾ ਫੂਕ ਕੇ ਕਾਲਾ ਦਿਨ ਮਨਾਇਆ

**ਸ੍ਰੀ ਮੁਕਤਸਰ ਸਾਹਿਬ, (ਸ਼ਮਿੰਦਰਪਾਲ, ਪੂਜਾ)**-ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ ਪੰਜਾਬ ਦੇ ਬੈਨਰ ਹੇਠ ਦੁਸਹਿਰੇ ਦੇ ਮੌਕੇ 'ਤੇ ਸ੍ਰੀ ਮੁਕਤਸਰ ਸਾਹਿਬ ਵਿਖੇ ਕੱਚੇ ਮੁਲਾਜ਼ਮਾਂ ਵੱਲੋਂ ਪੰਜਾਬ ਸਰਕਾਰ ਦਾ ਪੁਤਲਾ ਫੂਕਿਆ ਗਿਆ। ਇਸ ਮੌਕੇ ਆਗੂ ਬਲਜੀਤ ਸਿੰਘ ਭੱਟੀ, ਕੇਸਰ ਸਿੰਘ, ਅੰਗਰੇਜ ਸਿੰਘ, ਸੁਰਜੀਤ ਸਿੰਘ ਤੱਖੀ, ਜਸਵੀਰ ਸਿੰਘ ਕਾਲਾ ਤੇ ਬਿਕਰਮਜੀਤ ਸਿੰਘ ਕਪੂਰ ਨੇ ਪ੍ਰੈੱਸ ਬਿਆਨ ਜਾਰੀ ਕਰਦਿਆਂ ਦੱਸਿਆ ਕਿ ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ ਪੰਜਾਬ ਵੱਲੋਂ ਵੱਖ ਵੱਖ ਸਰਕਾਰੀ ਵਿਭਾਗਾਂ ਵਿੱਚ ਇੰਨਲਿਸਟਮੈਂਟ, ਆਊਟਸੋਰਸ, ਠੇਕੇਦਾਰਾਂ, ਕੰਪਨੀਆਂ ਅਧੀਨ ਸਾਲਾਂ-ਬੱਧੀ ਅਰਸੇ ਤੋਂ ਕੰਮ ਕਰਦੇ ਵਰਕਰਾਂ ਨੂੰ ਉਨ੍ਹਾਂ ਦੇ ਪਿੱਤਰੀ ਵਿਭਾਗਾਂ ਵਿੱਚ ਬਿਨਾਂ ਭੇਦਭਾਵ ਪੱਕੇ ਕਰਵਾਉਣ ਲਈ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਦੇ ਮੁਖੀ, ਜਸਸ ਵਿਭਾਗ, ਮੋਹਾਲੀ ਦੇ ਡਿਸਪੈਚ ਨੰ. 792 ਮਿਤੀ 22-12-2017 ਦੇ ਆਦੇਸ਼ਾਂ ਤਹਿਤ ਵਿਭਾਗੀ ਅਧਿਕਾਰੀਆਂ ਦੀ ਵਿਉਤਬੰਦੀ ਅਨੁਸਾਰ ਮੁੱਖ ਇੰਜੀਨੀਅਰ, ਜਸਸ ਵਿਭਾਗ, ਪਟਿਆਲਾ ਦੇ ਪੱਤਰ ਨੰਬਰ ਜਸਸ/ਅਨਗ (7) 39 ਮਿਤੀ 11-01-2018 ਰਾਹੀਂ ਤਿਆਰ ਕੀਤੀ ਪ੍ਰਪੋਜ਼ਲ ਨੂੰ ਲਾਗੂ ਕਰਵਾਉਣ ਤੇ 1948 ਐਕਟ ਮੁਤਾਬਕ ਤਨਖਾਹ ਵਿੱਚ ਵਾਧਾ ਕਰਵਾਉਣ ਸਮੇਤ ਹੋਰ ਜਾਇਜ਼ ਤੇ ਹੱਕੀ ਮੰਗਾਂ ਮਨਵਾਉਣ ਲਈ 7 ਅਕਤੂਬਰ ਮੁੱਖ ਮੰਤਰੀ ਪੰਜਾਬ ਸਰਕਾਰ ਦੇ ਸ਼ਹਿਰ ਧੂਰੀ ਵਿਖੇ ਸਟੇਟ ਹਾਈਵੇ ਜਾਮ ਕਰਨ ਦਾ ਸੰਘਰਸ਼ ਪ੍ਰੋਗਰਾਮ ਉਲੀਕਿਆ ਗਿਆ ਹੈ, ਜਿਸ 'ਚ ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ ਪੰਜਾਬ ਦੀ ਅਗਵਾਈ ਹੇਠ ਸਪਲਾਈ ਕਾਮੇ ਪਰਿਵਾਰਾਂ ਸਮੇਤ ਵਧ ਚੜ੍ਹ ਕੇ ਸ਼ਮੂਲੀਅਤ ਕਰਨਗੇ।



ਉਨ੍ਹਾਂ ਕਿਹਾ ਕਿ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਦਾ ਨਿੱਜੀਕਰਨ/ਪੰਚਾਇਤੀਕਰਨ ਕਰਨ ਦੀਆਂ ਸਰਕਾਰਾਂ ਦੀਆਂ ਨੀਤੀਆਂ ਨੂੰ ਮੋੜਾ ਦੇਣ ਲਈ ਪਿੰਡ ਤੇ ਸ਼ਹਿਰ ਪੱਧਰ 'ਤੇ ਚੱਲ ਰਹੀਆਂ ਵਾਟਰ ਸਪਲਾਈ ਸਕੀਮਾਂ ਨੂੰ ਪਹਿਲਾਂ ਦੀ ਤਰ੍ਹਾਂ ਚਾਲੂ ਰੱਖਣ, ਜਲ ਸਪਲਾਈ ਵਿਭਾਗ ਵਿੱਚ ਬਤੌਰ ਇੰਨਲਿਸਟਮੈਂਟ ਤੇ ਆਊਟਸੋਰਸ ਤਹਿਤ ਲੰਮੇ ਅਰਸੇ ਤੋਂ ਸੇਵਾਵਾਂ ਦੇ ਰਹੇ ਠੇਕਾ ਕਾਮਿਆਂ ਨੂੰ ਵਰਕਰ ਮੰਨ ਕੇ ਤੇ ਵਿਭਾਗ 'ਚ ਸ਼ਾਮਲ ਕਰਕੇ ਰੈਗੂਲਰ ਕਰਨ ਸਮੇਤ 'ਮੰਗ-ਪੱਤਰ' ਵਿਚ ਦਰਜ ਤਮਾਮ ਮੰਗਾਂ ਦਾ ਹੱਲ ਤੁਰੰਤ ਕਰਨ ਦੀ ਮੰਗ ਲਈ ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ ਪੰਜਾਬ ਵੱਲੋਂ ਸੰਘਰਸ਼ ਕੀਤਾ ਜਾ ਰਿਹਾ ਹੈ। ਇਸ ਦੇ ਨਾਲ ਹੀ ਸੂਬਾ ਕਮੇਟੀ ਦੇ ਫੈਸਲੇ ਤਹਿਤ ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ ਪੰਜਾਬ ਵੱਲੋਂ ਸਮੂਹ ਸਰਕਾਰੀ ਵਿਭਾਗਾਂ ਦੇ ਇਨਲਿਸਟਮੈਂਟ/ਆਊਟਸੋਰਸ ਕਾਮਿਆਂ ਨੂੰ ਉਨ੍ਹਾਂ ਦੇ ਪਿੱਤਰੀ ਵਿਭਾਗਾਂ 'ਚ ਰੈਗੂਲਰ ਕਰਨ ਸਮੇਤ ਹੋਰਨਾਂ ਮੰਗਾਂ ਦਾ ਹੱਲ ਕਰਵਾਉਣ ਲਈ ਦੁਸਹਿਰੇ ਵਾਲੇ ਦਿਨ 5 ਅਕਤੂਬਰ ਨੂੰ ਪੰਜਾਬ ਸਰਕਾਰ ਦੇ ਰਾਵਣ ਰੂਪੀ ਪੁਤਲੇ ਫੂਕੇ ਗਏ ਹਨ। ਇਸ ਦੇ ਬਾਅਦ 7 ਅਕਤੂਬਰ ਨੂੰ ਪੰਜਾਬ ਭਰ ਵਿੱਚੋਂ ਪੂਰੇ ਉਤਸ਼ਾਹ ਨਾਲ ਠੇਕਾ ਕਾਮੇ ਬਸੰਤੀ ਰੰਗ ਸਿਰਾਂ 'ਤੇ ਬੰਨ੍ਹ ਕੇ ਪਰਿਵਾਰਾਂ ਤੇ ਬੱਚਿਆਂ ਸਮੇਤ ਕਾਫਲੇ ਲੈ ਕੇ ਧੂਰੀ ਸਟੇਟ ਹਾਈਵੇ ਜਾਮ ਕਰਨ ਲਈ ਕੂਚ ਕਰਨਗੇ ਤੇ ਜਿੰਨੀ ਦੇਰ ਤੱਕ ਮੁੱਖ ਮੰਤਰੀ ਪੰਜਾਬ ਸਰਕਾਰ ਵੱਲੋਂ ਮੀਟਿੰਗ ਕਰਕੇ ਮੰਗਾਂ ਦਾ ਹੱਲ ਨਹੀਂ ਕੀਤਾ ਜਾਂਦਾ, ਉਨਾ ਚਿਰ ਸੰਘਰਸ਼ ਜਾਰੀ ਰੱਖਿਆ ਜਾਵੇਗਾ। ਇਸ ਮੌਕੇ ਸੌਰਵ ਮਿਗਲਾਨੀ, ਗਗਨਦੀਪ ਸਿੰਘ, ਗੁਰਸੇਵਕ ਸਿੰਘ, ਗੁਰਵਿੰਦਰ ਸਿੰਘ, ਗੁਰਦੇਵ ਸਿੰਘ, ਸੁਖਵਿੰਦਰ ਸਿੰਘ ਤੇ ਰਾਜੇਸ਼ ਕੁਮਾਰ ਤੋਂ ਇਲਾਵਾ ਵੱਡੀ ਗਿਣਤੀ 'ਚ ਸਾਥੀ ਸ਼ਾਮਲ ਹੋਏ।

**ਮੋਗਾ (ਅਮਰਜੀਤ ਬੱਬਰੀ)**-ਆਈ ਐੱਸ ਐੱਫ ਕਾਨਵੈਂਟ ਸਕੂਲ ਜਲਾਲਾਬਾਦ ਵਿਖੇ ਦੁਸਹਿਰੇ ਦਾ ਤਿਉਹਾਰ ਬੜੀ ਧੂਮਧਾਮ ਨਾਲ ਮਨਾਇਆ ਗਿਆ। ਸਭ ਤੋਂ ਪਹਿਲਾਂ ਸਕੂਲ ਵਿੱਚ ਦੁਸਹਿਰੇ ਨਾਲ ਸੰਬੰਧਤ ਪ੍ਰੋਗਰਾਮ ਕਰਵਾਇਆ ਗਿਆ, ਜਿਸ ਵਿੱਚ ਪਹਿਲਾਂ ਬੱਚਿਆਂ ਨੇ ਦੁਸਹਿਰੇ ਬਾਰੇ ਦੱਸਿਆ ਤੇ ਫਿਰ ਅਧਿਆਪਕਾਂ ਨੇ ਦੱਸਿਆ ਕਿ ਦਸਹਿਰਾ ਕਿਉਂ ਮਨਾਇਆ ਜਾਂਦਾ ਹੈ। ਇਸ ਤੋਂ ਬਾਅਦ ਦਸਵੀਂ, ਗਿਆਰਵੀਂ ਕਲਾਸ ਦੀਆਂ ਲੜਕੀਆਂ ਦੁਆਰਾ ਡਾਂਡੀਆ ਖੇਡਿਆ ਗਿਆ। ਪ੍ਰੋਗਰਾਮ ਦੇ ਅੰਤ ਵਿੱਚ ਰਾਮਲੀਲ੍ਹਾ ਦੀਆਂ ਝਾਕੀਆਂ ਪੇਸ਼ ਕੀਤੀਆਂ ਗਈਆਂ। ਇਸ ਮੌਕੇ ਸਕੂਲ ਪ੍ਰਿੰਸੀਪਲ ਪਵਨਦੀਪ ਕੌਰ ਚਾਹਲ ਨੇ ਬੱਚਿਆਂ ਨੂੰ ਸ੍ਰੀ ਰਾਮ ਜੀ ਦੇ ਜੀਵਨ ਬਾਰੇ ਤੇ ਰਾਵਣ ਦੀਆਂ ਬੁਰਾਈਆਂ ਬਾਰੇ ਦੱਸਿਆ। ਮੈਡਮ ਜਸਵਿੰਦਰ ਕੌਰ ਨੇ ਵੀ ਬੱਚਿਆਂ ਨੂੰ ਵਧਾਈਆਂ ਦਿੱਤੀਆਂ। ਅੰਤ ਵਿੱਚ ਪ੍ਰਿੰਸੀਪਲ ਮੈਡਮ ਤੇ ਬੱਚਿਆਂ ਦੁਆਰਾ ਰਾਵਣ ਦੇ ਪੁਤਲੇ ਨੂੰ ਅਗਨੀ ਦਿੱਤੀ ਗਈ। ਇਸ ਮੌਕੇ ਸਕੂਲ ਡਾਇਰੈਕਟਰ ਅਭਿਸ਼ੇਕ ਜਿੰਦਲ ਤੇ ਵਿਦਿਆਰਥੀ ਹਾਜ਼ਰ ਸਨ।

**ਸ੍ਰੀ ਮੁਕਤਸਰ ਸਾਹਿਬ, (ਸ਼ਮਿੰਦਰਪਾਲ, ਪੂਜਾ)**-ਮੁਕਤਸਰ ਵਿਖੇ ਸ੍ਰੀ ਰਾਮ ਸੇਵਾ ਸਮਿਤੀ ਵੱਲੋਂ ਸ਼ਹਿਰ ਵਾਸੀਆਂ ਦੇ ਸਹਿਯੋਗ ਨਾਲ ਸਥਾਨਕ ਸਰਕਾਰੀ ਕਾਲਜ ਦੇ ਸਟੇਡੀਅਮ 'ਚ ਦੁਸਹਿਰੇ ਦਾ ਤਿਉਹਾਰ ਧੂਮਧਾਮ ਨਾਲ ਮਨਾਇਆ ਗਿਆ। ਇਸ ਮੌਕੇ ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ ਵਿਸ਼ੇਸ਼ ਤੌਰ 'ਤੇ ਪਹੁੰਚੇ। ਇਸ ਉਤਸਵ ਵਿੱਚ ਡਿਪਟੀ ਕਮਿਸ਼ਨਰ ਸ੍ਰੀ ਮੁਕਤਸਰ ਸਾਹਿਬ ਵਿਨੀਤ ਕੁਮਾਰ ਤੇ ਜ਼ਿਲ੍ਹਾ ਪੁਲਸ ਮੁਖੀ ਡਾ. ਸਚਿਨ ਗੁਪਤਾ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਦੁਸਹਿਰਾ ਉਤਸਵ ਦੌਰਾਨ ਵੱਡੀ ਗਿਣਤੀ ਵਿੱਚ ਸ਼ਹਿਰ ਵਾਸੀ ਪਹੁੰਚੇ। ਸ਼ਾਮ ਸਮੇਂ ਰਾਵਣ, ਕੁੰਭਕਰਨ ਤੇ ਮੇਘਨਾਥ ਦੇ ਪੁਤਲਿਆਂ ਨੂੰ ਅਗਨੀ ਭੇਟ ਕੀਤਾ ਗਿਆ। ਦੁਸਹਿਰਾ ਉਤਸਵ ਦੌਰਾਨ ਵੱਖ ਵੱਖ ਝਾਕੀਆਂ ਪੇਸ਼ ਕੀਤੀਆਂ ਗਈਆ। ਰਾਵਣ, ਮੇਘਨਾਥ ਤੇ ਕੁੰਭਕਰਨ ਦੇ ਪੁਤਲਿਆਂ ਨੂੰ ਅਗਨੀ ਵਿਧਾਇਕ ਕਾਕਾ ਬਰਾੜ, ਡੀ ਸੀ ਵਿਨੀਤ ਕੁਮਾਰ ਤੇ ਐੱਸ ਐੱਸ ਪੀ ਡਾ. ਸਚਿਨ ਗੁਪਤਾ ਵੱਲੋਂ ਰਮੋਟ ਨਾਲ ਸਾਂਝੇ ਤੌਰ 'ਤੇ ਦਿੱਤੀ ਗਈ। ਸਮਿਤੀ ਮੈਂਬਰਾਂ ਰਮਨ ਗਿਰਧਰ, ਸੁਰਿੰਦਰ ਧਵਨ, ਸੰਜੀਵ ਖੇੜਾ, ਹੈਪੀ ਗਰਗ, ਬੌਬੀ ਗਾਵਡੀ, ਬਿੱਟੂ ਗਰਗ, ਦੀਪਕ ਗਰਗ ਆਦਿ ਨੇ ਦੱਸਿਆ ਕਿ ਸਿਵਲ ਪ੍ਰਸ਼ਾਸਨ, ਪੁਲਸ ਪ੍ਰਸ਼ਾਸਨ ਤੇ ਸ਼ਹਿਰ ਵਾਸੀਆਂ ਵੱਲੋਂ ਉਨ੍ਹਾਂ ਨੂੰ ਭਰਪੂਰ ਸਹਿਯੋਗ ਮਿਲਿਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਰਮਨ ਗਿਰਧਰ, ਸੁਰਿੰਦਰ ਧਵਨ, ਸੰਜੀਵ ਖੇੜਾ, ਭਾਰਤ ਭੂਸ਼ਣ ਗਰਗ, ਸੁਸ਼ੀਲ ਗਰਗ, ਗੌਤਮ ਅਰੋੜਾ ਐਡਵੋਕੇਟ, ਅਸ਼ਵਨੀ ਗੁੰਬਰ, ਰਾਜੇਸ਼ ਪਠੇਲਾ, ਸੋਨੂੰ ਸੀਮਿੰਟ ਵਾਲਾ, ਸ਼ਮਾ ਸੁਖੀਜਾ, ਬਾਵਾ ਯਾਦਵਿੰਦਰ ਲਾਲੀ, ਵਿੱਕੀ ਬਾਂਸਲ, ਬੱਬੂ ਬਾਂਸਲ, ਬਾਵਾ ਵਾਟਸ, ਸੌਰਵ ਰਾਜਦੇਵ, ਸਾਹਿਲ ਤਾਇਲ, ਰਾਜੀਵ ਅਹੂਜਾ, ਡਾ. ਨਰੇਸ਼ ਪਰੂਥੀ ਅਤੇ ਹੋਰ ਪਤਵੰਤੇ ਤੇ ਸ਼ਹਿਰ ਵਾਸੀ ਮੌਜੂਦ ਸਨ।

**ਸਮਾਣਾ (ਗੁਰਪਿਆਰ ਸਿੰਘ ਬੱਲ, ਇਕਬਾਲ ਸਿੰਘ ਬੱਲ)**-ਬਦੀ 'ਤੇ ਨੇਕੀ ਦੀ ਜਿੱਤ ਦਾ ਪ੍ਰਤੀਕ ਦੁਸਹਿਰੇ ਦਾ ਤਿਉਹਾਰ ਸਥਾਨਕ ਸ਼ਹਿਰ ਵਿਖੇ ਸ੍ਰੀ ਦੁਰਗਾ ਡ੍ਰਾਮਾਟਿਕ ਕਲੱਬ ਵੱਲੋਂ ਰਾਮ-ਲੀਲ੍ਹਾ ਗਰਾਊਂਡ ਤੇ ਸ੍ਰੀ ਕ੍ਰਿਸ਼ਨਾ ਡ੍ਰਾਮਾਟਿਕ ਕਲੱਬ ਵੱਲੋਂ ਸਥਾਨਕ ਨਗਰ ਕੌਂਸਲ ਦੇ ਨੇੜਲੇ ਗਰਾਊਂਡ ਵਿਖੇ ਧੂਮ-ਧਾਮ ਨਾਲ ਮਨਾਇਆ ਗਿਆ, ਜਿੱਥੇ ਰਾਵਣ, ਕੁੰਭਕਰਨ ਤੇ ਮੇਘ ਨਾਥ ਦੇ ਪੁਤਲਿਆਂ ਨੂੰ ਅਗਨੀ ਭੇਟ ਕੀਤੀ ਗਈ। ਇਸ ਮੌਕੇ ਦੋਵਾਂ ਸਮਾਗਮਾਂ ਵਿੱਚ ਮੁੱਖ ਮਹਿਮਾਨ ਵਜੋਂ ਹਲਕਾ ਸਮਾਣਾ ਵਿਧਾਇਕ ਤੇ ਸਿਹਤ ਮੰਤਰੀ ਪੰਜਾਬ ਚੇਤਨ ਸਿੰਘ ਜੌੜਾਮਾਜਰਾ ਅਤੇ ਉਦਯੋਗਪਤੀ ਰਮੇਸ਼ ਗਰਗ ਨੇ ਸ਼ਿਰਕਤ ਕਰਦਿਆਂ ਸ਼ਹਿਰ ਵਾਸੀਆਂ ਨੂੰ ਦੁਸਹਿਰੇ ਦੀ ਵਧਾਈ ਦਿੱਤੀ ਅਤੇ ਰਾਵਣ, ਕੁੰਭਕਰਨ ਤੇ ਮੇਘ ਨਾਥ ਦੇ ਪੁਤਲਿਆਂ ਨੂੰ ਸਾਂਝੇ ਤੌਰ 'ਤੇ ਅਗਨੀ ਭੇਟ ਕਰਨ ਦੀ ਰਸਮ ਅਦਾ ਕੀਤੀ। ਇਸ ਮੌਕੇ ਉਨ੍ਹਾਂ ਸੰਬੋਧਨ ਕਰਦਿਆਂ ਕਿਹਾ ਕਿ ਦੁਸਹਿਰਾ ਬੁਰਾਈ 'ਤੇ ਚੰਗਿਆਈ ਦੀ ਜਿੱਤ ਦਾ ਪ੍ਰਤੀਕ ਹੈ ਅਤੇ ਸਾਨੂੰ ਸਾਰਿਆਂ ਨੂੰ ਪ੍ਰਭੂ ਸ੍ਰੀ ਰਾਮ ਜੀ ਦੇ ਦਿਖਾਏ ਹੋਏ ਰਸਤਿਆਂ 'ਤੇ ਚੱਲਦੇ ਹੋਏ ਜ਼ਿੰਦਗੀ 'ਚ ਅੱਗੇ ਵਧਣਾ ਚਾਹੀਦਾ ਹੈ। ਇਸ ਮੌਕੇ ਆਪ ਪਾਰਟੀ ਦੇ ਹਲਕਾ ਇੰਚਾਰਜ ਬਲਕਾਰ ਸਿੰਘ ਗੱਜੂਮਾਜਰਾ, ਠੇਕੇਦਾਰ ਪ੍ਰਮੋਦ ਸਿੰਗਲਾ, ਅਗਰਵਾਲ ਧਰਮਸ਼ਾਲਾ ਪ੍ਰਧਾਨ ਜੀਵਨ ਗਰਗ, ਪਾਰਸ ਸ਼ਰਮਾ, ਸੁਨੈਨਾ ਮਿੱਤਲ, ਸੁਰਜੀਤ ਸਿੰਘ ਦਈਆ, ਗੁਰਦੇਵ ਟਿਵਾਣਾ, ਸੁਰਜੀਤ ਗਾਜੀਪੁਰ, ਗੁਰਦੀਪ ਸਿੰਘ ਕਾਹਨਗੜ੍ਹ, ਕੁਲਬੀਰ ਸਿੰਗਲਾ, ਕੁਲਦੀਪ ਸਿੰਘ ਵਿਰਕ, ਸੰਦੀਪ ਸ਼ਰਮਾ, ਦੀਪਕ ਵਧਵਾ, ਲਖਵਿੰਦਰ ਸਿੰਘ ਕਾਕਾ ਜਵੰਦਾ, ਸੰਦੀਪ ਸਿੰਘ ਆਦਿ ਤੋਂ ਇਲਾਵਾ ਸ੍ਰੀ ਦੁਰਗਾ ਡ੍ਰਾਮਾਟਿਕ ਕਲੱਬ ਪ੍ਰਧਾਨ ਵੇਦ ਪ੍ਰਕਾਸ਼ ਕਾਂਸਲ, ਮੋਤੀ ਜੈਨ, ਰਿੰਕੂ ਚੋਪੜਾ, ਪ੍ਰਦੀਪ ਸ਼ਰਮਾ, ਸੈਕਟਰੀ ਰਮਨ ਮਹਿੰਦਰਾ, ਤਰਸੇਮ ਚੰਦ, ਇੰਦਰਜੀਤ ਸੱਗੂ, ਸੰਜੇ ਬਾਂਸਲ, ਵਿਜੇ ਬਾਂਸਲ, ਰਵਿੰਦਰ ਕਾਂਸਲ, ਵਿਨੋਦ ਕਾਂਸਲ, ਜੀਤ ਸ਼ਰਮਾ, ਬਾਬੂ ਰਾਮ ਠਾਕੁਰ, ਵਿਨੇ ਬਾਂਸਲ ਤੇ ਦੂਜੇ ਪਾਸੇ ਸ੍ਰੀ ਕ੍ਰਿਸ਼ਨਾ ਡ੍ਰਾਮਾਟਿਕ ਕਲੱਬ ਪ੍ਰਧਾਨ ਜਨਾਰਦਨ ਵਰਮਾ, ਅਸ਼ੋਕ ਜੈਨ, ਵਿਜੈ ਡਾਬਰ, ਰਾਮ ਬਾਂਸਲ, ਸੰਜੇ ਸਿੰਗਲਾ, ਸੁਭਾਸ਼ ਸਿੰਗਲਾ, ਕਰਮਚੰਦ ਚਾਵਲਾ, ਸ਼ਕਤੀ ਉਪਲ, ਰਵੀ ਛਾਬੜਾ ਤੋਂ ਇਲਾਵਾ ਸ਼ਹਿਰ ਦੀਆਂ ਹੋਰ ਕਈ ਪ੍ਰਮੁੱਖ ਸ਼ਖ਼ਸੀਅਤਾਂ ਹਾਜ਼ਰ ਸਨ।

**ਅਜੀਤਵਾਲ, (ਨਛੱਤਰ ਸੰਧੂ)**-ਇਲਾਕੇ ਦੀ ਪ੍ਰਸਿੱਧ ਵਿੱਦਿਅਕ ਸੰਸਥਾ ਹੋਲੀ ਹਾਰਟ ਸਕੂਲ ਅਜੀਤਵਾਲ ਵਿਖੇ ਦੁਸਹਿਰੇ ਦਾ ਤਿਉਹਾਰ ਮਨਾਇਆ ਗਿਆ। ਅਧਿਆਪਕਾਵਾਂ ਵੱਲੋਂ ਰਾਵਣ ਦਾ ਪੁਤਲਾ ਬਣਾ ਕੇ ਜਲਾਇਆ ਗਿਆ। ਇਸ ਮੌਕੇ ਸਕੂਲ ਚੇਅਰਮੈਨ ਸੁਭਾਸ਼ ਪਲਤਾ, ਡਾਇਰੈਕਟਰ ਸ਼ਰੀਆ ਪਲਤਾ, ਪ੍ਰਿੰਸੀਪਲ ਸਾਕਸ਼ੀ ਗੁਲੇਰੀਆ ਨੇ ਕਿਹਾ ਕਿ ਇਸ ਦਿਨ ਅਛਾਈ ਨੇ ਬੁਰਾਈ ਉੱਪਰ ਜਿੱਤ ਪ੍ਰਾਪਤ ਕੀਤੀ ਸੀ।

ਭਗਵਾਨ ਸ੍ਰੀ ਰਾਮ ਜੀ ਵੱਲੋਂ ਰਾਵਣ ਨੂੰ ਮਾਰਿਆ ਗਿਆ ਸੀ। ਉਨ੍ਹਾਂ ਦੱਸਿਆ ਕਿ ਰਾਵਣ ਨੂੰ ਸਾਰੇ ਵੇਦਾਂ ਦਾ ਗਿਆਨ ਸੀ, ਉਹ ਅਮਰ ਸੀ ਪਰ ਬੁਰਾਈ ਜ਼ਿਆਦਾ ਦੇਰ ਤੱਕ ਨਹੀਂ ਟਿਕਦੀ। ਇੱਕ ਨਾ ਇੱਕ ਦਿਨ ਬੁਰਾਈ ਦਾ ਅੰਤ ਜ਼ਰੂਰ ਹੁੰਦਾ ਹੈ। ਦੁਸਹਿਰੇ ਦੀ ਮਹੱਤਤਾ ਦੱਸਣ ਤੋਂ ਬਾਅਦ ਪ੍ਰਿੰਸੀਪਲ ਸਾਕਸ਼ੀ ਗੁਲੇਰੀਆ ਵੱਲੋਂ ਵਿਦਿਆਰਥੀਆਂ ਨੂੰ ਚਾਰਟ, ਪੋਸਟਰ, ਸਕੈਚ ਬਣਾਉਣ ਲਈ ਕਿਹਾ ਗਿਆ, ਜੋ ਵਿਦਿਆਰਥੀਆਂ ਵੱਲੋਂ ਆਨਲਾਈਨ ਆਪਣੇ-ਆਪਣੇ ਅਧਿਅਪਕਾਂ ਨੂੰ ਭੇਜੇ ਗਏ।

**ਜਲਾਲਾਬਾਦ, (ਜੀਤ ਕੁਮਾਰ)** ਲੋਰਲ ਇੰਟਰਨੈਸ਼ਨਲ ਪਬਲਿਕ ਸਕੂਲ ਵਿਚ ਦੁਸਹਿਰੇ ਦਾ ਤਿਉਹਾਰ ਬੜੇ ਹੀ ਉਤਸ਼ਾਹ ਤੇ ਧੂਮਧਾਮ ਨਾਲ ਮਨਾਇਆ ਗਿਆ, ਜਿਸ ਵਿੱਚ ਸਕੂਲ ਦੇ ਵਿਦਿਆਰਥੀਆਂ ਨੇ ਦੁਸ਼ਹਿਰੇ ਦੇ ਤਿਉਹਾਰ ਨਾਲ ਸਬੰਧਤ ਵੱਖ-ਵੱਖ ਚਰਿੱਤਰਾਂ ਨੂੰ ਦਰਸਾਉਂਦੇ ਹੋਏ ਰਾਮਲੀਲ੍ਹਾ ਦੇ ਸੁੰਦਰ-ਸੁੰਦਰ ਦ੍ਰਿਸ਼ ਦਾ ਪ੍ਰਦਰਸ਼ਨ ਕੀਤਾ। ਇਸ ਤਿਉਹਾਰ ਨੂੰ ਮਨਾਉਣ ਦਾ ਉਦੇਸ਼ ਆਪਣੇ ਅੰਦਰ ਫੈਲੀਆਂ ਬੁਰਾਈਆਂ ਨੂੰ ਖਤਮ ਕਰਨ ਦੀ ਸਿੱਖਿਆ ਦੇਣਾ ਸੀ। ਵਿਦਿਆਰਥੀਆਂ ਨੇ ਰਾਮਲੀਲ੍ਹਾ ਵਿਚ ਆਏ ਕਿਰਦਾਰਾਂ ਨੂੰ ਬਾਖੂਬੀ ਨਿਭਾਇਆ। ਢੋਲ ਵਜਾਉਂਦੇ ਰਾਮ ਯਾਤਰਾ ਦਾ ਪ੍ਰਦਰਸ਼ਨ ਵੀ ਕੀਤਾ ਗਿਆ ਤੇ ਅੰਤ ਵਿਚ ਸਕੂਲ ਦੁਆਰਾ ਰਾਵਨ, ਮੇਘਨਾਥ ਤੇ ਕੁੰਭਕਰਨ ਦੇ ਪੁਤਲਿਆਂ ਨੂੰ ਜਲਾਇਆ ਗਿਆ ਤੇ ਝੂਠ ਉਪਰ ਸੱਚ ਦੀ ਜਿੱਤ ਦਾ ਸੰਦੇਸ਼ ਦਿੱਤਾ ਗਿਆ। ਮੁੱਖ ਅਧਿਆਪਕ ਮਾਨਵਦੀਪ ਕਾਲੜਾ ਦੁਆਰਾ ਦਿੱਤੇ ਗਏ ਭਾਸ਼ਣ ਵਿੱਚ ਵਿਦਿਆਰਥੀਆਂ ਨੂੰ ਦੁਸਹਿਰੇ ਨਾਲ ਸਬੰਧਤ ਇਤਿਹਾਸ ਤੋਂ ਜਾਣੂ ਕਰਾਇਆ ਗਿਆ ਅਤੇ ਦੁਸਹਿਰੇ ਦੇ ਤਿਉਹਾਰ ਦੀ ਵਧਾਈ ਦਿੱਤੀ ਗਈ। ਛੋਟੇ-ਛੋਟੇ ਬੱਚਿਆਂ ਦੁਆਰਾ ਵੱਖ ਵੱਖ ਗਤੀਵਿਧੀਆਂ ਵੀ ਕੀਤੀਆਂ ਗਈਆਂ।

**ਦੋਰਾਹਾ, 6 ਅਕਤੂਬਰ (ਹਰਮਿੰਦਰ ਸੇਠ)**-ਪੰਜਾਬ ਦੇ ਮੁੱਖ ਮੰਤਰੀ ਸ੍ਰੀ ਭਗਵੰਤ ਮਾਨ ਦੇ ਧਰਮਪਤਨੀ ਡਾ. ਗੁਰਪ੍ਰੀਤ ਕੌਰ ਆਮ ਆਦਮੀ ਪਾਰਟੀ ਵੱਲੋਂ ਸ੍ਰੀ ਰਾਮ ਨਾਟਕ ਕਲੱਬ ਦੋਰਾਹਾ ਦੁਆਰਾ ਪੁਰਾਣੀ ਅਨਾਜ ਮੰਡੀ ਦੋਰਾਹਾ ਵਿੱਚ ਮਨਾਏ ਗਏ ਦੁਸਹਿਰਾ ਸਮਾਗਮ ਵਿੱਚ ਮੁੱਖ ਮਹਿਮਾਨ ਵਜੋਂ ਪੁੱਜੇ। ਉਨ੍ਹਾਂ ਨਾਲ ਵਿਧਾਨ ਸਭਾ ਹਲਕਾ ਪਾਇਲ ਦੇ ਵਿਧਾਇਕ ਮਨਵਿੰਦਰ ਸਿੰਘ ਗਿਆਸਪੁਰਾ ਤੇ ਡਿਪਟੀ ਕਮਿਸ਼ਨਰ ਲੁਧਿਆਣਾ ਸ੍ਰੀਮਤੀ ਸੁਰਭੀ ਮਲਿਕ ਤੇ ਦੁਸਹਿਰਾ ਸਮਾਗਮ ਦੇ ਮੁੱਖ ਪ੍ਰਬੰਧਕ ਸੁਦਰਸ਼ਨ ਕੁਮਾਰ ਪੱਪੂ, ਪ੍ਰਧਾਨ ਨਗਰ ਕੌਂਸਲ ਦੋਰਾਹਾ ਵੀ ਹਾਜ਼ਰ ਸਨ। ਡਾ. ਗੁਰਪ੍ਰੀਤ ਕੌਰ ਨੇ ਦਾਣਾ ਮੰਡੀ 'ਚ ਸਥਿੱਤ ਸ਼ਹੀਦੇ ਆਜਮ ਸ੍. ਭਗਤ ਸਿੰਘ ਦੇ ਬੁੱਤ ਉਪਰ ਫੁੱਲ ਮਾਲਾਵਾਂ ਅਰਪਿਤ ਕਰਕੇ ਸ਼ਰਧਾ ਸਤਿਕਾਰ ਵੀ ਭੇਟ ਕੀਤਾ। ਉਨ੍ਹਾ ਕਿਹਾ ਕਿ ਭਗਵਾਨ ਰਾਮ ਜੀ ਵੱਲੋਂ ਰਾਵਣ ਦਾ ਅੰਤ ਕਰਕੇ ਬੁਰਾਈ 'ਤੇ ਸਚਾਈ ਦੀ ਜਿੱਤ ਦਰਜ ਕਰਨ ਦੇ ਦਿਵਸ ਵਜੋਂ ਮਨਾਇਆ ਜਾਣਾ ਚਾਹੀਦਾ ਹੈ। ਅਸੀਂ ਰਾਵਣ ਆਦਿ ਦੇ ਪੁਤਲੇ ਸਾੜਨ ਦੇ ਨਾਲ-ਨਾਲ ਆਪਣੇ ਅੰਦਰਲੀ ਬੁਰਾਈ ਦਾ ਅੰਤ ਕਰਨ ਦੀ ਕੋਸ਼ਿਸ਼ ਕਰੀਏ, ਕਿਉਂਕਿ ਦੁਸਹਿਰੇ ਦਾ ਤਿਉਹਾਰ ਸਾਨੂੰ ਬੁਰਾਈ ਤਿਆਗਣ ਦੀ ਪ੍ਰੇਰਨਾ ਵੀ ਦਿੰਦਾ ਹੈ। ਅੰਤ ਵਿੱਚ ਦੋਰਾਹਾ ਦੇ ਦੁਸਹਿਰੇ ਸਮਾਗਮ ਦੀ ਸਫਲਤਾ ਲਈ ਵਿਧਾਇਕ ਮਨਵਿੰਦਰ ਸਿੰਘ ਗਿਆਸਪੁਰਾ ਤੇ ਪ੍ਰਧਾਨ ਸੁਦਰਸ਼ਨ ਕੁਮਾਰ ਪੱਪੂ ਵੱਲੋਂ ਕਰਵਾਏ ਸਮਾਗਮ ਦੀ ਸ਼ਲਾਘਾ ਕੀਤੀ ਤੇ ਇਲਾਕਾ ਨਿਵਾਸੀਆਂ ਨੂੰ ਦੁਸਹਿਰੇ ਦੀ ਵਧਾਈ ਦਿੱਤੀ। ਇਸ ਮੌਕੇ ਡਾ. ਗੁਰਪ੍ਰੀਤ ਕੌਰ ਨੇ 60 ਫੁੱਟ ਉਚੇ ਰਾਵਣ, ਮੇਘਨਾਥ ਤੇ ਕੁੰਭਕਰਨ ਦੇ ਪੁਤਲੇ ਵੀ ਸਾੜਨ ਲਈ ਰਿਮੋਟ ਬਟਨ ਦਬਾ ਕੇ ਅਗਨੀ ਦਿਖਾਈ। ਹਲਕਾ ਪਾਇਲ ਦੇ ਵਿਧਾਇਕ ਸ੍ਰੀ ਮਨਵਿੰਦਰ ਸਿੰਘ ਗਿਆਸਪੁਰਾ ਵੱਲੋਂ ਡਾ. ਗੁਰਪ੍ਰੀਤ ਕੌਰ ਨੂੰ ਦੋਰਾਹਾ ਦੁਸਹਿਰਾ ਸਮਾਗਮ ਵਿੱਚ ਪੁੱਜਣ 'ਤੇ ਜੀ ਆਇਆਂ ਕਿਹਾ ਗਿਆ ਤੇ ਉਨ੍ਹਾਂ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਵੀ ਕੀਤਾ। ਇਸ ਮੌਕੇ ਐੱਸ.ਐੱਸ.ਪੀ. ਖੰਨਾ ਸ੍ਰੀ ਦਾਮਿਆ ਹਰੀਸ਼ ਕੁਮਾਰ ਓਮ ਪ੍ਰਕਾਸ, ਵਧੀਕ ਡਿਪਟੀ ਕਮਿਸ਼ਨਰ ਖੰਨਾ ਸ੍ਰੀ ਅਮਰਜੀਤ ਬੈਂਸ, ਉਪ ਮੰਡਲ ਮੈਜਿਸਟ੍ਰੇਟ ਸ੍ਰੀਮਤੀ ਜਸਲੀਨ ਕੌਰ ਭੁੱਲਰ, ਨਗਰ ਕੌਂਸਲ ਦੋਰਾਹਾ ਦੇ ਪ੍ਰਧਾਨ ਸੁਦਰਸ਼ਨ ਸ਼ਰਮਾ ਪੱਪੂ, ਕੌਂਸਲਰ ਕੁਲਵੰਤ ਸਿੰਘ, ਕੌਂਸਲਰ ਬਲਜੀਤ ਕੌਰ, ਕੌਂਸਲਰ ਰੁਚੀ ਬੈਕਟਰ, ਕੌਂਸਲਰ ਪ੍ਰਿਆ ਸ਼ਰਮਾ, ਕੌਂਸਲਰ ਦਲਵਿੰਦਰ ਕੌਰ, ਸਾਬਕਾ ਕੌਂਸਲਰ ਕੰਵਲਜੀਤ ਸਿੰਘ ਬਿੱਟੂ, ਆੜ੍ਹਤੀ ਏ ਪੀ ਜੱਲਾ, ਕਲੱਬ ਦੇ ਪ੍ਰਧਾਨ ਮੋਹਣ ਲਾਲ ਪਾਂਡੇ, ਚੇਅਰਮੈਨ ਚੰਦਰ ਸ਼ੇਖਰ, ਸਰਪ੍ਰਸਤ ਬੌਬੀ ਤਿਵਾੜੀ, ਸਰਪ੍ਰਸਤ ਓਮ ਪ੍ਰਕਾਸ਼ ਭਨੋਟ, ਨਰਿੰਦਰ ਨੰਦਾ, ਪੰਕਜ ਗੌਤਮ, ਕਾਕਾ ਕੌਸ਼ਲ, ਸਟੇਜ ਸੈਕਟਰੀ ਰਿੱਕੀ ਬੈਕਟਰ, ਰਜਨੀਸ਼ ਭੱਲਾ, ਅਵਤਾਰ ਸਿੰਘ ਮਠਾੜੂ, ਵਾਯੂ ਨੰਦਨ, ਰੁਪਿੰਦਰ ਰੂਪੀ, ਵਰੁਣ ਸ਼ਰਮਾ ਆਦਿ ਤੋਂ ਇਲਾਵਾ ਕਲੱਬ ਦੇ ਪ੍ਰਮੁੱਖ ਆਗੂ ਹਾਜ਼ਰ ਸਨ।




**ਨਾਭਾ (ਵਰਿੰਦਰ ਵਰਮਾ)**-ਨੇਕੀ ਦੀ ਬੁਰਾਈ 'ਤੇ ਜਿੱਤ ਤੇ ਆਪਸੀ ਪਿਆਰ ਤੇ ਸੌਹਾਰਦ ਦਾ ਪ੍ਰਤੀਕ ਦੁਸਹਿਰਾ ਦਾ ਤਿਉਹਾਰ ਨਾਭਾ ਦੇ ਪਰਾਣਾ ਹਾਈ ਕੋਰਟ ਵਿੱਚ ਕਲੱਬ ਚੇਅਰਮੈਨ ਅਮਰਦੀਪ ਸਿੰਘ ਖੰਨਾ, ਪ੍ਰਧਾਨ ਮਹੰਤ ਕਾਲਾ ਦਾਸ (ਟੱਲੇਵਾਲਾ), ਸੀਨੀਅਰ ਵਾਈਸ ਪ੍ਰਧਾਨ ਮਹੰਤ ਵਿਜੇ ਕੁਮਾਰ, ਤੇ ਸਰਪ੍ਰਸਤ ਮਹੰਤ ਕਿਰਨ ਦੇਵੀ ਸ਼ਰਮਾ ਦੀ ਅਗਵਾਈ ਹੇਠ ਧੂਮਧਾਮ ਨਾਲ ਮਨਾਇਆ ਗਿਆ। ਇਸ ਮੌਕੇ ਕਲੱਬ ਵੱਲੋਂ ਸ਼ਹਿਰ ਦੇ ਵੱਖ ਵੱਖ ਬਜ਼ਾਰਾਂ ਵਿੱਚੋਂ ਸ਼ੋਭਾ ਯਾਤਰਾ ਕੱਢੀ ਗਈ, ਜਿਸ ਨੂੰ ਡੀ ਐੱਸ ਪੀ ਦਵਿੰਦਰ ਅੱਤਰੀ, ਵਿਧਾਇਕ ਦੇਵ ਮਾਨ ਦੇ ਭਰਾ ਕਪਿਲ ਮਾਨ, ਥਾਣਾ ਕੋਤਵਾਲੀ ਮੁਖੀ ਹੈਰੀ ਬੋਪਾਰਾਏ, ਸਾਬਕਾ ਚੇਅਰਮੈਨ ਅਮਰਦੀਪ ਸਿੰਘ ਖੰਨਾ, ਪੰਕਜ ਪੱਪੂ ਨੇ ਝੰਡੀ ਦੇ ਕੇ ਰਵਾਨਾ ਕੀਤਾ। ਸ੍ਰੀ ਮਹਾਂ ਲਕਸ਼ਮੀ ਰਾਮਲੀਲ੍ਹਾ ਕਲੱਬ ਵੱਲੋਂ ਮਨਾਏ ਜਾਂਦੇ ਦੁਸਹਿਰੇ ਮੇਲੇ ਵਿੱਚ ਮੁੱਖ ਮਹਿਮਾਨ ਦੇ ਤੌਰ 'ਤੇ ਪਹੁੰਚ ਕੇ ਹਲਕਾ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਤੇ ਉਨ੍ਹਾਂ ਦੀ ਸੁਪਤਨੀ ਨੇ ਰਾਵਣ ਦੇ ਪੁਤਲੇ ਨੂੰ ਅੱਗ ਲਗਾਉਣ ਦੀ ਰਸਮ ਅਦਾ ਕੀਤੀ। ਇਕੱਠ ਨੂੰ ਸੰਬੋਧਨ ਕਰਦਿਆਂ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਨੇ ਕਿਹਾ ਕਿ ਬਦੀ 'ਤੇ ਨੇਕੀ ਦੀ ਜਿੱਤ ਦਾ ਤਿਉਹਾਰ ਹੈ ਦੁਸਹਿਰਾ ਤੇ ਸਾਨੂੰ ਆਪਣੇ ਬੱਚਿਆਂ ਨੂੰ ਵੀ ਚੰਗੇ ਕੰਮ ਕਰਨ ਤੇ ਚੰਗੇ ਰਾਹ 'ਤੇ ਤੁਰਨ ਦੀ ਸਿੱਖਿਆ ਦੇਣੀ ਚਾਹੀਦੀ ਹੈ। ਸਮਾਰੋਹ ਦੇ ਆਖੀਰ 'ਚ ਦੁਸਹਿਰਾ ਕਮੇਟੀ ਦੇ ਅਹੁਦੇਦਾਰਾਂ ਵੱਲੋਂ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਤਹਿਸੀਲਦਾਰ ਸੁਖਜਿੰਦਰ ਸਿੰਘ ਟਿਵਾਣਾ, ਸੰਦੀਪ ਬਾਂਸਲ ਚੇਅਰਮੈਨ ਜੀ ਬੀ ਇੰਟਰਨੈਸ਼ਨਲ ਪਬਲਿਕ ਸਕੂਲ, ਜੱਸੀ ਸੋਹੀਆਂ ਵਾਲਾ ਚੇਅਰਮੈਨ ਜ਼ਿਲ੍ਹਾ ਯੋਜਨਾ ਬੋਰਡ, ਨਗਰ ਕੌਂਸਲ ਪ੍ਰਧਾਨ ਸੁਜਾਤਾ ਚਾਵਲਾ, ਦੀਪਕ ਨਾਗਪਾਲ, ਸੰਜੇ ਮੱਗੋ, ਭੁਵੇਸ ਬਾਂਸਲ ਪ੍ਰਧਾਨ ਹਰਸ ਬਲੱਡ ਡੋਨਰ ਸੁਸਾਇਟੀ ਆਦਿ ਹਾਜ਼ਰ ਸਨ।

**ਮਲੋਟ (ਗੁਰਮੀਤ ਸਿੰਘ ਮੱਕੜ)** : ਮਲੋਟ ਵਿਖੇ ਯੂਥ ਵੈੱਲਫੇਅਰ ਕਲੱਬ ਦੇ ਸਹਿਯੋਗ ਨਾਲ ਪੁੱਡਾ ਕਲੋਨੀ ਵਿਖੇ ਦੁਸਹਿਰੇ ਦਾ ਤਿਉਹਾਰ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ, ਜਿਸ ਵਿਚ ਮੁੱਖ ਮਹਿਮਾਨ ਵਜੋਂ ਹਲਕਾ ਵਿਧਾਇਕ ਤੇ ਪੰਜਾਬ ਦੇ ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਦੁਸਹਿਰਾ ਸਮਾਗਮ ਦੌਰਾਨ ਸੱਭਿਆਚਾਰਕ ਪ੍ਰੋਗਰਾਮ ਵੀ ਕਰਵਾਇਆ ਗਿਆ, ਜਿਸ ਵਿੱਚ ਗਾਇਕ ਗੁਰਬੀਰ ਸਿੱਧੂ, ਪ੍ਰਸਿੱਧ ਕਲਾਕਾਰ ਪ੍ਰਕਾਸ਼ ਗਾਧੂ, ਗਾਇਕ ਵਿਨੋਦ ਖੁਰਾਣਾ ਤੇ ਮਲਵਈ ਗਿੱਧੇ ਦੀ ਟੀਮ ਵੱਲੋਂ ਆਪਣੀ ਪੇਸ਼ਕਾਰੀ ਨਾਲ ਦਰਸ਼ਕਾਂ ਦਾ ਖੂਬ ਮਨੋਰੰਜਨ ਕੀਤਾ। ਇਸ ਮੌਕੇ ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਵੱਲੋਂ ਰਿਮੋਟ ਦਾ ਬਟਨ ਦਬਾ ਕੇ ਰਾਵਣ, ਮੇਘਨਾਥ ਤੇ ਕੁੰਭਕਰਨ ਦੇ ਪੁਤਲਿਆਂ ਨੂੰ ਅਗਨੀ ਭੇਟ ਕੀਤਾ। ਸਮਾਗਮ ਦੌਰਾਨ ਆਪਣੇ ਸੰਬੋਧਨ ਵਿੱਚ ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਨੇ ਸਮੂਹ ਸ਼ਹਿਰ ਵਾਸੀਆਂ ਨੂੰ ਦੁਸਹਿਰੇ ਦੇ ਤਿਉਹਾਰ ਦੀ ਵਧਾਈ ਦਿੰਦੇ ਕਿਹਾ ਕਿ ਇਹ ਤਿਉਹਾਰ ਸਾਨੂੰ ਸਾਡੇ ਜੀਵਨ ਦੀਆਂ ਬੁਰਾਈਆਂ ਨੂੰ ਖਤਮ ਕਰਨ ਦਾ ਸੰਦੇਸ਼ ਦਿੰਦਾ ਹੈ ਤੇ ਸਾਨੂੰ ਇਸ ਤੋਂ ਸਿੱਖਿਆ ਲੈਣੀ ਚਾਹੀਦੀ ਹੈ।ਇਸ ਮੌਕੇ ਹਲਕਾ ਲੰਬੀ ਤੋਂ ਵਿਧਾਇਕ ਗੁਰਮੀਤ ਸਿੰਘ ਖੁੱਡੀਆਂ ਤੇ ਸ਼ਹਿਰ ਦੇ ਪਤਵੰਤੇ ਸੱਜਣ ਹਾਜ਼ਰ ਸਨ।




**ਮੱਖੂ (ਰਛਪਾਲ ਸਿੰਘ ਸੰਧੂ)** : ਸ੍ਰੀ ਸਨਾਤਨ ਧਰਮ ਦੁਸਹਿਰਾ ਕਮੇਟੀ ਮੱਖੂ ਨੇ ਦੁਸਹਿਰਾ ਸ਼ਹਿਰ ਵਾਸੀਆਂ ਦੇ ਸਹਿਯੋਗ ਨਾਲ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਨਰਿੰਦਰ ਕਟਾਰੀਆ ਦੀ ਅਗਵਾਈ ਹੇਠ ਦਾਣਾ ਮੰਡੀ ਕੁੱਤਬਪੁਰ ਵਿਖੇ ਧੂਮ ਧਾਮ ਤੇ ਉਤਸ਼ਾਹ ਨਾਲ ਮਨਾਇਆ। ਦੁਸਹਿਰੇ ਦੇ ਮੌਕੇ ਪ੍ਰਾਚੀਨ ਸ੍ਰੀ ਰਾਧਾ ਕ੍ਰਿਸ਼ਨ ਮੰਦਰ ਤੋਂ ਦੁਸਹਿਰਾ ਗਰਾਊਂਡ ਤੱਕ ਸ਼ਹਿਰ ਵਿੱਚ ਸ਼ੋਭਾ ਯਾਤਰਾ ਕੱਢੀ ਗਈ। ਸ਼ੋਭਾ ਯਾਤਰਾ ਦੌਰਾਨ ਸ੍ਰੀ ਰਾਮ, ਲਛਮਣ, ਸੀਤਾ ਮਾਤਾ, ਸ੍ਰੀ ਹਨੂੰਮਾਨ ਤੇ ਰਾਵਣ ਦੇ ਸਰੂਪ ਵਿੱਚ ਕਲਾਕਾਰ ਸਜੇ ਹੋਏ ਸਨ। ਦੁਸਹਿਰਾ ਗਰਾਊਂਡ ਵਿਚ ਸ੍ਰੀ ਰਾਮ ਜੀ ਦਾ ਪੂਜਨ ਕਰਨ ਤੋਂ ਬਾਅਦ ਰਾਮ ਤਿਲਕ ਕੀਤਾ ਗਿਆ। ਦੁਸਹਿਰੇ ਮੌਕੇ ਅਸ਼ੋਕ ਆਰਜੂ ਵੱਲੋਂ ਸਟੇਜ ਸਕੱਤਰ ਦੀ ਭੂਮਿਕਾ ਬਹੁਤ ਸੁਚੱਜੇ ਢੰਗ ਨਾਲ ਨਿਭਾਈ ਗਈ। ਇਸ ਮੌਕੇ ਨਰਿੰਦਰ ਕਟਾਰੀਆ ਤੇ ਸੰਕਰ ਕਟਾਰੀਆ ਵੱਲੋਂ ਰਾਵਣ ਤੇ ਕੁੰਭਕਰਨ ਦੇ ਬੁੱਤਾਂ ਨੂੰ ਅਗਨੀ ਭੇਟ ਕੀਤੀ।

ਇਸ ਮੌਕੇ ਆਮ ਆਦਮੀ ਪਾਰਟੀ ਦੇ ਯੂਥ ਆਗੂ ਪਵਨ ਕਟਾਰੀਆ, ਪ੍ਰਸ਼ਾਂਤ ਕਟਾਰੀਆ, ਆੜ੍ਹਤੀਆ ਐਸੋਸੀਏਸ਼ਨ ਮੱਖੂ ਦੇ ਸਰਪ੍ਰਸਤ ਮਹਿੰਦਰ ਸਿੰਘ ਸੰਘੇੜਾ, ਪ੍ਰਧਾਨ ਰਜੀਵ ਠੁਕਰਾਲ ਲੱਕੀ, ਮਹਿਲ ਸਿੰਘ ਵੜ੍ਹਿਆਂ, ਰਾਜੇਸ਼ ਗਾਂਧੀ ਮਿੰਟਾ, ਪ੍ਰਦੀਪ ਕੱਕੜ, ਰਜਿੰਦਰ ਖੁਰਾਣਾ, ਬਲਵਿੰਦਰ ਠੁਕਰਾਲ, ਤ੍ਰਿਲੋਕ ਚੰਦ ਬਿੱਲਾ ਪ੍ਰਧਾਨ ਟਰੱਕ ਯੂਨੀਅਨ ਮੱਖੂ, ਅਜੈ ਕੰਧਾਰੀ, ਸੰਦੀਪ ਠੁਕਰਾਲ, ਵਿਵੇਕ ਮੋਂਗਾ, ਸ੍ਰੀ ਸਨਾਤਨ ਧਰਮ ਸਭਾ ਮੱਖੂ ਦੇ ਸਰਪ੍ਰਸਤ ਸੰਜੀਵ ਅਹੂਜਾ, ਪ੍ਰਧਾਨ ਰਕੇਸ ਕਾਲੜਾ, ਯਸਵੀਰ ਮਨਚੰਦਾ, ਅਸ਼ੋਕ ਆਰਜੂ, ਪਵਨ ਖੰਨਾ, ਜਤਿੰਦਰ ਠੁਕਰਾਲ, ਬੰਟੀ ਗਾਂਧੀ, ਡਾ. ਵਿਵੇਕ ਨੰਨ੍ਹਾ, ਸੌਰਵ ਅਹੂਜਾ, ਗੌਰਵ ਮਦਾਨ, ਸਮਸ਼ੇਰ ਸਿੰਘ ਸ਼ੇਰਾ ਆਦਿ ਤੋਂ ਇਲਾਵਾ ਭਾਰੀ ਗਿਣਤੀ ਵਿੱਚ ਇਲਾਕਾ ਨਿਵਾਸੀ ਪਹੁੰਚੇ ਹੋਏ ਸਨ।




**ਧਰਮਕੋਟ (ਗੁਰਦੀਪ ਸਿੰਘ ਭੁੱਲਰ)** : ਇਲਾਕੇ ਦੀ ਨਾਮਵਰ ਸੰਸਥਾ ਯੂ ਕੇ ਇੰਟਰਨੈਸ਼ਨਲ ਸਕੂਲ ਵਿੱਚ 'ਦੁਸਹਿਰੇ' ਦਾ ਤਿਉਹਾਰ ਬੜੀ ਧੂਮ ਧਾਮ ਨਾਲ ਮਨਾਇਆ ਗਿਆ, ਜਿਸ ਵਿੱਚ ਬੱਚਿਆਂ ਵੱਲੋਂ ਬਹੁਤ ਹੀ ਸੋਹਣੇ ਸ੍ਰੀ ਰਾਮ ਚੰਦਰ ਜੀ ਦੇ ਮਾਸਕ ਤਿਆਰ ਕੀਤੇ ਗਏ। ਵੱਡੀਆਂ ਕਲਾਸਾਂ ਦੇ ਵਿਦਿਆਰਥੀਆਂ ਵੱਲੋਂ ਦੁਸਹਿਰੇ ਦੇ ਤਿਉਹਾਰ ਦੇ ਮੌਕੇ ਸ੍ਰੀ ਰਾਮ ਚੰਦਰ ਤੇ ਰਾਵਣ ਦੇ ਸੰਬੰਧ ਵਿੱਚ ਆਪਣੇ ਭਾਸ਼ਣ ਰਾਹੀਂ ਵਿਚਾਰ ਪੇਸ਼ ਕੀਤੇ ਗਏ। ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਮੈਡਮ ਡਾਕਟਰ ਰਾਜਵਿੰਦਰ ਕੌਰ ਨੇ ਬੱਚਿਆਂ ਨੂੰ ਦੁਸਹਿਰੇ ਦੀ ਵਧਾਈ ਦਿੰਦੇ ਹੋਏ ਬੱਚਿਆਂ ਨੂੰ ਦੁਸਹਿਰੇ ਦਾ ਤਿਉਹਾਰ ਮਨਾਉਣ ਦੇ ਮੁੱਖ ਕਾਰਨਾਂ ਬਾਰੇ ਦੱਸਿਆ। ਇਸ ਮੌਕੇ ਸਕੂਲ ਦੀ ਪ੍ਰਬੰਧਕ ਕਮੇਟੀ ਦੇ ਮੈਂਬਰ ਰਾਣਾ ਬਾਸੀ, ਕੁਲਵੰਤ ਸਿੰਘ ਚੀਮਾ, ਬਲਿਹਾਰ ਸਿੰਘ, ਬਲਕਾਰ ਸਿੰਘ ਤੇ ਸਮੂਹ ਸਟਾਫ ਮੈਂਬਰ ਸ਼ਾਮਲ ਸਨ।




**ਜਗਰਾਓਂ (ਅਮਿਤ ਖੰਨਾ, ਸੰਜੀਵ ਅਰੋੜਾ)**-ਦੁਸਹਿਰਾ ਦਾ ਤਿਉਹਾਰ ਬੁੱਧਵਾਰ ਨੂੰ ਸ਼ਹਿਰ ਵਾਸੀਆਂ ਵੱਲੋਂ ਬੜੀ ਧੂਮਧਾਮ ਤੇ ਉਤਸ਼ਾਹ ਨਾਲ ਮਨਾਇਆ ਗਿਆ, ਜਿਸ ਦੌਰਾਨ ਰਾਵਣ, ਕੁੰਭਕਰਨ ਤੇ ਮੇਘਨਾਦ ਦੇ ਪੁਤਲੇ ਫੂਕੇ ਗਏ। ਸ੍ਰੀ ਮਹਾਵੀਰ ਦੁਸਹਿਰਾ ਕਮੇਟੀ ਤੇ ਸ੍ਰੀ ਰਾਮਲੀਲ੍ਹਾ ਦੁਸਹਿਰਾ ਕਮੇਟੀ ਦੇ ਸ਼ਹਿਰ ਦੀ ਤਰਫੋਂ ਪੁਰਾਣੀ ਦਾਣਾ ਮੰਡੀ ਡੇਰਾ ਬਾਬਾ ਮੰਗਲਗਿਰੀ ਦੇ ਸਾਹਮਣੇ ਦੁਸਹਿਰਾ ਗਰਾਊਂਡ ਵਿੱਚ ਦੁਸਹਿਰਾ ਮੇਲਾ ਲਗਾਇਆ ਗਿਆ।

ਇਸ ਤੋਂ ਪਹਿਲਾਂ ਸ. ਸ੍ਰੀ ਮਹਾਂਵੀਰ ਦੁਸਹਿਰਾ ਕਮੇਟੀ ਮੰਡੀ ਵੱਲੋਂ ਦੁਸਹਿਰਾ ਮੇਲਾ ਸਥਾਨਕ ਲੰਬੀ ਵਾਲਾ ਬਾਗ, ਕਾਲਜ ਰੋਡ, ਰੇਲਵੇ ਰੋਡ, ਲਿੰਕ ਰੋਡ, ਤਹਿਸੀਲ ਰੋਡ, ਝਾਂਸੀ ਤੋਂ ਸ਼ੁਰੂ ਹੋ ਕੇ ਚੌਂਕ, ਕਮਲ ਚੌਂਕ, ਲਾਜਪਤ ਰਾਏ ਤੋਂ ਹੁੰਦਾ ਹੋਇਆ ਪੁਰਾਣੀ ਦਾਣਾ ਮੰਡੀ ਸਥਿਤ ਦੁਸਹਿਰਾ ਗਰਾਊਂਡ ਵਿਖੇ ਪਹੁੰਚਿਆ। ਦੂਜੇ ਪਾਸੇ ਸ੍ਰੀ ਰਾਮਲੀਲਾ ਦੁਸਹਿਰਾ ਕਮੇਟੀ ਵੱਲੋਂ ਸ਼ਹਿਰ ਵਾਲੇ ਪਾਸੇ ਤੋਂ ਕੱਢਿਆ ਗਿਆ ਜਲੂਸ ਪ੍ਰਾਚੀਨ ਮਹਾਵੀਰ ਮੰਦਰ ਤੋਂ ਸ਼ੁਰੂ ਹੋ ਕੇ ਸ਼ਹਿਰ ਦੇ ਮੁੱਖ ਬਾਜ਼ਾਰਾਂ, ਸੁਭਾਸ਼ ਗੇਟ, ਮੋਰੀਗੇਟ ਤੋਂ ਹੁੰਦਾ ਹੋਇਆ ਦੁਸਹਿਰਾ ਗਰਾਊਂਡ ਵਿਖੇ ਪਹੁੰਚਿਆ। ਪੁਰਾਣੀ ਦਾਣਾ ਮੰਡੀ ਵਿੱਚ ਰਾਵਣ ਕੁੰਭਕਰਨ ਦੇ ਪੁਤਲੇ ਫੂਕਣ ਲਈ ਬਟਨ ਦਬਾਉਣ ਲਈ ਹਲਕਾ ਵਿਧਾਇਕ ਸਰਵਜੀਤ ਕੌਰ ਮਾਣੂੰਕੇ, ਸਾਬਕਾ ਵਿਧਾਇਕ ਐੱਸ. ਆਰ. ਕਲੇਰ, ਆਪ ਆਗੂ ਪ੍ਰੋਫੈਸਰ ਸੁਖਵਿੰਦਰ ਸਿੰਘ ਸੁੱਖੂ, ਸਾਬਕਾ ਚੇਅਰਮੈਨ ਕਮਲਜੀਤ ਸਿੰਘ ਮੱਲਾ, ਨਗਰ ਕੌਂਸਲ ਪ੍ਰਧਾਨ ਜਤਿੰਦਰ ਪਾਲ ਰਾਣਾ, ਭਾਜਪਾ ਆਗੂ ਗੇਜਾਰਾਮ, ਤਹਿਸੀਲਦਾਰ ਮਨਮੋਹਨ ਪ੍ਰਯਾਸ, ਐਡਵੋਕੇਟ ਗੁਰਕੀਰਤ ਕੌਰ, ਐਡਵੋਕੇਟ ਮਨਮੋਹਨ ਕਤਿਆਲ ਤੇ ਦੁਸਹਿਰਾ ਕਮੇਟੀ ਦੇ ਪ੍ਰਧਾਨ ਵਿਨੋਦ ਬਾਂਸਲ ਨੇ ਪ੍ਰੈੱਸ ਨਾਲ ਗੱਲਬਾਤ ਕੀਤੀ, ਜਦੋਂਕਿ ਸ਼ਹਿਰ ਦੇ ਦੁਸਹਿਰਾ ਗਰਾਊਂਡ ਵਿੱਚ ਦੁਸਹਿਰਾ ਕਮੇਟੀ ਦੇ ਪ੍ਰਧਾਨ ਵਿਕਰਮ ਜੀਤ ਸ਼ਰਮਾ ਵਿੱਕੀ ਨੇ ਬਟਨ ਦਬਾ ਕੇ ਰਾਵਣ ਨਾਥ ਦਾ ਪੁਤਲਾ ਫੂਕਿਆ। ਦੇ ਪੁਤਲੇ ਸਾੜੇ ਇਸ ਮੌਕੇ ਸੁਸ਼ੀਲ ਗੋਇਲ, ਵਿਸ਼ਾਲ ਗੋਇਲ, ਐਡਵੋਕੇਟ ਅੰਕੁਸ਼ ਧੀਰ, ਬੀਜੇਪੀ ਦੇ ਜ਼ਿਲ੍ਹਾ ਪ੍ਰਧਾਨ ਗੌਰਵ ਖੁੱਲਰ, ਅਸ਼ੋਕ ਬਾਂਸਲ, ਆਤਮਾ ਰਾਮ ਬਾਬਾ, ਸੁਰਿੰਦਰ ਮਿੱਤਲ, ਵਿਜੇ ਗਰਗ, ਪੁਰਸ਼ੋਤਮ ਅਗਰਵਾਲ, ਅਨਮੋਲ ਗੁਪਤਾ ਆਦਿ ਹਾਜ਼ਰ ਸਨ।

**ਬਾਘਾ ਪੁਰਾਣਾ, (ਮਨੀ ਸਿੰਗਲਾ)**-ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਦੁਸਹਿਰੇ ਦਾ ਤਿਉਹਾਰ ਸੁਭਾਸ਼ ਮੰਡੀ ਵਿਖੇ ਨਿਊ ਡਾਇਮੰਡ ਕਲੱਬ ਮੈਂਬਰ ਸੁਰਿੰਦਰ ਕੁਮਾਰ ਸੋਨੂੰ, ਰੋਹਿਤ ਗਰਗ, ਸੰਜੀਵ ਮਿੱਤਲ, ਰਜਨ ਗਰਗ ਦੀ ਅਗਵਾਈ ਵਿੱਚ ਧੂਮ-ਧਾਮ ਨਾਲ ਮਨਾਇਆ ਗਿਆ। ਇਸ ਮੌਕੇ ਡਿਪਟੀ ਰਾਜਾ ਤੇ ਸੰਤਾ ਬੰਤਾ ਵੱਲੋਂ ਹਾਸੇ ਮਜ਼ਾਕ ਵਾਲੀਆ ਸਕਿੱਟਾਂ ਸੁਣਾ ਕੇ ਇਕ ਪ੍ਰੋਗਰਾਮ ਪੇਸ਼ ਕੀਤਾ ਤੇ ਇਸ ਮੌਕੇ ਝਾਕੀਆਂ ਦਾ ਰੰਗਾ ਰੰਗ ਪ੍ਰੋਗਰਾਮ ਕ੍ਰਿਸ਼ਨਾ ਆਰਟਸ ਗਰੁੱਪ ਵੱਲੋਂ ਪੇਸ਼ ਕੀਤਾ ਗਿਆ ਸੀ। ਇਸ ਮੌਕੇ ਰੀਬਨ ਕੱਟਣ ਦੀ ਰਸਮ ਰਮਨ ਮਿੱਤਲ ਰਿੰਪੀ ਪੰਜਾਬ ਪ੍ਰਧਾਨ ਟਰੇਡ ਤੇ ਇੰਡਸਟ੍ਰੀਲਿਸਟ ਵਿੰਗ ਵੱਲੋਂ ਕੀਤਾ ਗਿਆ। ਇਸ ਮੌਕੇ ਕਲੱਬ ਦੇ ਮੈਂਬਰਾਂ ਵੱਲੋਂ ਰਮਨ ਮਿੱਤਲ ਰਿੰਪੀ ਦਾ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਤੇ ਧੰਨਵਾਦ ਕੀਤਾ। ਇਸ ਮੌਕੇ ਪਵਨ ਗੋਇਲ ਪ੍ਰਧਾਨ ਯੂਥ ਅਗਰਵਾਲ ਸਭਾ, ਮਦਨ ਗਰਗ, ਮਿਲਨ ਗਰਗ, ਗੌਰਵ ਖੁਰਾਣਾ ਮਾਤੂਸ੍ਰੀ ਵਾਲੇ, ਗੌਤਮ ਬਾਂਸਲ, ਕ੍ਰਿਸ਼ਨ ਗਰਗ, ਰਣਦੀਪ ਗਰਗ, ਗੁਰਪ੍ਰੀਤ ਮਨਚੰਦਾ ਤੇ ਹੋਰ ਵੱਡੀ ਗਿਣਤੀ 'ਚ ਹਾਜ਼ਰ ਸਨ।

**ਕੋਟ ਈਸੇ ਖਾਂ (ਅਰੋੜਾ)**-ਸਥਾਨਕ ਸ਼ਹਿਰ ਦੀ ਸ੍ਰੀ ਰਾਮ ਲੀਲ੍ਹਾ ਦੁਸਹਿਰਾ ਕਮੇਟੀ ਸੁੰਦਰ ਨਗਰ ਦੇ ਮੁੱਖ ਸੇਵਾਦਾਰ ਤੇ ਸ਼ਹਿਰ ਨਿਵਾਸੀਆਂ ਵੱਲੋਂ ਦਿੱਤੇ ਸਹਿਯੋਗ ਸਦਕਾ ਇਸ ਵਾਰ ਵੀ ਮਨਾਏ ਜਾ ਰਹੇ 18ਵੇਂ ਦੁਸਹਿਰੇ ਵਾਲੇ ਦਿਨ ਇਸ ਦਾ ਰਸਮੀ ਉਦਘਾਟਨ ਸਾਬਕਾ ਵਿਧਾਇਕ ਸ੍ਰੀ ਸੁਖਜੀਤ ਸਿੰਘ ਕਾਕਾ ਲੋਹਗੜ੍ਹ ਵੱਲੋਂ ਰਿਬਨ ਕੱਟ ਕੇ ਕੀਤਾ ਗਿਆ। ਇਸ ਸਮੇਂ ਉਨ੍ਹਾਂ ਕਿਹਾ ਕਿ ਸਾਨੂੰ ਅੱਜ ਦੇ ਦਿਨ ਇਸ ਤੋਂ ਕੁਝ ਸਿੱਖਣ ਦੀ ਵੀ ਲੋੜ ਹੈ ਕਿਉਂਕਿ ਬੁਰੇ ਕੰਮਾਂ ਦਾ ਹਮੇਸ਼ਾ ਨਤੀਜਾ ਬੁਰਾ ਹੀ ਨਿਕਲਦਾ ਹੈ। ਅਸੀਂ ਰਾਵਣ ਨੂੰ ਮਾੜਾ ਕਹਿੰਦੇ ਹਾਂ, ਕਿਉਂਕਿ ਉਸ ਦੇ ਕੀਤੇ ਕੰਮ ਠੀਕ ਨਹੀਂ ਸਨ, ਪ੍ਰੰਤੂ ਸਾਨੂੰ ਵੀ ਆਪਣੇ ਆਪ ਨੂੰ ਚੰਗੇ ਬਣਨ ਦੀ ਲੋੜ ਹੈ। ਇਸ ਸਮੇਂ ਉਨ੍ਹਾ ਨਾਲ ਸ਼ਹਿਰ ਦੀਆਂ ਸ਼ਖ਼ਸੀਅਤਾਂ ਵਿੱਚ ਸ੍ਰੀ ਕ੍ਰਿਸ਼ਨ ਤਿਵਾੜੀ ਸੂਬਾ ਕਾਂਗਰਸ ਸਕੱਤਰ, ਭਾਊ ਲਖਵੀਰ ਸਿੰਘ ਲੱਖਾ ਇੰਚਾਰਜ ਦੁਸਹਿਰਾ ਕਮੇਟੀ, ਕੁਲਦੀਪ ਸਿੰਘ ਰਾਜਪੂਤ ਸਾਬਕਾ ਪ੍ਰਧਾਨ, ਬਲਰਾਮ ਸ਼ਰਬਾ ਬੱਬੀ ਸੀਨੀ ਕਾਗਰਸੀ ਆਗੂ, ਮਹਿੰਦਰ ਸਿੰਘ ਰਾਜਪੂਤ, ਬੱਗੜ ਸਿੰਘ ਐਮਸੀ, ਗੁਰਬੀਰ ਸਿੰਘ ਗੋਗਾ ਬਲਾਕ ਧਰਮਕੋਟ ਦੇ ਕਾਂਗਰਸ ਪ੍ਰਧਾਨ, ਅਸ਼ੋਕ ਠਾਕੁਰ, ਗੁਰਦੇਵ ਸਿੰਘ ਸਾਬਕਾ ਇੰਸਪੈਕਟਰ, ਦਵਿੰਦਰ ਸਿੰਘ ਬਿੰਦਰ ਗਲੋਟੀ ਸਰਪੰਚ, ਇੰਦਰਜੀਤ ਸਿੰਘ ਮਹਿਰੋ, ਗੁਰਮੁਖ ਸਿੰਘ ਗਲੋਟੀ ਸੀਨੀਅਰ ਕਾਂਗਰਸ ਆਗੂ ਆਦਿ ਹਾਜ਼ਰ ਸਨ। ਅਖੀਰ ਵਿੱਚ ਰਾਵਣ ਦੇ ਬੁੱਤ ਨੂੰ ਸਾਬਕਾ ਵਿਧਾਇਕ ਵੱਲੋਂ ਅਗਨੀ ਲਗਾਈ ਗਈ।



ਸ੍ਰੀ ਰਾਮਲੀਲ੍ਹਾ ਕਲੱਬ ਗੱਜੂ ਖੇੜਾ ਵਿਖੇ ਦੁਸਹਿਰੇ ਦੇ ਸੰਬੰਧ 'ਚ ਰਾਮਲੀਲ੍ਹਾ ਸਮਾਗਮ ਵਿੱਚ ਆਮ ਆਦਮੀ ਪਾਰਟੀ ਦੇ ਜੁਆਇੰਟ ਸਕੱਤਰ ਸ੍ਰੀ ਦੀਪਕ ਸੂਦ ਤੇ ਰਾਜਪੁਰਾ ਦੇ ਪ੍ਰਧਾਨ ਸ੍ਰੀ ਦਿਨੇਸ਼ ਮਹਿਤਾ ਨੇ ਮੁੱਖ ਮਹਿਮਾਨ ਦੇ ਤੌਰ 'ਤੇ ਸ਼ਿਰਕਤ ਕੀਤੀ। ਇਸ ਮੌਕੇ ਰਾਮਲੀਲ੍ਹਾ ਕਲੱਬ ਦੇ ਮੈਂਬਰ ਉਨ੍ਹਾਂ ਦਾ ਸਨਮਾਨ ਕਰਦੇ ਹੋਏ। (ਫੋਟੋ ਤੇ ਵੇਰਵਾ-ਰਮੇਸ਼ ਕਟਾਰੀਆ, ਰਾਜਪੁਰਾ)



ਥਰਮਲ ਕਲੋਨੀ ਲਹਿਰਾ ਮੁਹੱਬਤ ਵਿਖੇ ਸਥਿਤ ਗਰਾਊਂਡ ਵਿੱਚ ਦੁਸਹਿਰਾ ਸਮਾਗਮ ਦੀ ਸਮਾਪਤੀ 'ਤੇ ਦੇਰ ਸ਼ਾਮ 6:40 ਵਜੇ ਅਗਨ ਭੇਟ ਕਰਨ ਤੋਂ ਬਾਅਦ ਰਾਵਣ ਦਾ ਪੁਤਲਾ ਪਟਾਕਿਆਂ ਦੇ ਸ਼ੋਰ 'ਚ ਧੂ-ਧੂ ਕਰਕੇ ਜਲਦਾ ਹੋਇਆ। (ਫੋਟੋ ਤੇ ਵੇਰਵਾ : ਭੀਮ ਸੈਨ ਹਦਵਾਰੀਆ, ਲਹਿਰਾ ਮੁਹੱਬਤ)

# ਲੱਗੇ ਮੋਰਚੇ 'ਚ ਲਾਲਜੀਤ ਸਿੰਘ ਭੁੱਲਰ ਨੇ ਮਸਲੇ ਹੱਲ ਕਰਨ ਦਾ ਦਿਵਾਇਆ ਭਰੋਸਾ



**ਪੱਟੀ (ਸ਼ਮਸ਼ੇਰ ਸਿੰਘ ਯੋਧਾ, ਬਲਦੇਵ ਸਿੰਘ ਸੰਧੂ )** ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ (ਪੰਜਾਬ) ਦੀ ਅਗਵਾਈ ਹੇਠ ਪੱਟੀ ਜ਼ੋਨ ਵੱਲੋਂ ਐੱਸ ਡੀ ਐੱਮ ਦਫਤਰ ਪੱਟੀ ਅੱਗੇ ਲੱਗਾ ਮੋਰਚਾ 57ਵੇਂ ਦਿਨ ਵਿੱਚ ਦਾਖਲ ਹੋ ਗਿਆ। ਲੋਕਾਂ ਦੇ ਮਸਲਿਆਂ ਨੂੰ ਲੈ ਕੇ ਪੱਟੀ ਐੱਸ ਡੀ ਐੱਮ ਦਫਤਰ ਵਿੱਚ ਪ੍ਰਸ਼ਾਸਨ ਅਤੇ ਕਿਸਾਨਾਂ ਵਿਚਕਾਰ ਮੀਟਿੰਗ ਹੋਈ। ਮੀਟਿੰਗ ਵਿੱਚ ਟਰਾਂਸਪੋਰਟ ਮੰਤਰੀ ਅਤੇ ਹਲਕਾ ਵਿਧਾਇਕ ਲਾਲਜੀਤ ਸਿੰਘ ਭੁੱਲਰ ਮੌਜੂਦ ਰਹੇ। ਮੀਟਿੰਗ ਵਿੱਚ ਐੱਸ ਡੀ ਐੱਮ ਪੱਟੀ, ਤਹਿਸੀਲਦਾਰ ਪੱਟੀ, ਡਰੇਨ ਵਿਭਾਗ, ਡੀ ਐਸ ਪੀ ਪੱਟੀ, ਐੱਸ ਐੱਚ ਓ ਪੱਟੀ, ਐਕਸੀਅਨ ਪੱਟੀ ਤੋਂ ਇਲਾਵਾ ਹੋਰ ਮਹਿਕਮੇ ਮੌਜੂਦ ਰਹੇ। ਲਿਖਤੀ ਪ੍ਰੈੱਸ ਨੋਟ ਜਾਰੀ ਕਰਦਿਆਂ ਕਿਸਾਨ ਆਗੂ ਗੁਰਭੇਜ ਸਿੰਘ ਧਾਰੀਵਾਲ, ਤਰਸੇਮ ਸਿੰਘ ਧਾਰੀਵਾਲ, ਸਵਰਣ ਸਿੰਘ ਹਰੀਕੇ, ਸਤਨਾਮ ਸਿੰਘ ਹਰੀਕੇ, ਚਾਨਣ ਸਿੰਘ ਬੰਗਲਾ ਰਾਏ, ਹਰਵਿੰਦਰ ਸਿੰਘ ਆਸਲ, ਰੂਪ ਸਿੰਘ ਸੈਦੋ, ਗੁਰਜੰਟ ਸਿੰਘ ਭੱਗੂਪੁਰ ਨੇ ਦੱਸਿਆ ਕਿ ਮੰਤਰੀ ਲਾਲਜੀਤ ਸਿੰਘ ਭੁੱਲਰ ਵੱਲੋਂ ਇੱਕ ਹਫਤੇ ਦਾ ਇਕਰਾਰ ਕਰਕੇ ਵਿਸ਼ਵਾਸ ਦਿਵਾਇਆ ਹੈ ਕਿ ਸਾਰੇ ਮਸਲਿਆਂ ਦੇ ਹੱਲ ਕੀਤੇ ਜਾਣਗੇ, ਮੀਟਿੰਗ ਵਿੱਚ ਪਿੰਡ ਸੀਤੋ ਨੌ ਬਾਅਦ ਰੋਹੀ ਦੀ ਨਿਸ਼ਾਨਦੇਹੀ ਕਰਕੇ ਖਲਵਾਈ ਕਰਵਾਉਣ ਸੰਬੰਧੀ ਖੇਮਕਰਨ ਤੋਂ ਪੱਟੀ ਰੋਡ ਵਿੱਚ ਟੋਏ, ਰੁੱਖ ,ਖੰਭੇ ਆਦਿ ਹਟਾਉਣ ਸੰਬੰਧੀ, ਪਿੰਡ ਭੱਗੂਪੁਰ ਸੰਗਵਾਂ ਵਾਲੀ ਸੜਕ ਮੁਕੰਮਲ ਬਣਾਉਣ ਸੰਬੰਧੀ, ਪਿੰਡ ਦੁੱਬਲੀ ਗਊਸ਼ਾਲਾ ਦੇ ਪ੍ਰਬੰਧਾਂ ਸਬੰਧੀ ਖੁੱਲ੍ਹ ਕੇ ਵਿਚਾਰ ਵਟਾਂਦਰਾ ਕੀਤਾ ਗਿਆ। ਕਿਸਾਨ ਆਗੂਆਂ ਨੇ ਕਿਹਾ ਕਿ ਮੰਤਰੀ ਲਾਲਜੀਤ ਸਿੰਘ ਭੁੱਲਰ ਵੱਲੋਂ ਵਿਸ਼ਵਾਸ ਦਿਵਾਇਆ ਗਿਆ ਪਰ ਕੋਈ ਠੋਸ ਹੱਲ ਨਿਕਲਦਾ ਨਜ਼ਰ ਨਹੀਂ ਆ ਰਿਹਾ, ਇਸ ਲਈ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਵੱਲੋਂ ਸੂਬਾ ਅਤੇ ਜ਼ਿਲ੍ਹਾ ਕਮੇਟੀ ਨਾਲ ਵਿਚਾਰ ਕਰਨ ਤੋਂ ਬਾਅਦ ਪੱਟੀ ਐੱਸ ਡੀ ਐੱਮ ਦਫਤਰ ਅੱਗੇ ਧਰਨਾ ਜਾਰੀ ਰੱਖਣ ਦਾ ਫੈਸਲਾ ਕੀਤਾ ਗਿਆ। ਕਿਸਾਨ ਆਗੂਆਂ ਨੇ ਕਿਹਾ ਕਿ ਜੇਕਰ ਮੰਤਰੀ ਲਾਲਜੀਤ ਸਿੰਘ ਭੁੱਲਰ ਅਤੇ ਪ੍ਰਸ਼ਾਸਨ ਨੇ ਇੱਕ ਹਫਤੇ ਅੰਦਰ ਕੰਮਾਂ ਦੀ ਸ਼ੁਰੂਆਤ ਨਾ ਕੀਤੀ ਤਾਂ ਜ਼ਿਲ੍ਹਾ ਮੀਟਿੰਗ ਸੱਦ ਕੇ ਵੱਡੇ ਸੰਘਰਸ਼ ਦਾ ਐਲਾਨ ਕੀਤਾ ਜਾਵੇਗਾ। ਇਸ ਮੌਕੇ ਖਜਾਨ ਸਿੰਘ ਕਿਰਤੋਵਾਲ, ਜਰਨੈਲ ਸਿੰਘ ਧਾਰੀਵਾਲ, ਬਲਜਿੰਦਰ ਸਿੰਘ ਧਾਰੀਵਾਲ, ਅਮਰਜੀਤ ਸਿੰਘ ਸਭਰਾ, ਸਾਬ ਸਿੰਘ ਠੱਕਰਪੁਰਾ, ਮਹਾਵੀਰ ਸਿੰਘ ਠੱਕਰਪੁਰਾ, ਦਲਜੀਤ ਸਿੰਘ ਹਰੀਕੇ, ਸੁਖਬੀਰ ਸਿੰਘ ਢਿੱਲੋਂ, ਸੁਖਚੈਨ ਸਿੰਘ ਪੱਟੀ ਆਦਿ ਹਾਜ਼ਰ ਰਹੇ।

## ਪ੍ਰੈਸ ਕਲੱਬ ਜੰਡਿਆਲਾ ਗੁਰੂ ਵੱਲੋਂ ਸਰਕਾਰੀ ਸਕੂਲ ਨੂੰ ਇਨਵਰਟਰ ਦੀ ਸੇਵਾ

**ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)**- ਜੰਡਿਆਲਾ ਗੁਰੂ ਪ੍ਰੈਸ ਕਲੱਬ ਵਲੋਂ ਸਰਕਾਰੀ ਐਲੀਮੈਂਟਰੀ ਸਕੂਲ 1 ਡਾਕਖਾਨਾ ਦੇ ਨਜ਼ਦੀਕ ਕਮੇਟੀ ਘਰ ਦੇ ਪਿੱਛੇ ਵਰਿੰਦਰ ਸਿੰਘ ਮਲਹੋਤਰਾ ਦੀ ਅਗਵਾਈ ਹੇਠ 800 ਕਿੱਲੋਵਾਟ ਦੀ ਬੈਟਰੀ ਅਤੇ ਇਨਵਰਟਰ ਦੀ ਸੇਵਾ ਕੀਤੀ ਗਈ। ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਪ੍ਰੈਸ ਕਲੱਬ ਦੇ ਪ੍ਰਧਾਨ ਵਰਿੰਦਰ ਸਿੰਘ ਮਲਹੋਤਰਾ ਨੇ ਦੱਸਿਆ ਕਿ ਪਿਛਲੇ ਦਿਨੀਂ ਸਕੂਲ ਪਹੁੰਚਣ 'ਤੇ ਦੇਖਿਆ ਕਿ ਸਕੂਲ ਵਿਚ ਨਵੇਂ ਨਵੇਂ ਕੰਪਿਊਟਰ ਸਰਕਾਰ ਵਲੋਂ ਲਗਾਏ ਗਏ ਸੀ ਪਰ ਅਚਾਨਕ ਬਿਜਲੀ ਜਾਣ ਮਗਰੋਂ ਕੰਪਿਊਟਰ ਬੰਦ ਹੋ ਜਾਣ ਕਰਕੇ ਬੱਚਿਆਂ ਨੂੰ ਪੜ੍ਹਨ ਵਿਚ ਪ੍ਰੇਸ਼ਾਨੀ ਹੁੰਦੀ ਸੀ। ਇਸ ਦੌਰਾਨ ਜੰਡਿਆਲਾ ਪ੍ਰੈਸ ਕਲੱਬ ਵਲੋਂ ਇਨਵਰਟਰ ਦੀ ਸੁਵਿਧਾ ਪ੍ਰਦਾਨ ਕੀਤੀ ਗਈ। ਇਸ ਮੌਕੇ ਗੁਰਜੀਤ ਸਿੰਘ ਸੀ.ਐਚ.ਟੀ,ਜਤਿੰਦਰਪਾਲ ਸਿੰਘ,ਹਰਦੀਪ ਸਿੰਘ,ਸੰਦੀਪ ਕੌਰ,ਕੰਵਲਜੀਤ ਕੌਰ,ਦਰਸ਼ਨ ਕੌਰ,ਗੁਰਪ੍ਰੀਤ ਕੌਰ,ਮਨਜੀਤ ਪਾਲ ਕੌਰ,ਅਮਨਪ੍ਰੀਤ ਕੌਰ , ਪ੍ਰੈਸ ਕਲੱਬ ਵੱਲੋਂ ਚੇਅਰਮੈਨ ਸੁਨੀਲ ਦੇਵਗਨ,ਹਰਿੰਦਰ ਪਾਲ ਸਿੰਘ ,ਕੁਲਵੰਤ ਸਿੰਘ ਵਿਰਦੀ,ਅਨਿਲ ਕੁਮਾਰ,ਰੋਕੀ ਜੈਨ,ਸੋਨੂੰ ਮਿਗਲਾਨੀ,ਮਨੀਸ਼ ਜੈਨ,ਪਿੰਕੂ ਆਨੰਦ,ਮਨੀਸ਼ ਸ਼ਰਮਾ,ਸੰਦੀਪ ਜੈਨ,ਅੰਗ੍ਰੇਜ ਸੂਰੀ ਆਦਿ ਮੌਜੂਦ ਸਨ।



## ਬਾਬਾ ਬਿਲਗਾ ਦੇ ਛੋਟੇ ਪੁੱਤਰ ਦੇ ਦੇਹਾਂਤ 'ਤੇ ਗਹਿਰੇ ਦੁੱਖ ਦਾ ਪ੍ਰਗਟਾਵਾ

**ਗੁਰਦਾਸਪੁਰ (ਜਨਕ ਮਹਾਜਨ)**-ਦੇਸ਼ ਭਗਤ ਯਾਦਗਰ ਕਮੇਟੀ ਦੇ ਲੰਮਾ ਸਮਾਂ ਪ੍ਰਧਾਨ ਰਹੇ ਬਾਬਾ ਭਗਤ ਸਿੰਘ ਬਿਲਗਾ ਦੇ ਛੋਟੇ ਪੁੱਤਰ ਗੁਰਪ੍ਰੇਮ ਸਿੰਘ ਸੰਘੇੜਾ ਦੇ ਅਚਾਨਕ ਸਦੀਵੀ ਵਿਛੋੜੇ ਤੇ ਜ਼ਿਲ੍ਹਾ ਸਾਹਿਤ ਕੇਂਦਰ ਗੁਰਦਾਸਪੁਰ ਦੇ ਸਮੂਹ ਮੈਂਬਰਾਂ ਵਲੋਂ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ। ਉਨਾ ਦੇ ਪਰਿਵਾਰਕ ਮੈਂਬਰ ਸ਼੍ਰੀਮਤੀ ਕੁਲਵਿੰਦਰ ਕੌਰ ਤੇ ਪ੍ਰੋਫੈਸਰ ਗੋਪਾਲ ਬੁੱਟਰ ਦੇ ਨਾਲ ਸਮੂਹ ਪਰਿਵਾਰ ਮੈਂਬਰਾਂ ਨਾਲ ਗਹਿਰੀ ਸੰਵੇਦਨਾ ਦਾ ਇਜ਼ਹਾਰ ਕੀਤਾ ਗਿਆ। ਪਰਿਵਾਰ ਨਾਲ ਦੁੱਖ ਸਾਂਝਾ ਕਰਨ ਵਾਲਿਆਂ ਵਿਚ ਸੁਲੱਖਣ ਸਰਹੱਦੀ, ਡਾ. ਲੇਖ ਰਾਜ, ਮੱਖਣ ਸਿੰਘ ਕੁਹਾੜ, ਮੰਗਤ ਚੰਚਲ, ਤਰਸੇਮ ਸਿੰਘ ਭੰਗੂ, ਸੀਤਲ ਗੁਨੋਪੁਰੀ, ਸੁਭਾਸ਼ ਦੀਵਾਨਾ, ਗੁਰਪ੍ਰੀਤ ਰੰਗੀਲਪੁਰ, ਸੁਖਜਿੰਦਰ ਰੰਧਾਵਾਂ, ਗੁਰਮੀਤ ਬਾਜਵਾ, ਬੂਟਾ ਰਾਮ ਆਜ਼ਾਦ, ਜਤਿੰਦਰ ਭਨੋਟ, ਕਪੂਰ ਸਿੰਘ ਘੁੰਮਣ, ਸੋਹਣ ਸਿੰਘ ਅਤੇ ਮੰਗਲਦੀਪ ਆਦਿ ਸ਼ਾਮਲ ਸਨ।

# ਸ਼ਤਾਬਦੀ ਸਮਾਗਮਾਂ ਦੇ ਮੱਦੇਨਜ਼ਰ ਸ਼੍ਰੋਮਣੀ ਕਮੇਟੀ ਵਫ਼ਦ ਗੁਰਦੁਆਰਾ ਸ੍ਰੀ ਪੰਜਾ ਸਾਹਿਬ ਪੁੱਜਾ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**
ਸ਼ਹੀਦੀ ਸਾਕਾ ਸ੍ਰੀ ਪੰਜਾ ਸਾਹਿਬ ਦੀ 100 ਸਾਲਾ ਸ਼ਤਾਬਦੀ ਦੇ ਸਮਾਗਮਾਂ ਸਬੰਧੀ ਪ੍ਰਬੰਧਾਂ ਨੂੰ ਲੈ ਕੇ ਪਾਕਿਸਤਾਨ ਗਏ ਸ਼੍ਰੋਮਣੀ ਕਮੇਟੀ ਦੇ ਵਫ਼ਦ ਨੇ ਅੱਜ ਹਸਨ ਅਬਦਾਲ ਵਿਖੇ ਗੁਰਦੁਆਰਾ ਸ੍ਰੀ ਪੰਜਾ ਸਾਹਿਬ ਦੇ ਦਰਸ਼ਨ ਕੀਤੇ ਅਤੇ ਸਥਾਨਕ ਪ੍ਰਬੰਧਕਾਂ ਨਾਲ ਸ਼ਤਾਬਦੀ ਸਮਾਗਮਾਂ ਬਾਰੇ ਵਿਚਾਰ ਵਟਾਂਦਰਾ ਕੀਤਾ। ਵਫ਼ਦ ਮੈਂਬਰਾਂ ਨੇ ਹਸਨ ਅਬਦਾਲ ਦੇ ਰੇਵਲੇ ਸਟੇਸ਼ਨ 'ਤੇ ਕੀਤੇ ਜਾਣ ਵਾਲੇ ਕੀਰਤਨ ਸਮਾਗਮ ਲਈ ਜਗ੍ਹਾ ਦਾ ਜਾਇਜ਼ਾ ਵੀ ਲਿਆ। ਦੱਸਣਯੋਗ ਹੈ ਕਿ ਸ਼ਤਾਬਦੀ ਸਬੰਧੀ ਗੁਰਦੁਆਰਾ ਸ੍ਰੀ ਪੰਜਾ ਸਾਹਿਬ ਵਿਖੇ ਮੁੱਖ ਸਮਾਗਮ ਦੇ ਨਾਲ-ਨਾਲ ਸਾਕੇ ਵਾਲੇ ਸਥਾਨ ਹਸਨ ਅਬਦਾਲ ਦੇ ਰੇਲਵੇ ਸਟੇਸ਼ਨ 'ਤੇ ਇਕ ਘੰਟੇ ਦਾ ਕੀਰਤਨ ਦਰਬਾਰ ਕਰਨ ਦੀ ਵੀ ਯੋਜਨਾ ਹੈ। ਸ਼੍ਰੋਮਣੀ ਕਮੇਟੀ ਦੇ ਵਫ਼ਦ ਮੈਂਬਰਾਂ ਜਨਰਲ ਸਕੱਤਰ ਜਥੇਦਾਰ ਕਰਨੈਲ ਸਿੰਘ ਪੰਜੋਲੀ, ਸਾਬਕਾ ਸੀਨੀਅਰ ਮੀਤ ਪ੍ਰਧਾਨ ਭਾਈ ਰਾਜਿੰਦਰ ਸਿੰਘ ਮਹਿਤਾ, ਧਰਮ ਪ੍ਰਚਾਰ ਕਮੇਟੀ ਮੀਤ ਸਕੱਤਰ ਸ. ਬਲਵਿੰਦਰ ਸਿੰਘ ਕਾਹਲਵਾਂ ਅਤੇ ਯਾਤਰਾ ਵਿਭਾਗ ਦੇ ਇੰਚਾਰਜ ਸ. ਰਾਜਿੰਦਰ ਸਿੰਘ ਰੂਬੀ ਨੇ ਸਥਾਨਕ ਪ੍ਰਬੰਧਕਾਂ ਨਾਲ ਸਮਾਗਮਾਂ ਦੇ ਪ੍ਰਬੰਧਾਂ ਲਈ ਗੱਲਬਾਤ ਕੀਤੀ ਅਤੇ ਨੇੜਲੇ ਇਲਾਕਿਆਂ ਵਿਚੋਂ ਸਿੱਖ ਸੰਗਤਾਂ ਨੂੰ ਸ਼ਤਾਬਦੀ ਬਾਰੇ ਜਾਗਰੂਕ ਕਰਨ ਲਈ ਪ੍ਰੇਰਿਤ ਕੀਤਾ। ਜਾਣਕਾਰੀ ਦਿੰਦਿਆਂ ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਅਤੇ ਵਫ਼ਦ ਮੈਂਬਰ ਜਥੇਦਾਰ ਕਰਨੈਲ ਸਿੰਘ ਪੰਜੋਲੀ ਅਤੇ ਮੈਂਬਰ ਭਾਈ ਰਾਜਿੰਦਰ ਸਿੰਘ ਮਹਿਤਾ ਨੇ ਦੱਸਿਆ ਕਿ ਗੁਰਦੁਆਰਾ ਸ੍ਰੀ ਪੰਜਾ ਸਾਹਿਬ ਦੇ ਗ੍ਰੰਥੀ ਭਾਈ ਰਣਜੀਤ ਸਿੰਘ ਤੇ ਭਾਈ ਕੁਲਬੀਰ ਸਿੰਘ, ਸਥਾਨਕ ਸਿੱਖ ਆਗੂ ਭਾਈ ਸੰਤੋਖ ਸਿੰਘ ਤੇ ਹੋਰਨਾਂ ਪ੍ਰਮੁੱਖ ਸਿੱਖਾਂ ਨਾਲ ਜਾ ਕੇ ਰੇਲਵੇ ਸਟੇਸ਼ਨ ਹਸਨ ਅਬਦਾਲ ਵਿਖੇ ਕੀਤੇ ਜਾਣ ਵਾਲੇ ਕੀਰਤਨ ਸਮਾਗਮ ਲਈ ਸਥਾਨ ਦਾ ਜਾਇਜ਼ਾ ਲਿਆ ਗਿਆ ਹੈ ਤਾਂ ਜੋ ਇਥੇ ਪ੍ਰਭਾਵਸ਼ਾਲੀ ਢੰਗ ਨਾਲ ਸਮਾਗਮ ਕੀਤਾ ਜਾ ਸਕੇ। ਇਸ ਦੌਰਾਨ ਸ਼੍ਰੋਮਣੀ ਕਮੇਟੀ ਵੱਲੋਂ ਗਏ ਨੁਮਾਇੰਦਿਆਂ ਨੂੰ ਗੁਰਦੁਆਰਾ ਸ੍ਰੀ ਪੰਜਾ ਸਾਹਿਬ ਵਿਖੇ ਗੁਰੂ ਬਖ਼ਸ਼ਿਸ਼ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ।



# ਸਿੱਖਿਆ ਦੇ ਖੇਤਰ ਨੂੰ ਉੱਚਾ ਚੁੱਕਣ 'ਚ ਨਹੀਂ ਛੱਡਾਂਗੇ ਕੋਈ ਕਸਰ : ਈ ਟੀ ਓ

**ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)**
ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਦੀ ਅਗਵਾਈ ਹੇਠ ਆਮ ਆਦਮੀ ਪਾਰਟੀ ਦੀ ਸਰਕਾਰ ਸਿੱਖਿਆ ਅਤੇ ਸਿਹਤ ਦੇ ਖੇਤਰ ਨੂੰ ਉੱਚਾ ਚੁਕਣ ਵਿੱਚ ਕੋਈ ਕਸਰ ਨਹੀਂ ਛਡੇਗੀ, ਕਿਉਂਕਿ ਸਿਹਤ ਪਖੋਂ ਤੰਦਰੁਸਤ ਬੱਚਾ ਹੀ ਚੰਗੀ ਸਿੱਖਿਆ ਹਾਸਲ ਕਰ ਸਕਦਾ ਹੈ। ਇਨਾਂ ਸ਼ਬਦਾਂ ਦਾ ਪ੍ਰਗਟਾਵਾ ਹਰਭਜਨ ਸਿੰਘ ਈ.ਟੀ.ਓ. ਕੈਬਨਿਟ ਮੰਤਰੀ ਪੰਜਾਬ ਨੇ ਵਿਧਾਨ ਸਭਾ ਹਲਕਾ ਜੰਡਿਆਲਾ ਗੁਰੂ ਦੇ ਅਧੀਨ ਪੈਂਦੇ ਪਿੰਡ ਜਾਨੀਆ ਦੇ ਸਰਕਾਰੀ ਐਲੀਮੈਂਟਰੀ ਸਕੂਲ ਵਿਖੇ 12.50 ਲੱਖ ਰੁਪਏ ਦੀ ਲਾਗਤ ਨਾਲ ਵਿਸੇਸ ਤੌਰ 'ਤੇ ਹੋਣ ਵਾਲੀ ਰਿਪੇਅਰ ਦੇ ਕੰਮ ਦਾ ਨੀਂਹ ਪੱਥਰ ਰੱਖਣ ਸਮੇਂ ਕੀਤਾ। ਈ.ਟੀ.ਓ. ਨੇ ਕਿਹਾ ਕਿ ਰਾਜ ਦੇ ਸਾਰੇ ਸਰਕਾਰੀ ਸਕੂਲਾਂ ਵਿੱਚ ਬੁਨਿਆਦੀ ਢਾਂਚਾ ਮੁਹੱਈਆ ਕਰਵਾਇਆ ਜਾ ਰਿਹਾ ਹੈ ਤਾਂ ਜੋ ਸਕੂਲੀ ਬੱਚਿਆਂ ਨੂੰ ਕਿਸੇ ਤਰ੍ਹਾਂ ਦੀ ਮੁਸਕਿਲ ਦਾ ਸਾਹਮਣਾ ਨਾ ਕਰਨਾ ਪਵੇ। ਉਨਾਂ ਕਿਹਾ ਕਿ ਸਕੂਲ ਹੀ ਇਕ ਅਜਿਹਾ ਮੰਦਰ ਹੈ, ਜਿਸ ਵਿਚੋਂ ਬੱਚਾ ਸਿੱਖਿਆ ਪ੍ਰਾਪਤ ਕਰਕੇ ਆਪਣਾ ਜੀਵਨ ਪੱਧਰ ਉੱਚਾ ਚੁਕਣ ਦੇ ਨਾਲ ਨਾਲ ਇਕ ਚੰਗੇ ਸਮਾਜ ਦੀ ਸਥਾਪਨਾ ਵਿੱਚ ਵੀ ਅਹਿਮ ਭੂਮਿਕਾ ਨਿਭਾਉਂਦਾ ਹੈ। ਹਰਭਜਨ ਸਿੰਘ ਨੇ ਸਕੂਲ ਦਾ ਨਿਰੀਖਣ ਵੀ ਕੀਤਾ ਅਤੇ ਸਬੰਧਤ ਅਧਿਕਾਰੀਆਂ ਨੂੰ ਨਿਰਦੇਸ ਦਿੱਤੇ ਕਿ ਸਕੂਲ ਦੇ ਨਿਰਮਾਣ ਕਾਰਜਾਂ ਵਿੱਚ ਤੇਜੀ ਲਿਆਂਦੀ ਜਾਵੇ ਅਤੇ ਸਾਰੇ ਕੰਮ ਗੁਣਵੱਤਾ ਭਰਪੂਰ ਕਰਵਾਏ ਜਾਣ। ਇਸ ਮੌਕੇ ਜਾਨੀਆ ਪਿੰਡ ਦੇ ਸਰਪੰਚ ਸ: ਸਤਿੰਦਰਬੀਰ ਸਿੰਘ ਨੇ ਪਿੰਡ ਦੀਆਂ ਸਮੱਸਿਆਵਾਂ ਬਾਰੇ ਵੀ ਦੱਸਿਆ, ਜਿਸ ਤੇ ਈ.ਟੀ.ਓ. ਨੇ ਕਿਹਾ ਕਿ ਸਾਰੀਆਂ ਸਮੱਸਿਆਵਾਂ ਨੂੰ ਜਲਦੀ ਹੀ ਹੱਲ ਕੀਤਾ ਜਾਵੇਗਾ ਅਤੇ ਸਾਰੇ ਪਿੰਡਾਂ ਨੂੰ ਇਕ ਆਦਰਸ ਪਿੰਡ ਬਣਾਇਆ ਜਾਵੇਗਾ। ਇਸ ਮੌਕੇ ਸਿੱਖਿਆ ਵਿਭਾਗ ਦੇ ਅਧਿਕਾਰੀਆਂ ਵਲੋਂ ਕੈਬਨਿਟ ਮੰਤਰੀ ਸ: ਹਰਭਜਨ ਸਿੰਘ ਨੂੰ ਸਨਮਾਨਤ ਵੀ ਕੀਤਾ ਗਿਆ। ਇਸ ਮੌਕੇ ਉਨਾਂ ਦੇ ਨਾਲ ਉਨਾਂ ਦੀ ਧਰਮ ਪਤਨੀ ਸ੍ਰੀਮਤੀ ਸੁਹਿੰਦਰ ਕੌਰ, ਐਸ.ਈ. ਇੰਦਰਜੀਤ ਸਿੰਘ, ਐਕਸੀਐਨ ਇੰਦਰਜੀਤ ਸਿੰਘ, ਯਾਦਵਿੰਦਰ ਸਿੰਘ, ਬਲਾਕ ਸਿੱਖਿਆ ਅਫਸਰ ਸ੍ਰੀ ਯਸਪਾਲ, ਹੈਡ ਟੀਚਰ ਜਗਰੂਪ ਕੌਰ, ਪਰਦੀਪ ਕੌਰ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਹਾਜਰ ਸਨ।



## ਸੁਪਰੀਮ ਕੋਰਟ ਖਿਲਾਫ ਰੋਸ ਮਾਰਚ ਸੰਬੰਧੀ ਹਲਕਾ ਖਡੂਰ 'ਚ ਭਾਰੀ ਉਤਸ਼ਾਹ : ਔਲਖ, ਲਹੌਰੀਆ

**ਸ੍ਰੀ ਗੋਇੰਦਵਾਲ ਸਾਹਿਬ (ਕਾਬਲ ਸਿੰਘ ਮੱਲ੍ਹੀ)**
ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਖਡੂਰ ਸਾਹਿਬ ਦੇ ਸੀਨੀਅਰ ਆਗੂ ਕੁਲਦੀਪ ਸਿੰਘ ਔਲਖ ਨੇ ਕਿਹਾ ਕਿ ਪਿਛਲੇ ਦਿਨੀਂ ਸੁਪਰੀਮ ਕੋਰਟ ਵੱਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਖਿਲਾਫ ਲਏ ਫੈਸਲੇ ਵਿਰੁੱਧ ਸਿੱਖਾਂ ਵਿੱਚ ਭਾਰੀ ਰੋਸ ਹੈ ਅਤੇ 7 ਅਕਤੂਬਰ ਨੂੰ ਪੰਜਾਬ ਵਿੱਚ ਦੋ ਤਖਤਾਂ, ਤਖਤ ਸ੍ਰੀ ਕੇਸਗੜ੍ਹ ਸਾਹਿਬ, ਸ੍ਰੀ ਅਨੰਦਪੁਰ ਸਾਹਿਬ ਤੇ ਤਖਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਤੋਂ ਕੱਢੇ ਜਾ ਰਹੇ ਰੋਸ ਮਾਰਚ ਸੰਬੰਧੀ ਹਲਕਾ ਖਡੂਰ ਸਾਹਿਬ ਦੀਆਂ ਸੰਗਤਾਂ ਵਿੱਚ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਖਿਲਾਫ ਕੋਈ ਵੀ ਫੈਸਲਾ ਸਵੀਕਾਰ ਨਹੀਂ ਕਰੇਗਾ, ਸਰਕਾਰ ਅਤੇ ਦੇਸ਼ ਦੀ ਨਿਆਂ ਪ੍ਰਣਾਲੀ ਸਿੱਖਾਂ 'ਤੇ ਨਵੇਂ ਨਵੇਂ ਤਜਰਬੇ ਕਰਨ ਤੋਂ ਗੁਰੇਜ਼ ਕਰੇ ਨਹੀਂ ਤਾਂ ਇਸ ਦੇ ਨਤੀਜੇ ਗੰਭੀਰ ਨਿਕਲਣਗੇ ਜਿਸ ਦੀ ਜ਼ਿੰਮੇਵਾਰੀ ਸਰਕਾਰ ਦੀ ਹੋਵੇਗੀ, ਸੁਪਰੀਮ ਕੋਰਟ ਵੱਲੋਂ ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹੱਕ ਵਿੱਚ ਦਿੱਤੇ ਫੈਸਲੇ ਕਾਰਨ ਸਿੱਖਾਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ, ਕੇਂਦਰ ਸਰਕਾਰ ਹਰ ਰੋਜ਼ ਸਿੱਖਾਂ ਦੇ ਅੰਦਰੂਨੀ ਮਾਮਲਿਆਂ ਵਿੱਚ ਦਖਲਅੰਦਾਜ਼ੀ ਕਰਦੀ ਆ ਰਹੀ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਯੂਥ ਅਕਾਲੀ ਦਲ ਦੇ ਜਰਨਲ ਸਕੱਤਰ ਕੁਲਦੀਪ ਸਿੰਘ ਲਾਹੌਰੀਆ, ਬਲਾਕ ਸੰਮਤੀ ਦੇ ਮੈਂਬਰ ਬਲਵਿੰਦਰ ਸਿੰਘ, ਜ਼ਿਲ੍ਹਾ ਜਨਰਲ ਸਕੱਤਰ ਵਰਿੰਦਰ ਸਿੰਘ ਜੋਤੀ, ਮੀਤ ਪ੍ਰਧਾਨ ਮੱਸਾ ਸਿੰਘ, ਮੈਂਬਰ ਪੰਚਾਇਤ ਹਰਜੀਤ ਸਿੰਘ, ਹਰਦੀਪ ਸਿੰਘ ਖੱਖ ਸੀਨੀਅਰ ਆਗੂ ਅਤੇ ਸ਼ਾਮ ਸਿੰਘ ਮੈਂਬਰ ਹਾਜ਼ਰ ਸਨ।



## ਗੁਰਦੁਆਰਾ ਬੀੜ ਬਾਬਾ ਬੁੱਢਾ ਤੋਂ ਸਜਾਏ ਵਿਸ਼ਾਲ ਨਗਰ ਕੀਰਤਨ ਦੇ ਅੱਡਾ ਝਬਾਲ ਪਹੁੰਚਣ 'ਤੇ ਚੀਮਾ ਵੱਲੋਂ ਸਵਾਗਤ

**ਝਬਾਲ (ਹਰਜਿੰਦਰ ਸਿੰਘ ਸੋਨੀ /ਗੌਬਿਨ ਸਿੰਘ ਸੋਨੀ)**
ਗੁਰਦੁਆਰਾ ਬੀੜ ਬਾਬਾ ਬੁੱਢਾ ਤੋਂ ਸਾਲਾਨਾ ਜੋੜ ਮੇਲੇ ਦੇ ਸੰਬੰਧ 'ਚ ਸਜਾਏ ਗਏ ਵਿਸ਼ਾਲ ਨਗਰ ਕੀਰਤਨ ਦਾ ਅੱਡਾ ਝਬਾਲ ਪਹੁੰਚਣ 'ਤੇ ਅੱਡਾ ਝਬਾਲ ਦੇ ਸਰਪੰਚ ਅਵਨ ਕੁਮਾਰ ਸੋਨੂੰ ਚੀਮਾ ਵੱਲੋਂ ਆਪਣੇ ਗ੍ਰਹਿ ਵਿਖੇ ਫਲਾਂ ਦੇ ਲੰਗਰ ਲਗਾਏ ਗਏ। ਇਸ ਮੌਕੇ ਉਨ੍ਹਾਂ ਵਲੋਂ ਸਾਹਿਬ-ਏ-ਕਮਾਲ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸੁੰਦਰ ਰੁਮਾਲਾ ਭੇਟ ਕੀਤਾ ਅਤੇ ਪੰਜ ਪਿਆਰੇ ਸ੍ਰੀ ਸਾਹਿਬ ਵਾਲੇ,ਪੰਜ ਪਿਆਰੇ ਨਿਸ਼ਾਨ ਸਾਹਿਬ ਵਾਲੇ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਬੈਠੇ ਸਿੰਘ ਗੁਰੂ ਘਰ ਦੀ ਬਖਸ਼ਿਸ਼ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸਰਪੰਚ ਸਰਵਣ ਸਿੰਘ ਸੋਹਲ,ਸਰਪੰਚ ਬਲਦੇਵ ਸਿੰਘ ਪੱਟੂ,ਪਹਿਲਵਾਨ ਮਲਕੀਤ ਸਿੰਘ ਚੀਮਾ, ਮੈਂਬਰ ਮੁਖਤਾਰ ਸਿੰਘ ਮੋਖੀ, ਮੈਂਬਰ ਮਨਜੀਤ ਸਿੰਘ ਭੋਜੀਆਂ, ਮੈਂਬਰ ਗੋਪੀ ਰਾਮ, ਜੀਤੀ ਪਹਿਲਵਾਨ ਗੰਡੀਵਿੰਡ, ਮਨਜਿੰਦਰ ਸਿੰਘ ਲਹਿਰੀ, ਭੁਪਿੰਦਰ ਸਿੰਘ ਘਈ, ਭਾਈ ਸਰਬਜੀਤ ਸਿੰਘ ਤਲਵੰਡੀ ਸਾਬੋ, ਖਾਲੜਾ ਮਿਸ਼ਨ ਕਮੇਟੀ ਬਲਵਿੰਦਰ ਸਿੰਘ ਝਬਾਲ, ਰਵਿੰਦਰ ਕੁਮਾਰ ਬਿੱਟੂ, ਅਮਨ ਝਬਾਲ, ਕਾਮਰੇਡ ਅਸ਼ੋਕ ਕੁਮਾਰ ਸੋਹਲ, ਚੇਅਰਮੈਨ ਕੁਲਵੰਤ ਸਿੰਘ ਢੰਡ, ਗਿੰਦਰ ਸਰਪੰਚ, ਗੁਰਬੀਰ ਸਿੰਘ ਢਾਲਾ, ਹਰਪਾਲ ਸਿੰਘ ਢਾਲਾ, ਸੂਰਜ ਸੂਦ,ਵਿਕਰਮ ਖੁੱਲਰ, ਅਕਸ਼ੈ ਖੁਲਰ, ਸਾਗਰ ਝਬਾਲ, ਬਿੱਟੂ ਹਲਵਾਈ, ਬਾਵਾ ਐਮਾਂ, ਸਰਬਜੀਤ ਸਿੰਘ ਗੰਡੀਵਿੰਡ ਜਿਊਲਰਜ਼, ਗੁਰਦਿਆਲ ਸਿੰਘ ਲਾਲੀ ਜਿਊਲਰਜ਼, ਮਲਿਕ ਕਲਾਥ ਹਾਊਸ, ਬੀ ਐਸ ਟੇਲਰ, ਕਾਮਰੇਡ ਦਵਿੰਦਰ ਸੋਹਲ, ਮਨੋਜ ਕੁਮਾਰ, ਗੋਪੀ ਡਰਾਈਵਰ, ਸ਼ੇਰੂ ਝਬਾਲ, ਦੁਪਿੰਦਰ ਸਿੰਘ ਜੱਜ, ਵਿਕਰਮਜੀਤ ਸਿੰਘ ਮਨੀ, ਪਿੰਕਪਾਲ ਸਿੰਘ ਚਾਹਲ, ਜੱਸਾ ਸਿੰਘ ਗਹਿਰੀ, ਏ ਕੇ ਮੈਡੀਕਲ ਸਟੋਰ, ਗੋਲਡੀ ਝਬਾਲ, ਰਾਮੇਸ਼ ਕੁਮਾਰ ਬੰਟੀ ਸ਼ਰਮਾ ਅਤੇ ਵੱਡੀ ਗਿਣਤੀ ਵਿੱਚ ਅੱਡਾ ਝਬਾਲ ਦੇ ਵਾਸੀ ਹਾਜ਼ਰ ਸਨ।



## ਗਾਂਧੀ ਜੈਯੰਤੀ ਦੇ ਸੰਬੰਧ 'ਚ ਕੁਸ਼ਟ ਆਸ਼ਰਮ ਵਿਖੇ ਕਰਵਾਇਆ ਜਾਗਰੂਕਤਾ ਸੈਮੀਨਾਰ

**ਪੱਟੀ, (ਬਲਦੇਵ ਸਿੰਘ ਸੰਧੂ /ਸ਼ਮਸ਼ੇਰ ਸਿੰਘ ਯੋਧਾ)**
ਕੁਸ਼ਟ ਰੋਗ ਦਾ ਜੇਕਰ ਸਹੀ ਸਮੇਂ ਸਿਰ ਇਲਾਜ ਹੋ ਜਾਵੇ ਤਾਂ ਮਰੀਜ ਸਾਰੀ ਉਮਰ ਦੀ ਅਪੰਗਤਾ ਤੋਂ ਬਚ ਸਕਦਾ ਹੈ। ਇਸ ਆਸ਼ੇ ਨੂੰ ਪੂਰਾ ਕਰਨ ਹਿਤ ਸਿਵਲ ਸਰਜਨ ਤਰਨ ਤਾਰਨ ਡਾ. ਸੀਮਾ ਦੀ ਪ੍ਰਧਾਨਗੀ ਹੇਠ ਗਾਂਧੀ ਜੈਯੰਤੀ ਦੇ ਸੰਬੰਧ ਵਿੱਚ ਸਥਾਨਕ ਕੁਸ਼ਟ ਆਸ਼ਰਮ ਵਿਖੇ ਕੁਸ਼ਟ ਰੋਗ ਦਾ ਕੈਂਪ ਲਗਾਇਆ ਗਿਆ। ਇਸ ਮੌਕੇ ਸੰਬੋਧਨ ਕਰਦਿਆਂ ਸਿਵਲ ਸਰਜਨ ਡਾ. ਸੀਮਾ ਨੇ ਕਿਹਾ ਕਿ ਕੁਸ਼ਟ ਰੋਗ ਜੋ ਕਿ ਇਲਾਜ ਯੋਗ ਹੈ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ ਇਸ ਬਿਮਾਰੀ ਦਾ ਜਿੰਨੀ ਜਲਦੀ ਸੰਭਵ ਹੋ ਸਕੇ ਪਤਾ ਲੱਗ ਜਾਵੇ ਤਾਂ ਮਰੀਜ਼ ਸਾਰੀ ਉਮਰ ਦੀ ਅੰਪਗਤਾ ਤੋਂ ਬਚ ਸਕਦਾ ਹੈ। ਉਹਨਾਂ ਕਿਹਾ ਕਿ ਇਸ ਸੰਬੰਧੀ ਮੁਫ਼ਤ ਦਵਾਈਆਂ ਅਤੇ ਸਾਰੇ ਹੀ ਸਰਕਾਰੀ ਹਸਪਤਾਲਾਂ ਤੋਂ ਮਿਲਦੀਆਂ ਹਨ। ਸਾਨੂੰ ਸਾਰਿਆਂ ਨੂੰ ਚਾਹੀਦਾ ਹੈ, ਜੇਕਰ ਸਾਨੂੰ ਕੁਸ਼ਟ ਰੋਗ ਦੇ ਲੱਛਣਾਂ ਵਾਲਾ ਕੋਈ ਵੀ ਵਿਅਕਤੀ ਆਪਣੇ ਆਲੇ ਦੁਆਲੇ ਨਜ਼ਰ ਆਉਂਦਾ ਹੈ ਤਾਂ ਉਸ ਨੂੰ ਅਸੀਂ ਨਜ਼ਦੀਕੀ ਸਿਹਤ ਕੇਂਦਰ ਵਿਚ ਜਾਣ ਲਈ ਪ੍ਰੇਰਿਤ ਕਰਾਂਗੇ ਅਤੇ ਕੁਸ਼ਟ ਰੋਗੀ ਦੇ ਨਾਲ ਹੋਣ ਵਾਲੇ ਸਮਾਜਿਕ ਭੇਦ-ਭਾਵ ਨੂੰ ਵੀ ਰੋਕਣ ਦੀ ਵੀ ਪੂਰੀ ਕੋਸ਼ਿਸ਼ ਕਰਾਂਗੇ। ਇਸ ਮੌਕੇ ਸਿਵਲ ਸਰਜਨ ਵਲੋਂ ਫਲ, ਫਰੂਟ ਅਤੇ ਦਵਾਈਆਂ ਵੰਡੀਆਂ ਗਈਆ। ਇਸ ਮੌਕੇ ਡਾ. ਸੁਖਜਿੰਦਰ, ਡਾ. ਅਮਨਦੀਪ, ਮਾਸ ਮੀਡੀਆਂ ਅਫਸਰ ਸੁਖਦੇਵ ਸਿੰਘ ਰੰਧਾਵਾ, ਮਨਿੰਦਰ ਹਾਜ਼ਰ ਸਨ।



## ਆਪ ਆਗੂ ਨਸ਼ਾ ਤਸਕਰਾਂ ਦੇ ਮਗਰ ਨਾ ਜਾਣ : ਰਸੂਲਪੁਰੀ

**ਨੌਸ਼ਹਿਰਾ ਪੰਨੂਆਂ (ਗੁਰਪ੍ਰੀਤ ਸਿੰਘ ਭਗਤ)** ਆਮ ਆਦਮੀ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ ਨਿਰਦੇਸ਼ਾਂ ਤੋਂ ਪੰਜਾਬ ਚੋਂ ਨਸ਼ਾ ਖਤਮ ਕਰਨ ਲਈ ਹਰ ਸੰਭਵ ਯਤਨ ਕੀਤੇ ਜਾ ਰਹੇ ਹਨ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਰਣਜੀਤ ਸਿੰਘ ਰਸੂਲਪੁਰੀ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਵਿਧਾਨ ਸਭਾ ਹਲਕਾ ਪੱਟੀ ਤੋਂ ਵਿਧਾਇਕ ਅਤੇ ਟਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ ਇਲੈਕਸ਼ਨ ਤੋਂ ਪਹਿਲਾਂ ਵੀ ਸਟੇਜ ਤੋਂ ਇਹੀ ਬੋਲਦੇ ਰਹੇ ਹਨ ਕਿ ਨਸ਼ਾ ਵੇਚਣ ਵਾਲੇ ਨਸ਼ਾ ਤਸਕਰ ਨੂੰ ਵੋਟਾਂ ਨਾ ਪਾਓ ਤੇ ਹੁਣ ਵੀ ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਆਪਣੀ ਆਮ ਆਦਮੀ ਪਾਰਟੀ ਦੇ ਸੀਨੀਅਰ ਅਧਿਕਾਰੀਆਂ ਤੇ ਪੁਲਸ ਨੂੰ ਨਿਰਦੇਸ਼ ਕੀਤੇ ਹਨ ਕਿ ਜੋ ਵੀ ਆਗੂ ਨਸ਼ਾ ਤਸਕਰਾਂ ਦੇ ਮਗਰ ਨਸ਼ਾ ਤਸਕਰ ਨੂੰ ਛੁਡਾਉਣ ਥਾਣੇ ਆਉਂਦਾ ਹੈ, ਉਸ ਖਿਲਾਫ ਵੀ ਮਾਮਲਾ ਦਰਜ ਕੀਤੇ ਜਾਣ। ਰਣਜੀਤ ਸਿੰਘ ਰਸੂਲਪੁਰੀ ਨੇ ਸਮੂਹ ਆਮ ਆਦਮੀ ਪਾਰਟੀ ਦੇ ਆਗੂਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਵੀ ਕਿਸੇ ਵੀ ਮਾੜੇ ਅਨਸਰ ਨਸ਼ਾ ਤਸਕਰ ਦੇ ਮਗਰ ਨਾ ਜਾਣ।

## ਅੱਜ ਤੇ ਕੱਲ੍ਹ ਬੀ.ਐੱਲ.ਓਜ਼ ਆਧਾਰ ਕਾਰਡ ਨੂੰ ਵੋਟਰ ਸੂਚੀਆਂ ਨਾਲ ਲਿੰਕ ਕਰਨਗੇ

**ਗੁਰਦਾਸਪੁਰ, (ਜਨਕ ਮਹਾਜਨ)**-ਭਾਰਤ ਚੋਣ ਕਮਿਸ਼ਨਰ ਦੀਆਂ ਹਦਾਇਤਾਂ ਅਨੁਸਾਰ ਮਿਤੀ 1 ਜਨਵਰੀ 2023 ਦੀ ਯੋਗਤਾ ਦੇ ਆਧਾਰ 'ਤੇ ਵੋਟਰ ਸੂਚੀਆਂ ਦੀ ਸੁਧਾਈ ਅਤੇ ਆਧਾਰ ਕਾਰਡ ਨੂੰ ਵੋਟਰ ਕਾਰਡ ਨਾਲ ਲਿੰਕ ਕਰਨ ਲਈ ਬੂਥ ਲੈਵਲ 'ਤੇ ਵਿਸ਼ੇਸ਼ ਕੈਂਪ ਲਗਾਏ ਜਾ ਰਹੇ ਹਨ। ਇਨ੍ਹਾਂ ਵਿਸ਼ੇਸ਼ ਕੈਂਪਾਂ ਵਿੱਚ ਬੂਥ ਲੈਵਲ ਅਫ਼ਸਰਾਂ ਵੱਲੋਂ ਵੋਟਰਾਂ ਦੇ ਘਰ-ਘਰ ਜਾ ਕੇ ਵੋਟਰਾਂ ਦੀ ਵੋਟ ਅਤੇ ਆਧਾਰ ਕਾਰਡ ਨੂੰ ਗਰੁੜਾ ਐਪ ਵਿਧੀ ਰਾਹੀਂ ਆਨ-ਲਾਈਨ ਕੀਤਾ ਜਾ ਰਿਹਾ ਹੈ। ਵਧੀਕ ਜ਼ਿਲ੍ਹਾ ਚੋਣ ਅਧਿਕਾਰੀ-ਕਮ-ਵਧੀਕ ਡਿਪਟੀ ਕਮਿਸ਼ਨਰ ਗੁਰਦਾਸਪੁਰ ਡਾ. ਨਿਧੀ ਕੁਮੁਦ ਨੇ ਇਸ ਸੰਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ 7 ਅਕਤੂਬਰ ਦਿਨ ਸ਼ੁਕਰਵਾਰ ਅਤੇ 8 ਅਕਤੂਬਰ 2022 ਦਿਨ ਸ਼ਨੀਵਾਰ ਨੂੰ ਸਵੇਰੇ 9 ਵਜੇ ਤੋਂ ਸ਼ਾਮ 5 ਵਜੇ ਤੱਕ ਜ਼ਿਲ੍ਹੇ ਦੇ ਸਮੂਹ ਪੋਲਿੰਗ ਬੂਥਾਂ ਦੇ ਬੀ.ਐੱਲ.ਓਜ਼ ਵੱਲੋਂ ਵੋਟਰਾਂ ਦੇ ਘਰ-ਘਰ ਜਾ ਕੇ ਅਧਾਰ ਕਾਰਡਾਂ ਦੇ ਡਾਟੇ ਨੂੰ ਵੋਟਰ ਸੂਚੀਆਂ ਨਾਲ ਲਿੰਕ ਕੀਤਾ ਜਾਵੇਗਾ। ਵਧੀਕ ਜ਼ਿਲ੍ਹਾ ਚੋਣ ਅਧਿਕਾਰੀ ਨੇ ਸਮੂਹ ਈ.ਆਰ.ਓਜ਼, ਸੈਕਟਰ ਅਫ਼ਸਰਾਂ ਅਤੇ ਸੁਪਰਵਾਈਜ਼ਰਾਂ ਨੂੰ ਹਦਾਇਤਾਂ ਦਿੱਤੀਆਂ ਹਨ ਕਿ ਉਹ 7 ਤੇ 8 ਅਕਤੂਬਰ ਨੂੰ ਇਹ ਯਕੀਨੀ ਬਣਾਉਣਗੇ ਕਿ ਬੀ.ਐੱਲ.ਓਜ਼ ਵੱਲੋਂ ਆਪਣੇ ਖੇਤਰਾਂ ਵਿੱਚ ਘਰ-ਘਰ ਜਾ ਕੇ ਆਧਾਰ ਕਾਰਡਾਂ ਦੇ ਡਾਟੇ ਨੂੰ ਵੋਟਰ ਸੂਚੀਆਂ ਨਾਲ ਲਿੰਕ ਕਰਨ। ਉਨ੍ਹਾਂ ਕਿਹਾ ਕਿ ਘੱਟ ਪ੍ਰਗਤੀ ਵਾਲੇ ਪੋਲਿੰਗ ਬੂਥਾਂ ਉੱਪਰ ਵਿਸ਼ੇਸ਼ ਧਿਆਨ ਦਿੱਤਾ ਜਾਵੇ। ਵਧੀਕ ਜ਼ਿਲ੍ਹਾ ਚੋਣ ਅਧਿਕਾਰੀ ਨੇ ਵੋਟਰਾਂ ਨੂੰ ਵੀ ਅਪੀਲ ਕੀਤੀ ਹੈ ਕਿ ਉਹ ਆਧਾਰ ਕਾਰਡ ਲਿੰਕ ਕਰਵਾਉਣ ਵਿੱਚ ਬੀ.ਐੱਲ.ਓਜ਼ ਨੂੰ ਸਹਿਯੋਗ ਕਰਨ।

## ਕਈ ਦੇਸ਼ਾਂ ਵਿਚਕਾਰ ਸਨਅਤੀ ਸੰਬੰਧ ਮਜ਼ਬੂਤ ਕਰੇਗਾ ਪਾਈਟੈਕਸ : ਵਧੀਕ ਡਿਪਟੀ ਕਮਿਸ਼ਨਰ




**ਅੰਮ੍ਰਿਤਸਰ, (ਨਰਿੰਦਰ ਸਿੰਘ)** - ਪੀ.ਐਚ.ਡੀ. ਚੈਂਬਰ ਆਫ਼ ਕਾਮਰਸ ਐਂਡ ਇੰਡਸਟਰੀ ਵਲੋਂ ਪੰਜਾਬ ਸਰਕਾਰ ਦੇ ਸਹਿਯੋਗ ਨਾਲ ਆਯੋਜਿਤ ਕੀਤੇ ਜਾ ਰਹੇ ਪੰਜਾਬ ਇੰਟਰਨੈਸ਼ਨਲ ਟ੍ਰੇਡ ਐਕਸਪੋ (ਪਾਈਟੈਕਸ) ਦੇ ਮਾਧਿਅਮ ਤੋਂ ਜਿਥੇ ਕਈ ਦੇਸ਼ਾਂ ਵਿਚ ਸਨਅਤੀ ਸੰਬੰਧ ਮਜ਼ਬੂਤ ਹੋਣਗੇ ਉਥੇ ਹੀ ਉਦਯੋਗ ਜਗਤ ਦੇ ਖੇਤਰ ਵਿਚ ਅੰਮ੍ਰਿਤਸਰ ਦਾ ਗਰਾਫ ਵੀ ਵਧੇਗਾ। ਉਕਤ ਵਿਚਾਰ ਅੰਮ੍ਰਿਤਸਰ ਦੇ ਵਧੀਕ ਡਿਪਟੀ ਕਮਿਸ਼ਨਰ ਸੁਰਿੰਦਰ ਸਿੰਘ ਨੇ ਅਧਿਕਾਰੀਆਂ ਨਾਲ ਪਾਈਟੈਕਸ ਮੇਲੇ ਦੀਆਂ ਤਿਆਰੀਆਂ ਸੰਬੰਧੀ ਮੀਟਿੰਗ ਕਰਦਿਆਂ ਪ੍ਰਗਟ ਕੀਤੇ। ਵਧੀਕ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ 15 ਸਾਲਾਂ ਦੌਰਾਨ ਪਾਈਟੈਕਸ ਨੇ ਪੰਜਾਬ ਹੀ ਨਹੀਂ ਬਲਕਿ ਵਿਦੇਸ਼ਾਂ ਵਿਚ ਵੀ ਆਪਣੀ ਵਿਲੱਖਣ ਪਹਿਚਾਣ ਬਣਾਈ ਹੈ, ਜਿਸ ਦੇ ਆਯੋਜਨ ਦਾ ਇਥੋਂ ਦੇ ਲੋਕਾਂ ਨੂੰ ਵੱਡੀ ਬੇਸਬਰੀ ਨਾਲ ਇੰਤਜ਼ਾਰ ਰਹਿੰਦਾ ਹੈ। ਉਨ੍ਹਾਂ ਅੰਮ੍ਰਿਤਸਰ ਵਾਸੀਆਂ ਨੂੰ ਇਸ ਸਮਾਗਮ ਵਿਚ ਵੱਧ ਚੜ੍ਹ ਕੇ ਹਿੱਸਾ ਲੈਣ ਦੀ ਅਪੀਲ ਕਰਦਿਆਂ ਕਿਹਾ ਕਿ ਇਹ ਸਮੁੱਚੇ ਅੰਮ੍ਰਿਤਸਰ ਵਾਸੀਆਂ ਲਈ ਮਾਣ ਦੀ ਗੱਲ ਹੈ ਕਿ ਪਾਈਟੈਕਸ ਵਰਗੇ ਪ੍ਰੋਗਰਾਮ ਦਾ ਆਯੋਜਨ ਇਥੇ ਕੀਤਾ ਜਾ ਰਿਹਾ ਹੈ। ਇਸ ਮੀਟਿੰਗ ਵਿੱਚ ਐਸ.ਪੀ.ਡੀ. ਸ: ਹਰਜੀਤ ਸਿੰਘ ਜਨਰਲ ਮੈਨੇਜਰ ਉਦਯੋਗ ਮਾਨਵਪ੍ਰੀਤ ਸਿੰਘ, ਜ਼ਿਲ੍ਹਾ ਲੋਕ ਸੰਪਰਕ ਅਫ਼ਸਰ ਸ਼ੇਰਜੰਗ ਸਿੰਘ ਹੁੰਦਲ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ।

## ਟਰੈਕਟਰ ਟੋਚਨ ਮੁਕਾਬਲਿਆਂ 'ਚ ਕਿਸਾਨਾਂ ਦਾ ਭਾਰੀ ਉਤਸ਼ਾਹ ਵੇਖਣ ਨੂੰ ਮਿਲਿਆ

**ਗੁਰਦਾਸਪੁਰ (ਜਨਕ ਮਹਾਜਨ)**
ਪੁਰਾਣਾ ਸ਼ਾਲਾ ਬਾਬਾ ਪੀਰੇ ਸ਼ਾਹ ਮਾਝਾ ਕਲੱਬ ਵਲੋਂ ਇਲਾਕੇ ਅੰਦਰ ਪਹਿਲੀ ਵਾਰ ਟਰੈਕਟਰ ਟੋਚਨ ਮੁਕਾਬਲੇ ਕਰਵਾਏ ਗਏ ਅਤੇ ਇਲਾਕੇ ਭਰ ਦੇ 150 ਦੇ ਕਰੀਬ ਟਰੈਕਟਰ ਚਾਲਕਾਂ ਨੇ ਭਾਗ ਲਿਆ। ਜਿਸ ਵਿਚ ਪਹਿਲੇ ਨੰਬਰ 'ਤੇ ਰੈਡ ਹਾਊਸ ਗੋਪੀ ਬਹਾਦਰ, ਦੂਜੇ ਨੰਬਰ 'ਤੇ ਫਤਿਹ ਫੋਰਨ ਪਾਵਰ ਬਰਾਬਰ ਜਦੋਂ ਕਿ ਤੀਜੇ ਨੰਬਰ 'ਤੇ ਰਸਿਅਨ ਟੈਂਕ 855 ਅਤੇ ਚੌਥੇ ਨੰਬਰ 'ਤੇ ਫੋਰਡ 700 ਵਾਲੇ ਰਹੇ। ਇਹ ਮੁਕਾਬਲੇ ਇਨੇ ਦਿਲਚਸਪ ਸਨ ਕਿ ਲੋਕਾਂ ਨੇ ਪੂਰਾ ਆਨੰਦ ਮਾਣਿਆ। ਇਹ ਮੁਕਾਬਲੇ ਪ੍ਰਧਾਨ ਸੁਰਿੰਦਰ ਜੱਜ, ਮੀਤ ਪ੍ਰਧਾਨ ਮਨਦੀਪ ਸਿੰਘ ਅਤੇ ਜਨਰਲ ਸਕੱਤਰ ਬਲਜਿੰਦਰ ਸਿੰਘ ਚੀਮਾ ਦੀ ਰਹਿਨੁਮਾਈ ਹੇਠ ਕਰਵਾਏ ਗਏ। ਉਨ੍ਹਾ ਦੱਸਿਆ ਕਿ ਟਰੈਕਟਰ ਟੋਚਨ ਮੁਕਾਬਲਿਆਂ ਵਿਚ ਕਿਸਾਨਾਂ ਦਾ ਭਾਰੀ ਉਤਸ਼ਾਹ ਵੇਖਣ ਨੂੰ ਮਿਲਿਆ ਅਤੇ ਕਈ ਟਰੈਕਟਰ ਚਾਲਕਾਂ ਨੂੰ ਬੇਰੰਗ ਵੀ ਮੁੜਨਾ ਪਿਆ। ਬਾਬਾ ਪੀਰੇ ਸ਼ਾਹ ਮਾਝਾ ਕਲੱਬ ਵਲੋਂ ਜੋ ਇਨਾਮ ਰੱਖੇ ਸਨ ਉਹ ਜੇਤੂ ਖਿਡਾਰੀਆਂ ਨੂੰ ਤਕਸੀਮ ਕੀਤੇ ਗਏ। ਇਸ ਸਮਾਗਮ ਵਿਚ ਵਧੇਰੇ ਯੋਗਦਾਨ ਸਕੱਤਰ ਸਰਬਜੀਤ ਸਿੰਘ ਲਾਲੀਆ, ਪ੍ਰੈਸ ਸਕੱਤਰ ਅਮਨਦੀਪ ਸਿੰਘ ਸੰਧੂ, ਮੁੱਖ ਸਲਾਹਕਾਰ ਗੁਰਪ੍ਰੀਤ ਸਿੰਘ ਗੋਪੀ, ਮੈਂਬਰ ਮਹਿੰਦਰ ਮਸੀਹ ਕਾਲਾ, ਖਜਾਨਚੀ ਪ੍ਰੀਤਮ ਸਿੰਘ ਬਾਜਵਾ, ਮੀਤ ਪ੍ਰਧਾਂਨ ਨਵਜੋਤ ਸਿੰਘ ਸੋਨੂੰ, ਮੈਂਬਰ ਨਵਜਿੰਦਰ ਸਿੰਘ, ਬਲਵੰਤ ਸਿੰਘ ਫਾਊਡੇਸ਼ਨ ਮੈਂਬਰ, ਬਿੰਨੀ ਅਮਰੀਕਾਂ ਅਤੇ ਕੈਪਟਨ ਪਿਆਰਾ ਸਿੰਘ ਦਾ ਵਧੇਰੇ ਯੋਗਦਾਨ ਰਿਹਾ ਹੈ।

## ਵੈਲਫੇਅਰ ਯੂਨੀਅਨ ਦਾ ਵਫ਼ਦ ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫ਼ਸਰ ਨੂੰ ਮਿਲਿਆ

**ਮਜੀਠਾ (ਮਨਮੋਹਨ ਸਿੰਘ ਢਿੱਲੋਂ)**
ਸਮਾਜਿਕ ਨਿਆਂ ਅਧਿਕਾਰਤਾ ਵੈੱਲਫੇਅਰ ਯੂਨੀਅਨ ਪੰਜਾਬ ਦੇ ਚੇਅਰਮੈਨ ਬਲਕਾਰ ਸਿੰਘ ਸਫਰੀ ਅਤੇ ਚੀਫ਼ ਆਰਗੇਨਾਈਜ਼ਰ ਕਰਨਰਾਜ ਸਿੰਘ ਗਿੱਲ ਦੀ ਪ੍ਰਧਾਨਗੀ ਹੇਠ ਜ਼ਿਲ੍ਹਾ ਇਕਾਈ ਅੰਮ੍ਰਿਤਸਰ ਯੂਨੀਅਨ ਦਾ ਵਫਦ ਜ਼ਿਲ੍ਹਾ ਸਿੱਖਿਆ ਦਫਤਰ (ਐਲੀ:) ਅੰਮ੍ਰਿਤਸਰ ਵੱਲੋਂ ਨਿਕਟ ਭਵਿੱਖ 'ਚ ਕੀਤੀਆਂ ਜਾ ਰਹੀਆਂ ਐਚ.ਟੀ/ਸੀ.ਐਚ.ਟੀ ਦੀਆਂ ਪਦਉੱਨਤੀਆਂ ਸਰਕਾਰ ਦੀਆਂ ਹਦਾਇਤਾਂ/ਨਿਯਮਾਂ ਅਨੁਸਾਰ ਕਰਵਾਉਣ ਸੰਬੰਧੀ ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫਸਰ ਅੰਮ੍ਰਿਤਸਰ ਆਸ਼ੀਸ਼ ਕਪੂਰ ਨੂੰ ਮੰਗ ਪੱਤਰ ਦੇਣ ਲਈ ਉਨ੍ਹਾਂ ਦੇ ਦਫਤਰ ਵਿਖੇ ਮਿਲਿਆ। ਇਸ ਮੌਕੇ ਸਮਾਜਿਕ ਨਿਆਂ, ਅਧਿਕਾਰਤਾ ਵੈੱਲਫੇਅਰ ਯੂਨੀਅਨ ਪੰਜਾਬ ਦੇ ਅਹੁਦੇਦਾਰਾਂ ਨੇ ਦੱਸਿਆ ਕਿ ਉਪਰੋਕਤ ਦਫਤਰ ਵੱਲੋਂ ਸਮੇਂ- ਸਮੇਂ ਕੀਤੀਆਂ ਜਾਂਦੀਆਂ ਹੈੱਡਟੀਚਰ ਅਤੇ ਸੈਂਟਰ ਹੈੱਡਟੀਚਰ ਦੀਆਂ ਪਦਉੱਨਤੀਆਂ ਮੌਕੇ ਰੋਸਟਰ (ਰਜਿ:) ਤਰੱਕੀਆਂ ਕਦੇ ਵੀ ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫਸਰ ਅੰਮ੍ਰਿਤਸਰ ਪਾਸੋਂ ਸਰਕਾਰ ਦੀਆਂ ਹਦਾਇਤਾਂ/ਨਿਯਮਾਂ ਅਨੁਸਾਰ ਵੈਰੀਫਾਈ/ਚੈੱਕ ਨਹੀਂ ਕਰਵਾਇਆ ਜਾਂਦਾ ਹੈ। ਜਿਸ ਕਾਰਨ ਦਿਵਿਆਂਗ ਲਾਭਪਾਤਰੀਆਂ ਦੀ ਬੈਕਲਾਗ ਸਥਿਤੀ ਸਪੱਸ਼ਟ ਨਾ ਹੋਣ ਕਰਕੇ ਉਨ੍ਹਾਂ ਨੂੰ ਮਿਲਣ ਵਾਲੀ ਤਰੱਕੀ ਦੇ ਲਾਭ ਤੋਂ ਵਾਂਝੇ ਰੱਖਿਆ ਜਾਂਦਾ ਹੈ। ਇਸ ਮੌਕੇ ਯੂਨੀਅਨ ਦੇ ਚੇਅਰਮੈਨ ਸ੍ਰੀ ਸਫ਼ਰੀ ਨੇ ਦੱਸਿਆ ਕਿ ਜ਼ਿਲ੍ਹਾ ਸਿੱਖਿਆ ਦਫਤਰ (ਐਲੀ:) ਅੰਮ੍ਰਿਤਸਰ ਵੱਲੋਂ ਭੂਤਕਾਲ ਸਮੇਂ ਤੋਂ ਤਤਕਾਲ ਸਮੇਂ ਤੀਕ ਦਾ ਰੋਸਟਰ ਰਜਿ: ਵੈਰੀਫਾਈ ਨਾ ਹੋਣ ਕਰਕੇ ਦਿਵਿਯਾਂਗ ਅਧਿਆਪਕ ਅਧਿਆਪਕਾਵਾਂ ਐਚ.ਟੀ/ਸੀ.ਐਚ.ਟੀ ਦੀ ਤਰੱਕੀ ਤੋਂ ਵਾਂਝੇ ਰਹਿ ਗਏ ਹਨ। ਇਸ ਦੌਰਾਨ ਯੂਨੀਅਨ ਦੇ ਆਗੂਆਂ ਨੇ ਸਰਕਾਰ ਦੀਆਂ ਹਦਾਇਤਾਂ ਦੀ ਉਲੰਘਣਾ ਕਰਕੇ ਪਦਉਨਤੀਆਂ ਕਰਨ ਵਾਲੇ ਅਧਿਕਾਰੀਆਂ ਵਿਰੁੱਧ ਕਾਨੂੰਨੀ ਕਾਰਵਾਈ ਕਰਨ ਦੀ ਮੰਗ ਕੀਤੀ ਹੈ। ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫਸਰ ਅੰਮ੍ਰਿਤਸਰ ਦੀ ਸੁਪਰਡੰਟ ਵੱਲੋਂ ਯੂਨੀਅਨ ਆਗੂਆਂ ਨੂੰ ਫੌਰੀ ਕਾਰਵਾਈ ਕਰਨ ਦਾ ਭਰੋਸਾ ਦਿਵਾਇਆ ਗਿਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸੂਬਾ ਸਲਾਹਕਾਰ ਮਨਜੀਤ ਸਿੰਘ ਵਿਰਕ, ਸੂਬਾ ਪ੍ਰੈੱਸ ਸਕੱਤਰ ਹਰਬਿੰਦਰ ਸਿੰਘ ਰਾਣਾ (ਖੁਸ਼ੀਪੁਰ) ਸਲਾਹਕਾਰ ਸੀ.ਐਚ.ਟੀ ਹਰਮਨਦੀਪ ਸਿੰਘ ਛੀਨਾ, ਜਨਰਲ ਸਕੱਤਰ ਸ੍ਰੀ ਕੁਲਜੀਤ ਸਿੰਘ ਵੇਰਕਾ, ਖਜਾਨਚੀ ਹਰਪਾਲ ਸਿੰਘ ਓਠੀਆਂ, ਮੀਤ ਪ੍ਰਧਾਨ ਧਰਮਿੰਦਰ ਸਿੰਘ ਗਿੱਲ, ਦਲਬੀਰ ਸਿੰਘ ਭੱਟੀ, ਲੈਕਚਰਾਰ ਮੁਖਤਿਆਰ ਸਿੰਘ ਗਿੱਲ, ਦਰਸਨ ਲਾਲ ਕਲੋਤਰਾ, ਕਾਬਲ ਸਿੰਘ ਗਿੱਲ, ਡੀ ਪੀ ਈ ਗੁਰਮੇਜ ਸਿੰਘ, ਜਗਜੀਤ ਸਿੰਘ ਵੇਰਕਾ, ਸੀ.ਐਚ.ਟੀ ਤਜਿੰਦਰ ਸਿੰਘ ਸੋਹੀ, ਏ.ਡੀ.ਓ ਪ੍ਰਭਦੀਪ ਸਿੰਘ ਗਿੱਲ, ਮਨਜੀਤ ਸਿੰਘ ਸੋਹੀਆਂ ਖੁਰਦ, ਸਤਿੰਦਰ ਸਿੰਘ ਜਹਾਂਗੀਰ, ਸੁਪਰਡੈਂਟ ਪਲਵਿੰਦਰ ਸਿੰਘ ਲੁੱਧੜ, ਸਰਪੰਚ ਜਸਵੰਤ ਸਿੰਘ ਲੁੱਧੜ, ਚਰਨ ਸਿੰਘ ਮਜਵਿੰਡ, ਸੁਖਬੀਰ ਸਿੰਘ ਕੋਟ ਖਾਲਸਾ ਆਦਿ ਆਗੂ ਵੀ ਹਾਜ਼ਰ ਸਨ।

## ਬਿਹਤਰ ਕੱਲ੍ਹ ਲਈ ਪੇਸ਼ ਕਰ ਰਹੇ ਹਾਂ 5ਜੀ

**ਲੁਧਿਆਣਾ :** ਪ੍ਰਮੁੱਖ ਦੂਰਸੰਚਾਰ ਸੇਵਾ ਪ੍ਰਦਾਤਾ, ਵੀ ਨੇ ਪ੍ਰਗਤੀ ਮੈਦਾਨ, ਨਵੀਂ ਦਿੱਲੀ ਵਿਖੇ ਆਯੋਜਿਤ ਮੈਗਾ ਉਦਯੋਗ ਸਮਾਗਮ, ਇੰਡੀਆ ਮੋਬਾਈਲ ਕਾਂਗਰਸ (ਆਈ ਐਮ ਸੀ ) 2022 ਵਿੱਚ ਆਪਣੇ ਉਪਭੋਗਤਾਵਾਂ ਲਈ 5ਜੀ ਦਾ ਲਾਈਵ ਅਨੁਭਵ ਕੀਤਾ ਪੇਸ਼। ਉਦਯੋਗ ਸੰਮੇਲਨ ਦੇ ਪਹਿਲੇ ਦਿਨ ਮਾਨਯੋਗ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੁਆਰਾ ਭਾਰਤ 'ਚ 5ਜੀ ਲਾਂਚ ਕਰਨ ਦੇ ਨਾਲ, ਵੀ ਨੇ ਹੁਣ ਦਿੱਲੀ ਵਿੱਚ ਆਪਣੇ ਸਾਰੇ ਉਪਭੋਗਤਾਵਾਂ ਨੂੰ ਨੇਕਸਟ- ਜੇਨ 5ਜੀ ਤਕਨਾਲੋਜੀ ਦਾ ਅਨੁਭਵ ਪ੍ਰਾਪਤ ਕਰਨ ਦਾ ਸੱਦਾ ਦਿੱਤਾ। ਵੋਡਾਫੋਨ ਆਈਡੀਆ ਲਿਮਟਿਡ ਦੇ ਸੀਈਓ ਅਕਸੈ ਮੂੰਦਰਾ ਦੇ ਅਨੁਸਾਰ, "ਵੀ ਦੇ 5ਜੀ ਟੈਕਨਾਲੋਜੀ ਸਮਾਧਾਨ ਵੱਖ-ਵੱਖ ਖੇਤਰਾਂ ਵਿੱਚ ਅਸੀਮਤ ਸੰਭਾਵਨਾਵਾਂ ਦੇ ਨਵੇਂ ਦੌਰ ਦਾ ਪ੍ਰਦਰਸ਼ਨ ਕਰਦੇ ਹਨ ਅਤੇ ਭਾਰਤ ਵਿੱਚ ਤਕਨਾਲੋਜੀ ਦੀ ਤਰੱਕੀ ਦਾ ਵਾਅਦਾ ਕਰਦੇ ਹਨ। ਅਗਲੇ ਕੁਝ ਸਾਲਾਂ ਵਿੱਚ ਵੀ 5 ਜੀ ਨੈੱਟਵਰਕ ਅਤੇ ਸੇਵਾਵਾਂ ਦੇ ਪ੍ਰਗਤੀਸੀਲ ਸ਼ੁਰੂਆਤ ਦੇ ਨਾਲ, ਮੈਨੂੰ ਪੂਰਾ ਭਰੋਸਾ ਹੈ ਕਿ ਸਾਡੇ 5ਜੀ ਹੱਲ ਇੱਕ ਅਜਿਹੇ ਕੱਲ੍ਹ ਦਾ ਨਿਰਮਾਣ ਕਰਨਗੇ ਜੋ ਗਾਹਕ ਨੂੰ ਬਿਹਤਰ ਅਨੁਭਵ ਪ੍ਰਦਾਨ ਕਰੇਗਾ।

# ਦੁਸਹਿਰੇ ਦਾ ਤਿਉਹਾਰ ਬੜੇ ਉਤਸ਼ਾਹ ਨਾਲ ਮਨਾਇਆ


ਧਾਰੀਵਾਲ


ਜੰਡਿਆਲਾ ਗੁਰੂ

**ਧਾਰੀਵਾਲ, (ਮਨਦੀਪ ਵਿੱਕੀ)**-ਪਿੰਡ ਡੇਰੀਵਾਲ ਦਰੋਗਾ ਵਿੱਚ ਡਰਾਮਾਟਿਕ ਕਲੱਬ ਰਜ਼ਿ. ਡੇਰੀਵਾਲ ਦੋਰਗਾ ਵੱਲੋਂ ਸਮੂਹ ਨਗਰ ਵਾਸ਼ੀਆਂ ਅਤੇ ਇਲਾਕੇ ਦੇ ਸਹਿਯੋਗ ਨਾਲ ਰਾਮਲੀਲ੍ਹਾ ਸਟੇਡੀਅਮ ਵਿਖੇ ਨੇਕੀ ਅਤੇ ਬਦੀ ਦਾ ਤਿਉਹਾਰ ਦੁਸ਼ਹਿਰਾ ਪੂਰੇ ਉਤਸ਼ਾਹ ਨਾਲ ਮਨਾਇਆ। ਇਸ ਮੌਕੇ ਰੰਗ ਬਰੰਗੀਆਂ ਆਕਰਸ਼ਕ ਸੁੰਦਰ ਝਾਕੀਆਂ ਕੱਢੀਆਂ ਗਈਆਂ। ਇਸ ਮੌਕੇ ਅਯੋਜਿਤ ਸੱਭਿਆਚਾਰਕ ਪ੍ਰੋਗਰਾਮ ਦੌਰਾਨ ਪ੍ਰਸਿੱਧ ਗਾਇਕਾ ਜ਼ੈਨੀ ਜੌਹਲ ਅਤੇ ਗਾਇਕ ਜੋੜੀ ਗੁਰਮੀਤ ਪੰਜਾਬੀ ਤੇ ਹੁਸ਼ਨ ਮੀਤ ਨੇ ਆਪਣੇ ਚਰਚਿਤ ਗੀਤਾ ਦੁਆਰਾ ਦਰਸ਼ਕਾਂ ਦਾ ਖੂਬ ਮੰਨੋਰਜ਼ਨ ਕੀਤਾ। ਉਪਰੰਤ ਸ਼ਾਮ ਨੂੰ ਸ਼ਾਮ ਨੂੰ ਕਲੱਬ ਦੇ ਨੌਜਵਾਨਾਂ ਨੇ ਸੁੰਦਰ ਪਹਿਰਾਵਾ ਪਾ ਕੇ ਰਾਮ ਤੇ ਲਛਮਣ ਦੇ ਰੂਪ ਵਿੱਚ ਤੀਰ ਅੰਦਾਜ਼ੀ ਨਾਲ ਰਾਵਣ ਦੇ ਬੁੱਤ ਨੂੰ ਨਿਸ਼ਾਨੇ ਸਾਧ ਕੇ ਰਾਵਣ ਦੇ ਪੁਤਲੇ ਨੂੰ ਅਗਨੀ ਭੇਟ ਕੀਤਾ। ਇਸ ਮੌਕੇ ਡਰਾਮਾਟਿਕ ਕਲੱਬ ਤੇ ਦੂਸਹਿਰਾ ਕਮੇਟੀ ਦੇ ਪ੍ਰਧਾਨ ਬਚਿੱਤਰ ਪਾਲ, ਖਜਾਨਚੀ ਮਾਸਟਰ ਸੰਭੂ ਨਾਥ, ਰਾਜੂ ਖੈਹਿਰਾ, ਜੋਗਿੰਦਰਪਾਲ ਬਿੱਟੂ,ਮੋਹਨ ਲਾਲ, ਕੇਵਲ ਕਿਸ਼ਨ, ਕਮਲ ਘੁੰਮਣ, ਪੰਕਜ, ਛੋਟਾ ਰਾਜੂ, ਵਰਿੰਦਰ ਸ਼ਰਮਾ, ਗਿਆਨ ਸਿੰਘ, ਤਰਲੋਕ ਚੰਦ, ਸੌਰਵ ਭਾਰਦਵਾਜ, ਮਸਹਿਤ ਕੁਮਾਰ ਰਾਜਨ, ਬਾਬਾ ਅਜੈਬ ਸਿੰਘ ਧਾਰੀਵਾਲ ਕਲਾਂ ਆਦਿ ਸਮੇਤ ਹੋਰ ਵੀ ਆਗੂਆਂ ਤੋਂ ਇਲਾਵਾ ਸਮੂਹ ਨਗਰ ਵਾਸ਼ੀ ਅਤੇ ਇਲਾਕਾ ਭਰ ਤੋਂ ਲੋਕ ਹਾਜ਼ਰ ਸਨ।

ਇਸ ਤਰ੍ਹਾਂ ਧਾਰੀਵਾਲ ਦੀਆਂ ਵੱਖ ਵੱਖ ਰਾਮਲੀਲ੍ਹਾ ਡਰਾਮਾਟ੍ਰਿਕ ਕਲੱਬਾਂ ਵੱਲੋਂ ਗਰਾਊਂਡ ਵਿੱਚ ਸੁੰਦਰ ਆਕਰਸ਼ਕ ਝਾਕੀਆਂ ਕੱਢੀਆਂ ਗਈਆਂ। ਇਸ ਮੌਕੇ ਆਮ ਆਦਮੀ ਪਾਰਟੀ ਜ਼ਿਲ੍ਹਾ ਗੁਰਦਾਸਪੁਰ ਦੇ ਇੰਚਾਰਜ ਐਡਵੋਕੇਟ ਜਗਰੂਪ ਸਿੰਘ ਸੇਖਵਾਂ, ਸ਼੍ਰੋਮਣੀ ਅਕਾਲੀ ਦਲ ਦੇ ਕੌਮੀ ਸਕੱਤਰ ਗੁਰਇਕਬਾਲ ਸਿੰਘ ਮਾਹਲ, ਇੰਡਸਟਰੀ ਡਿਵੈਲਪਮੈਂਟ ਬੋਰਡ ਪੰਜਾਬ ਦੇ ਉੱਪ ਚੇਅਰਮੈਨ ਵਜ਼ੀਰ ਸਿੰਘ ਲਾਲੀ ਨੇ ਵਿਸ਼ੇਸ਼ ਤੌਰ 'ਤੇ ਪਹੁੰਚ ਕੇ ਦੁਸ਼ਹਿਰਾ ਕਮੇਟੀ ਅਤੇ ਸਮੂਹ ਸ਼ਹਿਰ ਵਾਸੀਆਂ ਤੇ ਇਲਾਕੇ ਭਰ ਤੋਂ ਆਏ ਲੋਕਾਂ ਨੂੰ ਵਧਾਈ ਦਿੰਦੇ ਹੋਏ ਕਿਹਾ ਸਾਨੂੰ ਪਾਰਟੀਬਾਜੀ ਤੋਂ ਉਪਰ ਉੱਠ ਕੇ ਸਾਰੇ ਤਿਉਹਾਰ ਆਪਸ ਵਿੱਚ ਰਲ-ਮਿਲ ਕੇ ਮਨਾਉਣੇ ਚਾਹੀਦੇ ਹਨ। ਇਸ ਮੌਕੇ ਪ੍ਰਬੰਧਕਾਂ ਵਲੋਂ ਆਏ ਮਹਿਮਾਨਾਂ ਅਤੇ ਹੋਰ ਮੁੱਖ ਸਖਸ਼ੀਅਤਾਂ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਉਪਰੰਤ ਰਾਵਣ, ਕੁੰਭਕਰਨ ਅਤੇ ਮੇਘਨਾਥ ਦੇ ਬੁੱਤਾਂ ਨੂੰ ਅਗਨੀ ਭੇਟ ਕੀਤਾ ਗਿਆ। ਇਸ ਮੌਕੇ ਦੁਸਹਿਰਾ ਕਮੇਟੀ ਦੇ ਪ੍ਰਧਾਨ ਦੀਪਕ ਕੁਮਾਰ ਰਿੰਟੂ, ਸਰਪ੍ਰਸਤ ਤਹਿਸੀਲਦਾਰ ਅਰਵਿੰਦ ਸਲਵਾਨ, ਨਾਇਬ ਤਹਿਸੀਲਦਾਰ ਇੰਦਰਜੀਤ ਕੌਰ ਰਿਆੜ, ਐਡੋਵਕੇਟ ਰਾਕੇਸ਼ ਰਣੀਆਂ, ਰਾਜਿੰਦਰ ਵਾਈਨ ਗਰੁੱਪ ਦੇ ਸੌਰਵ ਤੁਲੀ, ਕੁਲਦੀਪ ਸਿੰਘ ਟੋਨੀ, ਰਾਕੇਸ਼ ਪੰਡਿਤ, ਨੌਨੀ ਖੋਸਲਾ, ਕੌਂਸਲਰ ਪਵਨ ਅਬਰੋਲ, ਕੌਂਸਲਰ ਡਾ.ਇੰਦਰਿਆਸ ਹੰਸ, ਕਰਨੈਲ ਸਿੰਘ, ਹਨੀ ਮਹਾਜਨ, ਸਾਬਕਾ ਕੌਂਸਲਰ ਰਮੇਸ਼ ਮੇਸ਼ਾ, ਬ੍ਰਹਮਦੱਤ ਸ਼ਰਮ,ਸਤੀਸ਼ ਵੋਹਰਾ, ਗੁਰਦੇਵ ਸਾਹੀ, ਬਲਦੇਵ ਸਿੰਘ ਨਿਮਾਣਾ, ਰਮਨ ਸਿਆਲ, ਰੋਸ਼ਨ ਕੋਹਲੀ, ਬੱਬਾ ਗਿੱਲ,ਰਜਨੀਸ਼ ਸੂਦ, ਅਜੈ ਮੱਟੂ,ਬੰਟੀ ਸ਼ਰਮਾ, ਮੁਖਵੰਤ ਸਿੰਘ ਨਾਗੀ, ਸਰਪੰਚ ਹਰਪਾਲ ਸਿੰਘ ਕੰਗ, ਸੰਜੀਵ ਸੋਨੀ, ਗੋਪਾਲ ਸ਼ਰਮਾ,ਮਨਿੰਦਰਪਾਲ ਸਿੰਘ ਘੁੰਮਣ, ਭੁਪਿੰਦਰ ਰਿੰਕਾ ਖੁੰਡਾ, ਜਿਲ੍ਹੇਦਾਰ ਗੁਰਬਚਨ ਸਿੰਘ,ਹਰਦੇਵ ਸਿੰਘ ਦੇਬੀ ਆਦਿ ਸਮੇਤ ਸ਼ਹਿਰ ਵਾਸੀ ਅਤੇ ਇਲਾਕੇ ਦੇ ਲੋਕ ਵੱਡੀ ਗਿਣਤੀ ਵਿੱਚ ਹਾਜ਼ਰ ਸਨ।


ਚੋਹਲਾ ਸਾਹਿਬ/ਸਰਹਾਲੀ ਕਲਾਂ

**ਜੰਡਿਆਲਾ ਗੁਰੂ, (ਹਰਿੰਦਰ ਪਾਲ ਸਿੰਘ )** ਜੰਡਿਆਲਾ ਗੁਰੂ ਵਿਖੇ ਸ੍ਰੀ ਰਾਮਨੌਮੀ ਕਮੇਟੀ ਵੱਲੋਂ ਦੁਸਹਿਰੇ ਦਾ ਤਿਉਹਾਰ ਬੜੇ ਉਤਸ਼ਾਹ ਤੇ ਸ਼ਰਧਾ ਨਾਲ ਮਨਾਇਆ ਗਿਆ। ਇਸ ਮੌਕੇ ਕੈਬਨਿਟ ਮੰਤਰੀ ਪੰਜਾਬ ਹਰਭਜਨ ਸਿੰਘ ਈ ਟੀ ਓ ਮੁੱਖ ਮਹਿਮਾਨ ਵਜੋਂ ਪੁੱਜੇ। ਉਨ੍ਹਾਂ ਨੇ ਇਸ ਸ਼ੁਭ ਅਵਸਰ ਦੀ ਮੁਬਾਰਕਬਾਦ ਦਿੰਦੇ ਸ਼ਹਿਰ ਵਾਸੀਆਂ ਨੂੰ ਸਮਾਜ ਦੇ ਭਲੇ ਲਈ ਅੱਗੇ ਆਉਣ ਦਾ ਸੱਦਾ ਦਿੱਤਾ। ਉਨ੍ਹਾਂ ਕਿਹਾ ਕਿ ਸਾਨੂੰ ਸਭ ਨੂੰ ਸਮਾਜ ਦੀ ਭਲਾਈ ਲਈ ਇਕਜੁਟ ਹੋ ਕੇ ਕੰਮ ਕਰਨੇ ਚਾਹੀਦੇ ਹਨ। ਇਸ ਮੌਕੇ ਦੁਸਹਿਰਾ ਕਮੇਟੀ ਵੱਲੋਂ ਹਰਭਜਨ ਸਿੰਘ ਈ ਟੀ ਓ ਦਾ ਸਨਮਾਨ ਵੀ ਕੀਤਾ ਗਿਆ ਅਤੇ ਹਰਭਜਨ ਸਿੰਘ ਦੀ ਅਗਵਾਈ ਵਿੱਚ ਰਾਵਣ, ਮੇਘਨਾਥ ਅਤੇ ਕੁੰਭਕਰਨ ਦੇ ਪੁਤਲਿਆਂ ਨੂੰ ਅਗਨ ਭੇਟ ਕੀਤਾ ਗਿਆ। ਇਸ ਮੌਕੇ ਹਰਭਜਨ ਸਿੰਘ ਈ.ਟੀ.ਓ ਦੇ ਪਤਨੀ ਸੁਹਿੰਦਰ ਕੌਰ, ਮਾਤਾ ਸੁਰਿੰਦਰ ਕੌਰ, ਸੂਬੇਦਾਰ ਛਨਾਖ ਸਿੰਘ, ਸਰਬਜੀਤ ਸਿੰਘ ਡਿੰਪੀ, ਨਰੇਸ਼ ਪਾਠਕ, ਦਿਨੇਸ਼ ਬਜਾਜ, ਰੌਕੀ ਜੈਨ, ਐਸ.ਓ ਗਗਨਦੀਪ ਸਿੰਘ, ਨਗਰ ਕੌਂਸਲ ਪ੍ਰਧਾਨ ਸੰਜੀਵ ਕੁਮਾਰ ਲਵਲੀ,ਮੀਤ ਪ੍ਰਧਾਨ ਰਣਧੀਰ ਸਿੰਘ ਧੀਰਾ, ਸਾਬਕਾ ਪ੍ਰਧਾਨ ਨਗਰ ਕੌਂਸਲ ਰਵਿੰਦਰਪਾਲ ਸਿੰਘ ਕੁੱਕੂ, ਪਰੀਕਸ਼ਿਤ ਸ਼ਰਮਾ, ਕੁਲਵੰਤ ਸਿੰਘ, ਐਡਵੋਕੇਟ ਮਨੀ ਚੋਪੜਾ,ਪ੍ਰਧਾਨ ਜੰਡਿਆਲਾ ਪ੍ਰੈਸ ਕਲੱਬ ਵਰਿੰਦਰ ਸਿੰਘ ਮਲਹੋਤਰਾ ,ਪੁਨੀਤ ਭੋਲਾ ,ਰਿੰਕੂ ਢੋਟ, ਸਤਿੰਦਰ ਸਿੰਘ, ਸੋਨੀ ਰੰਧਾਵਾ ਤੋਂ ਇਲਾਵਾ ਐਸਪੀ ਜਸਵੰਤ ਕੌਰ, ਡੀ ਐਸ ਪੀ ਜੰਡਿਆਲਾ ਕੁਲਦੀਪ ਸਿੰਘ, ਐਸ ਐਚ ਓ ਅਮੋਲਕ ਸਿੰਘ, ਐਸ ਐਚ ਓ ਗੁਰਵਿੰਦਰ ਸਿੰਘ ਆਦਿ ਹਾਜ਼ਰ ਸਨ।

**ਚੋਹਲਾ ਸਾਹਿਬ/ਸਰਹਾਲੀ ਕਲਾਂ (ਹਰਪ੍ਰੀਤ ਸਿੰਘ ਚੰਬਾ, ਰਮਨ ਚੱਢਾ)** ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਇਲਾਕੇ ਦੀ ਮਹਾਨ ਵਿੱਦਿਅਕ ਸੰਸਥਾ ਐਮ. ਐਸ. ਐਮ.ਕਾਨਵੈਂਟ ਸਕੂਲ ਧੁੰਨ ਰੋਡ ਚੋਹਲਾ ਸਾਹਿਬ ਵਿਖੇ ਸਕੂਲ ਦੇ ਚੇਅਰਮੈਨ ਡਾ: ਉਪਕਾਰ ਸਿੰਘ ਸੰਧੂ ਅਤੇ ਪ੍ਰਿੰਸੀਪਲ ਜਸਪਾਲ ਕੌਰ ਸਿੱਧੂ ਦੀ ਅਗਵਾਈ ਹੇਠ ਬੁਰਾਈ ਉੱਪਰ ਚੰਗਿਆਈ ਦੀ ਜਿੱਤ ਦੁਸਹਿਰਾ ਮਨਾਇਆ ਗਿਆ। ਜਾਣਕਾਰੀ ਦਿੰਦੇ ਹੋਏ ਸਕੂਲ ਪ੍ਰਿੰਸੀਪਲ ਨੇ ਦੱਸਿਆ ਕਿ ਸਕੂਲ ਦੀਆਂ ਵੱਖ ਵੱਖ ਕਲਾਸਾਂ ਦੇ ਬੱਚਿਆਂ ਵੱਲੋਂ ਦੁਸਹਿਰੇ 'ਤੇ ਵਿਸ਼ੇਸ਼ ਪ੍ਰੋਗਰਾਮ ਵਿੱਚ ਹਿੱਸਾ ਲਿਆ ਅਤੇ ਬੱਚਿਆਂ ਨੂੰ ਇਸ ਸੰਬੰਧੀ ਭਰਪੂਰ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਬੱਚਿਆਂ ਨੂੰ ਸਿਖਾਇਆ ਗਿਆ ਕਿ ਜਿਹੜੇ ਇਨਸਾਨ ਸਮਾਜ ਵਿੱਚ ਬੁਰਾਈ ਕਰਦੇ ਹਨ ਉਹਨਾਂ ਦਾ ਹਾਲ ਮਾੜਾ ਹੁੰਦਾ ਹੈ, ਇਸ ਲਈ ਸਾਨੂੰ ਹਮੇਸ਼ਾ ਚੰਗਿਆਈ ਦੇ ਰਸਤੇ 'ਤੇ ਚੱਲਣਾ ਚਾਹੀਦਾ ਹੈ।

## ਨਗਰ ਪੰਚਾਇਤ ਅਜਨਾਲਾ ਵੱਲੋਂ ਦਵਿੰਦਰ ਸਿੰਘ ਸੋਨੂੰ ਬ੍ਰਾਂਡ ਅੰਬੈਸਡਰ ਨਿਯੁਕਤ

**ਅਜਨਾਲਾ (ਸੁਖਤਿੰਦਰ ਸਿੰਘ)**-ਨਗਰ ਪੰਚਾਇਤ ਅਜਨਾਲਾ ਵੱਲੋਂ ਸਵੱਛ ਭਾਰਤ 2023 ਲਈ ਅਜਨਾਲਾ ਦੇ ਹੋਣਹਾਰ ਨਾਗਰਿਕ ਦਵਿੰਦਰ ਸਿੰਘ ਸੋਨੂੰ ਵਾਰਡ ਨੰ.15 ਸਮਾਜ ਸੇਵੀ ਨੂੰ ਆਪਣਾ ਬ੍ਰਾਂਡ ਅੰਬੈਸਰਡਰ ਨਿਯੁਕਤ ਕੀਤਾ ਹੈ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਦਵਿੰਦਰ ਕੁਮਾਰ ਠਾਕੁਰ ਸੈਨਟਰੀ ਇੰਸਪੈਕਟਰ ਨੇ ਦੱਸਿਆ ਕਿ ਉਹ ਅਜਨਾਲਾ ਦੇ ਲੋਕਾਂ ਨੂੰ ਨਗਰ ਪੰਚਾਇਤ ਅਜਨਾਲਾ ਦੇ ਅਧਿਕਾਰੀਆ ਨਾਲ ਸੁੱਕਾ ਕੂੜਾ,ਗਿੱਲਾ ਕੂੜਾ ਸਵੱਛ ਭਾਰਤ ਮੁਹਿਮ ਦੀਆ ਗਾਈਡ ਲਾਈਨਾਂ ਸਬੰਧੀ ਜਾਗਰੂਕ ਕਰਕੇ ਇਸ ਸਮਾਜ ਸੇਵਾ ਵਿੱਚ ਆਪਣਾ ਯੋਗਦਾਨ ਪਾਉਣਗੇ। ਇਸ ਮੌਕੇ ਨਵ ਨਿਯੁਕਤ ਬ੍ਰਾਂਡ ਅੰਬੈਸਰਡਰ ਦਵਿੰਦਰ ਸਿੰਘ ਸੋਨੂੰ ਨੇ ਨਗਰ ਪੰਚਾਇਤ ਅਜਨਾਲਾ ਵੱਲੋਂ ਸੌਂਪੀ ਗਈ ਜ਼ਿੰਮੇਵਾਰੀ ਨੂੰ ਪੂਰੀ ਤਨਦੇਹੀ ਨਾਲ ਨਿਭਾਉਣ ਦਾ ਯਕੀਨ ਦਿਵਾਇਆ। ਉਹਨਾਂ ਕਿਹਾ ਕਿ ਉਹ ਅਜਨਾਲਾ ਸ਼ਹਿਰ ਨੂੰ ਸਾਫ ਸੁਥਰਾ ਰੱਖਣ ਲਈ ਆਪਣਾ ਪੂਰਾ ਯੋਗਦਾਨ ਪਾਉਣਗੇ ਅਤੇ ਸ਼ਹਿਰ ਵਾਸੀਆਂ ਨੂੰ ਪੂਰਨ ਸਹਿਯੋਗ ਦੇਣ ਦੀ ਬੇਨਤੀ ਕੀਤੀ।



## ਸਵੀਪ ਟੀਮ ਵੱਲੋਂ ਵੋਟਰ ਆਧਾਰ ਕਾਰਡ ਲਿੰਕਡ ਸੈਮੀਨਾਰ

**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**
ਡਿਪਟੀ ਕਮਿਸ਼ਨਰ ਗੁਰਦਾਸਪੁਰ ਕਮ ਜ਼ਿਲ੍ਹਾ ਚੋਣ ਅਫਸਰ ਗੁਰਦਾਸਪੁਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਅਤੇ ਜ਼ਿਲ੍ਹਾ ਸਵੀਪ ਨੋਡਲ ਅਫਸਰ ਹਰਪਾਲ ਸਿੰਘ ਸੰਧਾਵਾਲੀਆ ਦੀ ਯੋਗ ਅਗਵਾਈ ਹੇਠ ਵਿਧਾਨ ਸਭਾ ਹਲਕਾ ਡੇਰਾ ਬਾਬਾ ਨਾਨਕ ਦਾ ਇੱਕ ਵਿਸ਼ੇਸ਼ ਵੋਟਰ ਆਧਾਰ ਲਿੰਕਡ ਜਾਗਰੂਕਤਾ ਪ੍ਰੋਗਰਾਮ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਡੇਰਾ ਬਾਬਾ ਨਾਨਕ ਲੜਕੀਆਂ ਵਿਖੇ ਆਯੋਜਿਤ ਕੀਤਾ ਗਿਆ । ਇਸ ਵਿੱਚ ਜ਼ਿਲ੍ਹਾ ਸਵੀਪ ਟੀਮ ਮੈਂਬਰ ਅਮਰਜੀਤ ਸਿੰਘ ਪੁਰੇਵਾਲ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਪੁਰੇਵਾਲ ਨੇ ਸੰਬੋਧਨ ਦੌਰਾਨ ਵੋਟਰਾਂ ਨੂੰ ਵੋਟਰ ਕਾਰਡ ਨੂੰ ਆਧਾਰ ਕਾਰਡ ਨਾਲ ਲਿੰਕ ਕਰਨ ਬਾਰੇ ਜਾਗਰੂਕ ਕੀਤਾ । ਉਨ੍ਹਾ ਦੱਸਿਆ ਕਿ ਆਨਲਾਈਨ ਮਾਧਿਅਮ ਰਾਹੀਂ ਅਸੀਂ ਵੋਟਰ ਹੈਲਪਲਾਈਨ ਐਪ ਡਾਊਨਲੋਡ ਕਰਕੇ ਬਹੁਤ ਹੀ ਜਲਦੀ ਇਹ ਪ੍ਰਕਿਰਿਆ ਪੂਰੀ ਕਰ ਸਕਦੇ ਹਾਂ। ਜਦੋਂਕਿ ਆਫ਼ਲਾਈਨ ਮਾਧਿਅਮ ਰਾਹੀਂ ਸੰਬੰਧਤ ਬੀ ਐੱਲ ਓ ਨਾਲ ਤਾਲਮੇਲ ਕਰਨਾ ਚਾਹੀਦਾ ਹੈ । ਉਨ੍ਹਾਂ ਕਿਹਾ ਕਿ ਇਸ ਵਾਰ ਇਲੈਕਸ਼ਨ ਕਮਿਸ਼ਨ ਆਫ ਇੰਡੀਆ ਵੱਲੋਂ ਵੋਟਰਾਂ ਦੀ ਸਹੂਲਤ ਲਈ ਸਾਲ ਵਿੱਚ 4 ਵਾਰ ਨਵੀਆਂ ਵੋਟਾਂ ਬਣਾਉਣ ਦੀ ਸਹੂਲਤ ਪ੍ਰਦਾਨ ਕੀਤੀ ਹੈ ਅਤੇ ਸਾਨੂੰ ਸਾਰਿਆਂ ਨੂੰ ਇਸ ਦਾ ਵੱਧ ਤੋਂ ਵੱਧ ਲਾਭ ਲੈਣਾ ਚਾਹੀਦਾ ਹੈ । ਇਸ ਮੌਕੇ ਸੁਪਰਵਾਈਜ਼ਰ ਦਵਿੰਦਰ ਕੁਮਾਰ ਨੇ ਸਮੂਹ ਵੋਟਰਾਂ ਨੂੰ ਆਪਣੇ ਹੱਕ ਦਾ ਇਸਤੇਮਾਲ ਕਰਨ ਸਬੰਧੀ ਜਾਗਰੂਕ ਕੀਤਾ। ਬੀ ਐਲ ਓ ਅਨਿਲ ਕੁਮਾਰ ਅਤੇ ਸਾਉਣ ਸਿੰਘ ਨੇ ਵੀ ਐਪਿਕ ਕਾਰਡ ਡਾਊਨਲੋਡ ਕਰਨ, ਨਵੀਂ ਵੋਟ ਬਣਾਉਣ ਅਤੇ ਕਟਵਾਉਣ ਬਾਰੇ ਚਾਨਣਾ ਪਾਇਆ । ਇਸ ਮੌਕੇ ਬੀ ਐੱਲ ਓ ਗੋਪਾਲ ਦਾਸ, ਮਲੂਕ ਸਿੰਘ, ਕਰਨਦੀਪ , ਗੁਰਵਿੰਦਰ ਸਿੰਘ, ਰਣਜੀਤ ਸਿੰਘ, ਜਰਮਨਜੀਤ ਸਿੰਘ, ਚਰਨੀ, ਮਨਜੀਤ ਕੌਰ ਅਤੇ ਕਮਲਜੀਤ ਸਿੰਘ ਇੰਚਾਰਜ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਸਿੰਘਪੁਰਾ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ ।



